ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

24-30 ਮਈ 2023

ਸਾਲ 14ਵਾਂ - ਅੰਕ 22


email : info@sadelok.com
Ph. : 510-706-1300
Fax : 925-373-1300


## ਸ਼ਹੀਦੀ ਦਿਹਾੜੇ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਸਿਡਨੀ ਅਸਟਰੇਲੀਆ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਸ਼ਰਧਾਜਲੀ



(ਦੇਖੋ ਸਫ਼ਾ 28-29 'ਤੇ)

## ਗ਼ਦਰ ਲਹਿਰ ਦੇ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ



36

## ਸਿੱਖ-ਵਿਰੋਧੀ ਦੰਗੇ: ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ



10

## ਸਾਰੇ ਚੈਨਲਾਂ ਨੂੰ ਗੁਰਬਾਣੀ ਪ੍ਰਸਾਰਣ ਦੇ ਅਧਿਕਾਰ ਮਿਲਣ: ਭਗਵੰਤ ਮਾਨ

## ਸ਼੍ਰੋਮਣੀ ਕਮੇਟੀ ਗੁਰੂ ਘਰਾਂ ਦਾ ਪ੍ਰਬੰਧ ਕਰਨ ਦੇ ਸਮਰੱਥ: ਹਰਜਿੰਦਰ ਸਿੰਘ ਧਾਮੀ





16

# ਗ਼ਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਲੋਂ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ




ਸਟਾਕਟਨ/ਕੈਲੀਫੋਰਨੀਆ : ਗ਼ਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਵਲੋਂ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ ਨਾਲ ਸ਼ਰਧਾਜਲੀ ਦਿੱਤੀ ਗਈ। ਵੱਖ-ਵੱਖ ਪੰਥ ਦੇ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਪੰਥਕ ਬੁਲਾਰਿਆਂ ਨੇ ਸੰਬੋਧਨ ਕੀਤਾ ਜਿਨ੍ਹਾਂ ਵਿੱਚ ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸੀਨੀਅਰ ਸਿੱਖ ਆਗੂ ਭਾਈ ਸੁਖਵਿੰਦਰ ਸਿੰਘ ਥਾਣਾ, ਗੁਰਦੁਆਰਾ ਸਾਹਿਬ ਸਟਾਕਟਨ ਦੇ ਜਨਰਲ ਸੈਕਟਰੀ ਸ੍ਰ. ਜਤਿੰਦਰ ਸਿੰਘ ਪੰਮਾ ਆਦਿ ਹਨ।

ਇਸ ਬਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਜਥੇਬੰਦੀ ਦੇ ਅਮਰੀਕਾ ਤੋਂ ਬੁਲਾਰੇ ਭਾਈ ਹਰਮਿੰਦਰ ਸਿੰਘ ਸਮਾਣਾ ਨੇ ਉਨ੍ਹਾਂ ਦੀ ਜੀਵਨੀ ਉਪਰ ਵਿਸਥਾਰਪੂਰਵਕ ਚਾਨਣਾ ਪਾਇਆ। ਭਾਈ ਹਰਮਿੰਦਰ ਸਿੰਘ ਸਮਾਣਾ ਨੇ ਕੋਈ ਸਿਆਸੀ ਸਪੀਚ ਨਹੀਂ ਕੀਤੀ ਸਗੋਂ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੇ ਪਰਿਵਾਰ ਨੇ ਪੰਥ ਲਈ ਸ਼ਹਾਦਤਾਂ ਦੀ ਝੜੀ ਲਾ ਦਿੱਤੀ। ਦਾਦਾ ਪਿਓ, ਮਾਤਾ, ਭਰਾ ਅਤੇ ਹੋਰ ਕਈ ਪਰਿਵਾਰਾਂ ਦੇ ਜੀਅ ਅਸਹਿ ਤੇ ਅਕਹਿ ਤਸੀਹੇ

(ਦੇਖੋ ਸਫ਼ਾ 30-31 'ਤੇ)

# Senator Kristen Gillibrand New York ਵਲੋਂ ਸਿੱਖ ਮਸਲਿਆਂ 'ਤੇ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਸਿੱਖ ਆਗੂਆਂ ਨਾਲ ਮੁਲਾਕਾਤ



(ਦੇਖੋ ਸਫ਼ਾ 32 'ਤੇ)

## ਜਸਵੰਤ ਸਿੰਘ ਬਿਰਦੀ ਨੇ ਰਚਿਆ ਇਤਿਹਾਸ, ਬਰਤਾਨੀਆ ਦੇ ਸ਼ਹਿਰ ਕੋਵੈਂਟਰੀ ਦੇ ਪਹਿਲੇ ਦਸਤਾਰਧਾਰੀ ਲਾਰਡ ਮੇਅਰ ਬਣੇ



ਲੰਡਨ : ਬ੍ਰਿਟੇਨ ਦੇ ਸ਼ਹਿਰ ਕਾਵੈਂਟਰੀ ਵਿੱਚ ਰਹਿਣ ਵਾਲੇ ਇੱਕ ਸਥਾਨਕ ਬ੍ਰਿਟਿਸ਼ ਸਿੱਖ ਕੌਂਸਲਰ ਨੇ ਇੰਗਲੈਂਡ ਦੇ ਮੱਧ ਸ਼ਹਿਰ ਦਾ ਪਹਿਲਾ ਦਸਤਾਰਧਾਰੀ ਲਾਰਡ ਮੇਅਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਜਸਵੰਤ ਸਿੰਘ ਬਿਰਦੀ ਦਾ ਜਨਮ ਪੰਜਾਬ ਵਿੱਚ ਹੋਇਆ ਅਤੇ ਉਨ੍ਹਾਂ ਨੇ ਆਪਣੇ ਬਚਪਨ ਦਾ ਕੁਝ ਸਮਾਂ ਪੱਛਮੀ ਬੰਗਾਲ ਦੇ ਕੋਲਕਾਤਾ ਵਿੱਚ ਬਿਤਾਇਆ ਸੀ। 60 ਸਾਲ ਪਹਿਲਾਂ ਉਹ ਕਾਵੈਂਟਰੀ ਆ ਗਏ ਸਨ ਅਤੇ 16 ਸਾਲਾਂ ਤੱਕ ਸ਼ਹਿਰ ਵਿੱਚ ਸਥਾਨਕ ਕੌਂਸਲਰ ਵਜੋਂ ਸੇਵਾ ਨਿਭਾ ਚੁੱਕੇ ਹਨ।

ਉਨ੍ਹਾਂ ਨੇ ਹਾਲ ਹੀ ਵਿੱਚ ਲਾਰਡ ਮੇਅਰ ਦੇ ਰੂਪ ਵਿਚ ਆਪਣਾ ਨਵਾਂ ਅਹੁਦਾ ਸੰਭਾਲਿਆ ਅਤੇ ਉਨ੍ਹਾਂ ਦੀ ਪਤਨੀ ਕ੍ਰਿਸ਼ਨਾ ਲਾਰਡ ਮੇਅਰਸ ਬਣੀ। ਬਿਰਦੀ ਨੇ ਕਿਹਾ, 'ਮੈਨੂੰ ਆਪਣੇ ਗੋਦ ਲਏ ਗਏ ਸ਼ਹਿਰ ਦਾ ਲਾਰਡ ਮੇਅਰ ਬਣਨ 'ਤੇ ਬਹੁਤ ਮਾਣ ਹੈ। ਇਸਨੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਸਾਲਾਂ ਦੌਰਾਨ ਬਹੁਤ ਕੁਝ ਦਿੱਤਾ ਹੈ ਅਤੇ ਹੁਣ ਸ਼ਹਿਰ ਪ੍ਰਤੀ ਆਪਣਾ ਪਿਆਰ ਦਿਖਾ ਕੇ ਮੈਨੂੰ ਬਹੁਤ ਮਾਣ

(ਦੇਖੋ ਸਫ਼ਾ 18 'ਤੇ)

## ਸ਼ੇਰਗਿੱਲ ਪ੍ਰਵਾਰ ਨੂੰ ਭਾਰੀ ਸਦਮਾ-ਨੌਜਵਾਨ ਪੁੱਤਰ ਸ੍ਰ. ਮਨਜਿੰਦਰ ਸਿੰਘ ਸ਼ੇਰਗਿੱਲ ਨਹੀਂ ਰਹੇ



(ਦੇਖੋ ਸਫ਼ਾ 25 'ਤੇ)


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਖ਼ਰਾਬ ਮੌਸਮ ਕਾਰਨ ਪਿਛਲੇ 50 ਸਾਲਾਂ 'ਚ 20 ਲੱਖ ਲੋਕਾਂ ਦੀ ਮੌਤ, 4300 ਅਰਬ ਡਾਲਰ ਦਾ ਨੁਕਸਾਨ



ਜਿਨੇਵਾ : ਦੁਨੀਆ ਭਰ ਵਿਚ ਪਿਛਲੇ 50 ਸਾਲਾਂ ਦੌਰਾਨ ਗੰਭੀਰ ਮੌਸਮ ਸੰਬੰਧੀ ਕਰੀਬ 12,000 ਘਟਨਾਵਾਂ ਵਾਪਰੀਆਂ ਹਨ, ਜਿਸ ਦੇ ਨਤੀਜੇ ਵਜੋਂ 20 ਲੱਖ ਤੋਂ ਵੱਧ ਮੌਤਾਂ ਹੋਈਆਂ ਅਤੇ 4300 ਅਰਬ ਡਾਲਰ ਦਾ ਆਰਥਿਕ ਨੁਕਸਾਨ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਮੌਸਮ ਵਿਗਿਆਨ ਏਜੰਸੀ ਵਿਸ਼ਵ ਮੌਸਮ ਵਿਗਿਆਨ ਸੰਗਠਨ (WMO) ਨੇ ਇਹ ਜਾਣਕਾਰੀ ਦਿੱਤੀ। ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਇਹ ਅੰਕੜੇ ਅਜਿਹੇ ਸਮੇਂ ਜਾਰੀ ਕੀਤੇ ਹਨ ਜਦੋਂ ਇਸ ਦੇ ਮੈਂਬਰ ਦੇਸ਼ਾਂ ਦੀ ਚਾਰ ਸਾਲਾਂ 'ਚ ਇਕ ਵਾਰ ਹੋਣ ਵਾਲੀ ਕਾਂਗਰਸ ਦੀ ਬੈਠਕ ਸ਼ੁਰੂ ਹੋ ਰਹੀ ਹੈ। ਬੈਠਕ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ 2027 ਤੱਕ ਮੌਸਮ ਸਬੰਧੀ ਗੰਭੀਰ ਘਟਨਾਵਾਂ ਲਈ ਚੇਤਾਵਨੀ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਹੋਰ ਯਤਨ ਕੀਤੇ ਜਾਣ ਦੀ ਲੋੜ ਹੈ।

ਜਿਨੇਵਾ ਸਥਿਤ ਏਜੰਸੀ ਨੇ ਵਾਰ-ਵਾਰ ਮਨੁੱਖ ਵੱਲੋਂ ਬਣਾਏ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਬਾਰੇ ਚੇਤਾਵਨੀ ਦਿੱਤੀ ਹੈ। ਸੰਯੁਕਤ ਰਾਸ਼ਟਰ ਦੀ ਏਜੰਸੀ ਨੇ ਕਿਹਾ ਕਿ ਵਧ ਰਹੇ ਤਾਪਮਾਨ ਕਾਰਨ ਹੜ੍ਹ, ਤੂਫਾਨ, ਚੱਕਰਵਾਤ ਅਤੇ ਸੋਕੇ ਸਮੇਤ ਮੌਸਮ ਸੰਬੰਧੀ ਗੰਭੀਰ ਘਟਨਾਵਾਂ ਵਿੱਚ ਵਾਧਾ ਹੋਇਆ ਹੈ। WMO ਦਾ ਕਹਿਣਾ ਹੈ ਕਿ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਨੇ ਜਲਵਾਯੂ ਅਤੇ ਹੋਰ ਮੌਸਮ ਨਾਲ ਸਬੰਧਤ ਆਫ਼ਤਾਂ ਨਾਲ ਜੁੜੀਆਂ ਮੌਤਾਂ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ। WMO ਦੇ ਅਨੁਸਾਰ, ਮੌਸਮ ਸਬੰਧੀ ਗੰਭੀਰ ਘਟਨਾਵਾਂ ਕਾਰਨ 1970 ਅਤੇ 2021 ਦੇ ਵਿਚਕਾਰ ਅਮਰੀਕਾ ਵਿੱਚ ਸਭ ਤੋਂ ਵੱਧ ਆਰਥਿਕ ਨੁਕਸਾਨ ਹੋਇਆ ਹੈ।

ਇਹਨਾਂ ਘਟਨਾਵਾਂ ਨੇ ਅਮਰੀਕਾ ਵਿੱਚ ਕੁੱਲ 1700 ਅਰਬ ਡਾਲਰ ਦਾ ਨੁਕਸਾਨ ਕੀਤਾ, ਜਦੋਂ ਕਿ ਦੁਨੀਆ ਭਰ ਵਿੱਚ 10 ਵਿੱਚੋਂ 9 ਮੌਤਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਹੋਈਆਂ। ਡਬਲਯੂ.ਐੱਮ.ਓ. ਦੇ ਸਕੱਤਰ-ਜਨਰਲ ਪੇਟੇਰੀ ਤਾਲਾਸ ਨੇ ਕਿਹਾ ਕਿ ਇਸ ਮਹੀਨੇ ਮਿਆਂਮਾਰ ਅਤੇ ਬੰਗਲਾਦੇਸ਼ ਵਿਚ ਆਏ ਚੱਕਰਵਾਤੀ ਤੂਫ਼ਾਨ ਮੋਖਾ ਨੇ ਇਹ ਦਿਖਾਇਆ ਹੈ ਕਿ ਕਿਵੇਂ 'ਸਭ ਤੋਂ ਕਮਜ਼ੋਰ ਲੋਕ ਮੌਸਮ, ਜਲਵਾਯੂ ਅਤੇ ਪਾਣੀ ਨਾਲ ਸਬੰਧਤ ਖ਼ਤਰਿਆਂ ਦਾ ਸ਼ਿਕਾਰ ਹੁੰਦੇ ਹਨ।' ਪੇਟੇਰੀ ਤਾਲਾਸ ਨੇ ਕਿਹਾ, "ਪਿਛਲੇ ਸਮੇਂ ਵਿੱਚ ਮੌਸਮ ਸਬੰਧੀ ਗੰਭੀਰ ਘਟਨਾਵਾਂ ਕਾਰਨ ਮਿਆਂਮਾਰ ਅਤੇ ਬੰਗਲਾਦੇਸ਼ ਦੋਵਾਂ ਹੀ ਦੇਸ਼ਾਂ ਵਿੱਚ ਸੈਂਕੜੇ ਹਜ਼ਾਰਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸ਼ੁਰੂਆਤੀ ਚੇਤਾਵਨੀਆਂ ਅਤੇ ਆਫ਼ਤ ਪ੍ਰਬੰਧਨ ਲਈ ਧੰਨਵਾਦ, ਇਹ ਭਿਆਨਕ ਅੰਕੜੇ ਹੁਣ ਇਤਿਹਾਸ ਬਣ ਚੁੱਕੇ ਹਨ। ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਲੋਕਾਂ ਦੀਆਂ ਜਾਨਾਂ ਬਚਾਉਂਦੀਆਂ ਹਨ।'

# ਅਮਰੀਕਾ ਨੇ ਟਾਈਟਲ 42 ਦੇ ਖ਼ਤਮ ਹੋਣ ਤੋਂ ਬਾਅਦ ਇਕ ਹਫ਼ਤੇ ਚ 11,000 ਪ੍ਰਵਾਸੀ ਕੀਤੇ ਡਿਪੋਰਟ

ਵਾਸ਼ਿੰਗਟਨ : ਯੂ.ਐੱਸ ਨੇ 'ਟਾਈਟਲ-42' ਸਰਹੱਦੀ ਪਾਬੰਦੀਆਂ ਦੀ ਮਿਆਦ ਪੁੱਗਣ ਤੋਂ ਬਾਅਦ ਦੇਸ਼ ਨਿਕਾਲੇ ਨੂੰ ਵਧਾਉਣ ਅਤੇ ਪ੍ਰਚਾਰ ਕਰਨ ਦੇ ਬਾਈਡੇਨ ਪ੍ਰਸ਼ਾਸਨ ਦੇ ਯਤਨਾਂ ਦੇ ਹਿੱਸੇ ਵਜੋਂ ਇੱਕ ਹਫ਼ਤੇ ਵਿੱਚ ਹੁਣ 11,000 ਤੋਂ ਵੱਧ ਪ੍ਰਵਾਸੀਆਂ ਨੂੰ ਮੈਕਸੀਕੋ ਅਤੇ 30 ਤੋਂ ਵੱਧ ਹੋਰਨਾਂ ਦੇਸ਼ਾਂ ਵਿੱਚ ਡਿਪੋਰਟ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਯੂ.ਐੱਸ ਬਾਰਡਰ ਏਜੰਟਾਂ ਨੇ ਲੰਘੀ 11 ਮਈ ਨੂੰ ਟਾਈਟਲ-42 ਪਬਲਿਕ ਹੈਲਥ ਅਥਾਰਟੀ ਦੇ ਅਧੀਨ ਪ੍ਰਵਾਸੀਆਂ ਨੂੰ ਕੱਢਣ ਦੀ ਆਪਣੀ ਯੋਗਤਾ ਗੁਆ ਦਿੱਤੀ ਸੀ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ ਕਿ ਇਸ ਨੇ 11,000 ਤੋਂ ਵੱਧ ਰਸਮੀ ਤੌਰ 'ਤੇ ਦੇਸ਼ ਨਿਕਾਲੇ ਅਤੇ ਪ੍ਰਵਾਸੀਆਂ ਦੀ ਵਾਪਸੀ ਕੀਤੀ ਹੈ ਜੋ ਹਾਲ ਹੀ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦੱਖਣੀ ਸਰਹੱਦ ਪਾਰ ਕਰ ਗਏ ਸਨ।

ਟਾਈਟਲ-42 ਦੇ ਤਹਿਤ ਕੱਢੇ ਗਏ ਲੋਕਾਂ ਦੇ ਉਲਟ, ਯੂ.ਐੱਸ ਇਮੀਗ੍ਰੇਸ਼ਨ ਕਾਨੂੰਨ ਦੇ ਤਹਿਤ ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀਆਂ ਨੂੰ ਗੰਭੀਰ ਇਮੀਗ੍ਰੇਸ਼ਨ ਅਤੇ ਅਪਰਾਧਿਕ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਕਿ ਅਮਰੀਕਾ ਤੋਂ ਪੰਜ ਸਾਲ ਦਾ ਦੇਸ਼ ਨਿਕਾਲਾ ਅਤੇ ਸੰਭਾਵੀ ਜੇਲ੍ਹ ਦਾ ਸਮਾਂ ਅਤੇ ਅਪਰਾਧਿਕ ਮੁਕੱਦਮਾ, ਜੇਕਰ ਉਹ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਮੁੜ ਅਮਰੀਕਾ ਦੇਸ਼ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਬਾਈਡੇਨ ਪ੍ਰਸ਼ਾਸਨ ਨੇ ਯੂ.ਐੱਸ-ਮੈਕਸੀਕੋ ਸਰਹੱਦ ਦੇ ਨਾਲ ਪ੍ਰਵਾਸੀਆਂ ਦੀ ਆਮਦ ਨੂੰ ਰੋਕਣ ਲਈ ਇੱਕ ਵਿਆਪਕ ਮੁਹਿੰਮ ਦੇ ਹਿੱਸੇ ਵਜੋਂ, ਰਸਮੀ ਦੇਸ਼ ਨਿਕਾਲੇ ਦੀ ਵਧੀ ਹੋਈ ਸੰਖਿਆ ਅਤੇ ਉਹਨਾਂ ਦੇ ਨਤੀਜਿਆਂ ਨੂੰ ਉਜਾਗਰ ਜੰਗੀ ਪੱਧਰ 'ਤੇ ਕੀਤਾ ਹੈ, ਜੋ ਪਿਛਲੇ ਦੋ ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਸੀ।



ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਰਸਮੀ ਦੇਸ਼ ਨਿਕਾਲੇ ਵਿੱਚ ਵਾਧੇ ਨੇ ਪਿਛਲੇ ਹਫ਼ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਗਿਰਾਵਟ ਵਿੱਚ ਯੋਗਦਾਨ ਪਾਇਆ ਹੈ। ਜਦੋਂ ਕਿ ਰੋਜ਼ਾਨਾ ਪ੍ਰਵਾਸੀ ਕ੍ਰਾਸਿੰਗ 10,000 ਤੱਕ ਵੱਧ ਗਈ ਸੀ, ਜੋ ਕਿ ਇੱਕ ਬਹੁਤ ਹੀ ਵੱਡਾ ਰਿਕਾਰਡ ਹੈ। ਟਾਈਟਲ-42 ਦੇ ਖ਼ਤਮ ਹੋਣ ਤੋਂ ਠੀਕ ਪਹਿਲਾਂ, ਉਹ ਉਦੋਂ ਤੋਂ ਘੱਟ ਗਏ ਹਨ। ਯੂ.ਐੱਸ ਸਰਹੱਦੀ ਅਧਿਕਾਰੀਆਂ ਨੇ ਪਿਛਲੇ ਹਫ਼ਤੇ ਵਿੱਚ ਔਸਤਨ 4,400 ਹਜਾਰ ਲੋਕਾਂ ਦੇ ਆਉਣ ਦਾ ਖਦਸ਼ਾ ਜਤਾਇਆ ਹੈ। ਜਦਕਿ ਪਿਛਲੇ ਦੋ ਦਿਨਾਂ ਵਿੱਚ ਬਾਰਡਰ ਗਸ਼ਤ ਨੇ ਔਸਤਨ 3,000 ਰੋਜ਼ਾਨਾ ਖਦਸ਼ੇ ਜਾਹਰ ਕੀਤੇ ਹਨ, ਜੋ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ 70% ਘੱਟ ਹੈ। ਟਾਈਟਲ 42 ਦੀ ਮਿਆਦ ਪੁੱਗਣ ਤੋਂ ਬਾਅਦ ਵਾਪਸ ਪਰਤਣ ਵਾਲਿਆਂ ਵਿੱਚ ਵੈਨੇਜ਼ੁਏਲਾ, ਨਿਕਾਰਾਗੁਆ, ਹੈਤੀ ਅਤੇ ਕਿਊਬਾ ਦੇ 1,100 ਪ੍ਰਵਾਸੀ ਸਨ ਜੋ ਮੈਕਸੀਕੋ ਵਾਪਸ ਆ ਗਏ ਸਨ, ਜੋ ਅਮਰੀਕਾ ਦੀ ਬੇਨਤੀ 'ਤੇ ਇਹਨਾਂ ਕੌਮੀਅਤਾਂ ਨੂੰ ਵਾਪਸ ਲੈਣ ਲਈ ਸਹਿਮਤ ਹੋਏ ਸਨ। ਜਦੋਂ ਕਿ ਦੂਜੇ ਦੇਸ਼ਾਂ ਦੇ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਹਟਾਉਣ ਵਜੋਂ ਜਾਣੀ ਜਾਂਦੀ ਪ੍ਰਕਿਰਿਆ ਦੇ ਤਹਿਤ ਦੇਸ਼ ਨਿਕਾਲੇ ਅਤੇ ਪੰਜ ਸਾਲਾਂ ਦੀ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵੈਨੇਜ਼ੁਏਲਾ, ਨਿਕਾਰਾਗੁਆ, ਹੈਤੀ ਅਤੇ ਕਿਊਬਨ ਨੂੰ ਮੈਕਸੀਕੋ ਵਾਪਸ ਜਾਣ ਦਾ ਮੌਕਾ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਇੱਕ ਪ੍ਰੋਗਰਾਮ ਲਈ ਅਰਜ਼ੀ ਦੇ ਸਕਣ। ਜੇਕਰ ਉਹਨਾਂ ਕੋਲ ਵਿੱਤੀ ਸਪਾਂਸਰ ਹਨ ਤਾਂ ਯੂ.ਐੱਸ ਇਹਨਾਂ ਨੂੰ 'ਸਵੈ-ਇੱਜਤ ਵਾਪਸੀ' ਵਜੋਂ ਗਿਣਿਆ ਜਾਂਦਾ ਹੈ। ਵਧੇ ਹੋਏ ਦੇਸ਼ ਨਿਕਾਲੇ ਅਤੇ ਵਾਪਸੀ ਦੇ ਨਾਲ ਜੋੜ ਕੇ ਕੰਮ ਕਰਨਾ ਇੱਕ ਹਾਲ ਹੀ ਵਿੱਚ ਲਾਗੂ ਕੀਤਾ ਗਿਆ ਬਾਈਡੇਨ ਪ੍ਰਸ਼ਾਸਨ ਦਾ ਨਿਯਮ ਹੈ ਜੋ ਪ੍ਰਵਾਸੀਆਂ ਨੂੰ ਸ਼ਰਣ ਤੋਂ ਅਯੋਗ ਠਹਿਰਾਉਂਦਾ ਹੈ ਜੇਕਰ ਉਹ ਅਮਰੀਕੀ ਧਰਤੀ ਦੇ ਰਸਤੇ ਵਿੱਚ ਮੈਕਸੀਕੋ ਵਰਗੇ ਤੀਜੇ ਦੇਸ਼ ਵਿੱਚ ਸੁਰੱਖਿਆ ਦੀ ਬੇਨਤੀ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਹਨ।

# ਸ਼ੁਗਲ ਦੇ ਨਾਲ-ਨਾਲ ਮਾਂ-ਬੋਲੀ ਲਈ ਪਿਆਰ ਤੇ ਉਹਦਾ ਪ੍ਰਚਾਰ-ਪਸਾਰ!






ਕੈਲੇਫੋਰਨੀਆਂ : ਕੈਲੇਫੋਰਨੀਆਂ ਸਟੇਟ ਵਿੱਚ ਸਾਡੇ ਦੋਹਤੇ ਦੇ ਸਕੂਲ ਵਿਖੇ ਇੱਕ ਸ਼ਾਮ 'ਮਲਟੀ-ਕਲਚਰਲ' ਪ੍ਰੋਗਰਾਮ ਆਯੋਜਤ ਹੋਇਆ। ਵੱਖ-ਵੱਖ ਤਰ੍ਹਾਂ ਦੀਆਂ 'ਰਾਈਡਾਂ' ਝੂਲਿਆਂ ਅਤੇ ਨਾਚ-ਗਾਣਿਆਂ ਦਾ ਛੋਟੇ ਬੱਚਿਆਂ ਨੇ ਖੁੱਲ੍ਹ ਕੇ ਅਨੰਦ ਮਾਣਿਆਂ। ਖੁੱਲ੍ਹੇ ਮੈਦਾਨ ਵਿੱਚ ਖੂਬ ਮੌਜ-ਮਸਤੀ ਕਰ ਰਹੇ, ਵੱਖ-ਵੱਖ ਕੌਮੀਅਤਾਂ ਨਾਲ ਸਬੰਧਤ ਬੱਚਿਆਂ ਦੇ ਚਿਹਰੇ, ਗੁਲਾਬ ਦੇ ਤਾਜ਼ੇ ਫੁੱਲਾਂ ਵਾਂਗ ਖਿੜੇ ਹੋਏ ਤੇ ਮਹਿਕ ਰਹੇ ਜਾਪਦੇ ਸਨ! ਸਪਸ਼ਟ ਦਿਸ ਰਿਹਾ ਸੀ ਕਿ ਉਹ ਮਣਾ-ਮੂੰਹੀਂ ਚਾਅ ਦੁਲਾਰ ਤੇ ਉਮਾਹ ਨਾਲ ਭਰੇ ਪਏ ਹਨ! ਖਰਮਸਤੀਆਂ-ਅਠਖੇਲ੍ਹੀਆਂ ਕਰ ਰਹੇ ਆਪਣੇ ਲਾਡਲੇ ਬੱਚਿਆਂ ਵੱਲ੍ਹ ਦੇਖ ਦੇਖ ਮਾਪੇ ਵੀ ਫੁੱਲੇ ਨਹੀਂ ਸਨ ਸਮਾ ਰਹੇ!

ਮੌਜ-ਮੇਲੇ ਦੇ ਸਥਾਨ 'ਤੇ ਲੱਗੇ ਹੋਏ ਕਈ ਤਰ੍ਹਾਂ ਦੇ ਸਟਾਲਾਂ ਵਿੱਚ ਇੱਕ ਸਟਾਲ ਕੋਰੀਅਨ ਵਿਅਕਤੀਆਂ ਨੇ ਲਾਇਆ ਹੋਇਆ ਸੀ। ਜਿੱਥੇ ਉਹ ਅੰਗਰੇਜੀ 'ਚ ਲਿਖੇ ਨਾਂ ਨੂੰ ਕੋਰੀਅਨ ਲਿੱਪੀ ਵਿੱਚ ਲਿਖ ਰਹੇ ਸਨ! ਉਸ ਸਟਾਲ ਮੋਹਰੇ ਲੱਗੀ ਹੋਈ ਲੰਬੀ ਲਾਈਨ ਵਿੱਚ ਬੱਚਿਆਂ ਤੋਂ ਇਲਾਵਾ ਵੱਡੇ ਵੀ ਖੜ੍ਹੇ ਖੜ੍ਹੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਮੇਜ ਉੱਤੇ ਰੱਖੇ ਪੇਪਰ 'ਤੇ ਸਾਰੇ ਜਣੇ ਅੰਗਰੇਜ਼ੀ ਅੱਖਰਾਂ ਵਿੱਚ ਆਪਣਾ ਨਾਮ ਲਿਖ ਦਿੰਦੇ ਤਾਂ ਉੱਥੇ ਬੈਠਾ ਕੋਰੀਅਨ ਵੀਰ ਖੁਸ਼ੀ ਖੁਸ਼ੀ ਇੱਕ ਸ਼ਾਨਦਾਰ ਪੱਟੀ ਉੱਤੇ ਆਪਣੀ ਭਾਸ਼ਾ ਵਿੱਚ ਉਹ ਨਾਂ ਲਿਖ ਦਿੰਦਾ!

ਕੋਰੀਅਨ ਅੱਖਰਾਂ ਵਿੱਚ ਲਿਖੇ ਨਾਵਾਂ ਵਾਲੀ ਪੱਟੀ ਪਿੱਛੇ ਚੁੰਬਕੀ-ਤੱਤ ਪੇਸਟ ਕੀਤਾ ਹੋਇਆ ਸੀ ਤਾਂ ਜੋ ਇਸ ਨੂੰ ਘਰੇ ਜਾ ਕੇ ਫਰਿੱਜ ਜਾਂ ਕਾਰ 'ਚ ਅਸਾਨੀ ਨਾਲ ਚਿਪਕਾਇਆ ਜਾ ਸਕੇ! ਇਹ ਸਾਰਾ ਕੰਮ ਬਿਲਕੁਲ ਮੁਫਤੋ ਮੁਫਤੀ ਕੀਤਾ ਜਾ ਰਿਹਾ ਸੀ!

ਉਸ ਸਟਾਲ 'ਤੇ ਆਪਣੇ ਬੱਚਿਆਂ ਦੇ ਨਾਂ ਲਿਖਵਾ ਕੇ ਮੈਂ ਸੋਚ ਰਿਹਾ ਸਾਂ ਕਿ ਸਾਨੂੰ ਪੰਜਾਬੀ ਪ੍ਰਵਾਸੀਆਂ ਨੂੰ ਵੀ ਗੋਰਿਆਂ ਦੇ ਕਿਸੇ ਅਜਿਹੇ ਇਕੱਠਾਂ ਵਿੱਚ ਇੰਜ ਹੀ ਗੁਰਮਖੀ ਅੱਖਰਾਂ 'ਚ ਨਾਂ ਲਿਖਣੇ ਚਾਹੀਦੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 73 ਵੀ ਬਰਸੀ ਸਮੇਂ ਹੋਣਗੇ ਵਿਸ਼ੇਸ਼ ਸਮਾਗਮ

## *ਬੱਚਿਆਂ ਲਈ ਝੂਲੇ ਅਤੇ ਖੇਡਾਂ ਦਾ ਹੋਵੇਗਾ ਪ੍ਰਬੰਧ*

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ) : ਗੁਰਦੁਆਰਾ "ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 73ਵੀਂ ਬਰਸੀ ਸਮੇਂ ਵਿਸ਼ੇਸ਼ ਸਮਾਗਮ ਹੋਣਗੇ। ਜਿਸ ਸੰਬੰਧੀ ਪ੍ਰਬੰਧਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 2 ਜੂਨ 2022, ਦਿਨ ਸ਼ੁੱਕਰਵਾਰ ਨੂੰ ਅਖੰਡ-ਪਾਠ ਅਰੰਭ ਹੋਣਗੇ ਅਤੇ ਜਿੰਨਾਂ ਦੇ ਭੋਗ 4 ਜੂਨ 2022, ਦਿਨ ਐਤਵਾਰ ਨੂੰ ਪਾਏ ਜਾਣਗੇ। ਜਿਸ ਉਪਰੰਤ ਗੁਰਬਾਣੀ ਕੀਰਤਨ ਦਰਬਾਰ ਅਤੇ ਢਾਡੀ ਦਰਬਾਰ ਸਜਣਗੇ। ਇਸ ਸਮੇਂ ਗੁਰਮਤਿ ਵਿਚਾਰਾ ਵੀ ਹੋਣਗੀਆਂ। ਇਸ ਸਮੇਂ ਜਿੱਥੇ ਬੱਚਿਆਂ ਨੂੰ ਗੁਰ-ਇਤਿਹਾਸ ਅਤੇ ਗੁਰਬਾਣੀ ਨਾਲ ਹਮੇਸਾ ਵਾਂਗ ਜੋੜਿਆ ਜਾਵੇਗਾ। ਉੱਥੇ ਬੱਚਿਆਂ ਦੇ ਮੰਨੋਰੰਜਨ ਲਈ ਵੱਖ-ਵੱਖ ਤਰ੍ਹਾਂ ਦੇ ਝੂਲੇ ਅਤੇ ਹੋਰ ਖੇਡਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਜਿਸ ਦੌਰਾਨ ਬੱਚਿਆਂ ਲਈ ਝੂਲੇ ਅਤੇ ਪੰਗੂੜੇ ਆਦਿਕ ਰਾਈਡਾਂ ਵੀ ਲਾਈਆਂ ਜਾਣਗੀਆਂ। ਸਮਾਗਮ ਦੌਰਾਨ ਗੁਰੂ ਦੇ ਲੰਗਰਾਂ ਦੇ ਸਟਾਲ ਲੱਗਣਗੇ।


ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ।

ਇਸ ਸੰਬੰਧੀ ਪ੍ਰਬੰਧਕਾਂ ਵਿੱਚੋਂ ਸ. ਸੁਹਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਹਰ ਸਾਲ ਦੀ ਤਰ੍ਹਾਂ ਸੰਗਤਾਂ ਵੱਲੋਂ ਉਤਸਾਹ ਨਾਲ ਮਨਾਈ ਜਾ ਰਹੀ ਹੈ। ਉਨ੍ਹਾਂ ਇਸ ਵਿਸ਼ੇਸ਼ ਸਮਾਗਮ ਵਿੱਚ ਸਮੂੰਹ ਸੰਗਤਾਂ ਨੂੰ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਸਮਾਗਮ ਵਿੱਚ ਪਹੁੰਚਣ ਲਈ ਗੁਰੂਘਰ ਦਾ ਪਤਾ: 2630 N Locan Ave Fresno CA 93737 ਹੈ। ਹੋਰ ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਫ਼ੋਨ ਨੰਬਰ: (559) 417-2275 ਰਾਹੀ ਸੰਪਰਕ ਕਰ ਸਕਦੇ ਹੋ।

# ਅਮਰੀਕਾ ਦੇ ਜਾਰਜੀਆ ਰਾਜ ਵਿਚ ਆਪਣੀ ਨਵ ਜੰਮੀ ਬੱਚੀ ਨੂੰ ਮਾਰਨ ਦੀ ਕੋਸ਼ਿਸ਼ ਦੇ ਦੋਸ਼ ਵਿਚ ਭਾਰਤੀ ਮੂਲ ਦੀ ਔਰਤ ਗ੍ਰਿਫਤਾਰ

## *4 ਸਾਲ ਪਹਿਲਾਂ ਨਵ ਜੰਮੀ ਬੱਚੀ ਨੂੰ ਲਿਫ਼ਾਫੇ ਵਿਚ ਬੰਦ ਕਰਕੇ ਸੁੱਟਿਆ ਸੀ ਜੰਗਲ ਵਿੱਚ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਜਾਰਜੀਆ ਰਾਜ ਵਿਚ ਪੁਲਿਸ ਵੱਲੋਂ ਤਕਰੀਬਨ 4 ਸਾਲ ਪਹਿਲਾਂ ਪਲਾਸਟਿਕ ਦੇ ਲਿਫ਼ਾਫੇ ਵਿਚ ਬੰਦ ਜੰਗਲੀ ਖੇਤਰ ਵਿਚੋਂ ਬਰਾਮਦ ਕੀਤੀ ਨਵ ਜੰਮੀ ਬੱਚੀ ਦਾ ਮਾਮਲਾ ਹੱਲ ਕਰਨ ਦਾ ਦਾਅਵਾ ਕਰਨ ਦੀ ਖਬਰ ਹੈ। ਪੁਲਿਸ ਨੇ ਬੱਚੀ ਦੀ ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਸਬੰਧੀ ਕੀਤੀ ਪ੍ਰੈਸ ਕਾਨਫਰੰਸ ਵਿਚ ਪ੍ਰਤਖ ਤੌਰ 'ਤੇ ਜਜ਼ਬਾਤੀ ਨਜਰ ਆ ਰਹੇ ਫੋਰਸਿਥ ਕਾਊਂਟੀ ਦੇ ਸ਼ੈਰਿਫ ਰੋਨ ਫਰੀਮੈਨ ਨੇ ਕਿਹਾ ਕਿ ਭਾਰਤੀ ਮੂਲ ਦੀ 40 ਸਾਲਾ ਮਾਂ ਕਰੀਮਾ ਜਿਵਾਨੀ ਨੂੰ ਕਤਲ ਦੀ ਕੋਸ਼ਿਸ਼ , ਬੱਚਿਆਂ ਪ੍ਰਤੀ ਨਿਰਦਈਪੁਣਾ ਵਰਤਣ ਤੇ ਹੋਰ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਰੀਮੈਨ ਨੇ ਕਿਹਾ ਕਿ ਡੀ ਐਨ ਏ ਰਾਹੀਂ ਕਰੀਮਾ ਜਿਵਾਨੀ ਦੀ ਬੱਚੀ ਦੀ ਜੈਵਿਕ ਮਾਂ ਵਜੋਂ ਪਛਾਣ ਕੀਤੀ ਗਈ ਹੈ। ਉਨਾਂ ਕਿਹਾ ਕਿ 10 ਮਹੀਨੇ ਪਹਿਲਾਂ ਬੱਚੀ ਦੇ ਪਿਤਾ ਦੀ ਡੀ ਐਨ ਏ ਰਾਹੀਂ ਪਛਾਣ ਕੀਤੀ ਗਈ ਸੀ। ਉਸ ਤੋਂ ਬਾਅਦ ਜਿਵਾਨੀ ਤੋਂ ਪੁੱਛਗਿੱਛ ਕੀਤੀ ਗਈ ਸੀ। ਬੱਚੀ ਦੇ ਪਿਤਾ ਜਿਸ ਦੇ ਨਾਂ ਦਾ ਖੁਲਾਸਾ ਪੁਲਿਸ ਨੇ ਨਹੀਂ ਕੀਤਾ, ਵਿਰੁੱਧ ਵੱਖਰਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੇ ਮਿਲੇ ਵੇਰਵੇ ਅਨੁਸਾਰ 6 ਜੂਨ, 2019 ਨੂੰ ਕਮਿੰਗ ਸ਼ਹਿਰ ਤੋਂ ਇਕ ਵਿਅਕਤੀ ਨੇ ਪੁਲਿਸ ਨੂੰ ਫੋਨ ਕਰਕੇ ਦੱਸਿਆ ਸੀ ਕਿ ਉਸ ਨੇ ਤੇ ਉਸ ਦੇ ਬੱਚਿਆਂ ਨੇ ਸਥਾਨਕ ਡੇਵਸ ਕਰੀਕ ਰੋਡ ਦੇ 1900 ਬਲਾਕ ਨੇੜੇ ਜੰਗਲ ਵਿਚੋਂ ਕਿਸੇ ਬੱਚੇ ਦੇ ਚਿਲਾਉਣ ਦੀ ਆਵਾਜ਼ ਸੁਣੀ ਹੈ। ਡਿਪਟੀ ਟੈਰੀ ਰੋਪਰ ਨੇ ਮੌਕੇ 'ਤੇ ਪੁੱਜ ਕੇ ਝਾੜੀਆਂ ਵਿਚੋਂ ਇਕ ਪਲਾਸਟਿਕ ਦੇ ਲਿਫ਼ਾਫੇ ਵਿਚ ਬੰਦ ਨਵ ਜੰਮੀ ਬੱਚੀ ਨੂੰ ਬਰਾਮਦ ਕਰਕੇ ਤੁਰੰਤ ਇਕ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਜਿਥੇ ਹਸਪਤਾਲ ਦੇ ਸਟਾਫ਼ ਨੇ ਇਸ ਬੱਚੀ ਦਾ ਨਾਂ 'ਬੇਬੀ ਇੰਡੀਆ' ਰੱਖਿਆ। ਫਰੀਮੈਨ ਨੇ ਕਿਹਾ ਕਿ 'ਬੇਬੀ ਇੰਡੀਆ' ਦੇ ਨਾਂ ਨਾਲ ਜਾਣੀ ਜਾਂਦੀ ਇਹ ਬੱਚੀ ਹੁਣ 4 ਸਾਲ ਦੀ ਹੈ ਤੇ ਬਿਲਕੁੱਲ ਤੰਦਰੁਸਰਤ ਹੈ।


ਪ੍ਰੈਸ ਕਾਨਫਰੰਸ ਦੌਰਾਨ ਗ੍ਰਿਫਤਾਰ ਕੀਤੀ ਮਾਂ ਦੀ ਤਸਵੀਰ ਨਾਲ ਇਕ ਪੁਲਿਸ ਅਫਸਰ

# ਅਮਰੀਕਾ ਦੇ ਇੰਡਿਆਨਾ ਰਾਜ ਦੇ ਇਕ ਘਰ ਵਿਚ ਹੋਏ ਗਰਨੇਡ ਧਮਾਕੇ ਵਿਚ ਪਿਤਾ ਦੀ ਮੌਤ 2 ਬੱਚੇ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਜ ਇੰਡਿਆਨਾ ਦੇ ਉਤਰ ਪੱਛਮ ਵਿਚ ਇਕ ਘਰ ਵਿਚ ਹੋਏ ਜਬਰਦਸਤ ਗਰਨੇਡ ਧਮਾਕੇ ਵਿਚ ਪਿਤਾ ਦੀ ਮੌਤ ਹੋਣ ਤੇ ਉਸ ਦੇ 2 ਪੁੱਤਰਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਲੇਕ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਪਾਮ ਜੋਨਸ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਇਹ ਪਰਿਵਾਰਕ ਮੈਂਬਰ ਆਪਣੇ ਦਾਦੇ ਦੇ ਸਮਾਨ ਦੀ ਫਰੋਲਾਫਰਾਲੀ ਕਰ ਰਹੇ ਸਨ ਜਦੋਂ ਉਨਾਂ ਨੂੰ ਉਥੋਂ ਹੱਥ ਗੋਲਾ ਮਿਲਿਆ। ਇਕ ਮੈਂਬਰ ਨੇ ਹੱਥ ਗੋਲੇ ਦੀ ਪਿੰਨ ਕੱਢ ਦਿੱਤੀ ਜਿਸ ਉਪਰੰਤ ਜਬਰਦਸਤ ਧਮਾਕਾ ਹੋਇਆ। ਸ਼ਾਮ 6.30 ਵਜੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਅਨੁਸਾਰ ਪਿਤਾ ਬੇਹੋਸ਼ੀ ਦੀ ਹਾਲਤ ਵਿਚ ਸੀ ਜਿਸ ਨੂੰ ਬਾਅਦ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ। 14 ਤੇ 18 ਸਾਲ ਦੇ ਉਸ ਦੇ ਦੋ ਪੁੱਤਰਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਬਿਆਨ ਅਨੁਸਾਰ ਖੇਤਰ ਵਿਚ ਸੰਭਾਵੀ ਤੌਰ 'ਤੇ ਹੋਰ ਧਮਾਕਾਖੇਜ਼ ਸਮਗਰੀ ਹੋ ਸਕਦੀ ਹੈ ਜਿਸ ਦੀ ਭਾਲ ਲਈ ਪੋਰਟਰ ਕਾਊਂਟੀ ਦੇ ਬੰਬ ਸਕੁਐਡ ਨੂੰ ਮੌਕੇ ਉਪਰ ਬੁਲਾਇਆ ਗਿਆ ਹੈ



# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਸੜਕ ਹਾਦਸੇ 'ਚ ਮੇਰੇ ਪਤੀ ਨੇ ਮੇਰੇ ਬੱਚਿਆਂ ਸਮੇਤ ਮੈਨੂੰ ਮਾਰਨ ਦਾ ਯਤਨ ਕੀਤਾ

## *ਭਾਰਤੀ ਮੂਲ ਦੇ ਅਮਰੀਕੀ ਡਾਕਟਰ ਦੀ ਪਤਨੀ ਦਾ ਬਿਆਨ*



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਸ ਸਾਲ 2 ਜਨਵਰੀ ਨੂੰ ਪੈਸਿਫਿਕ ਕੋਸਟ ਹਾਈਵੇਅ ਉਪਰ ਹੋਏ ਸੜਕ ਹਾਦਸੇ ਸਬੰਧੀ ਸਾਹਮਣੇ ਆਏ। ਇਕ ਨਵੇਂ ਦਸਤਾਵੇਜ ਵਿਚ ਨੇਹਾ ਪਟੇਲ ਨੇ ਕਿਹਾ ਹੈ ਕਿ ਇਹ ਮਹਿਜ਼ ਇਕ ਹਾਦਸਾ ਨਹੀਂ ਸੀ ਬਲਕਿ ਉਸ ਦੇ ਪਤੀ ਭਾਰਤੀ ਮੂਲ ਦੇ ਅਮਰੀਕੀ ਡਾ ਧਰਮੇਸ਼ ਏ ਪਟੇਲ ਜੋ ਕਾਰ ਨੂੰ ਚਲਾ ਰਿਹਾ ਸੀ, ਨੇ ਸੋਚੀ ਸਮਝੀ ਯੋਜਨਾ ਤਹਿਤ ਕਾਰ ਖੱਡ ਵਿਚ ਸੁੱਟ ਕੇ ਮੇਰੇ ਦੋ ਬੱਚਿਆਂ ਸਮੇਤ ਮੈਨੂੰ ਮਾਰਨ ਦਾ ਯਤਨ ਕੀਤਾ ਸੀ। ਇਹ ਚਮਤਕਾਰ ਹੀ ਸੀ ਕਿ ਇਸ ਹਾਦਸੇ ਵਿਚ ਟੈਲਸਾ ਕਾਰ 300 ਫੁੱਟ ਤੋਂ ਵਧ ਡੂੰਘੀ ਖੱਡ ਵਿਚ ਡਿੱਗ ਕੇ ਚਕਨਾਚੂਰ ਹੋ ਗਈ ਸੀ ਪਰੰਤੂ ਕਾਰ ਵਿਚ ਸਵਾਰ 7 ਤੇ 4 ਸਾਲ ਦੇ ਦੋ ਬੱਚਿਆਂ ਸਮੇਤ ਪਤੀ ਤੇ ਪਤਨੀ ਬਚ ਗਏ ਸਨ। ਪਾਸਾਡੇਨਾ (ਕੈਲੀਫੋਰਨੀਆ) ਵਾਸੀ ਡਾ ਧਰਮੇਸ਼ ਪਟੇਲ ਨੇ ਦਾਅਵਾ ਕੀਤਾ ਸੀ ਕਿ ਤਕਨੀਕੀ ਖਰਾਬੀ ਕਾਰਨ ਇਹ ਹਾਦਸਾ ਵਾਪਰਿਆ ਸੀ। ਉਸ ਦੇ ਇਸ ਦਾਅਵੇ ਨੂੰ ਉਸ ਦੀ ਪਤਨੀ ਨੇਹਾ ਨੇ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਰੇਡੀਆਲੋਜਿਸਟ ਡਾ ਧਰਮੇਸ਼ ਵਿਰੁੱਧ 3 ਹੱਤਿਆਵਾਂ ਦੀ ਕੋਸ਼ਿਸ਼ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਮਾਮਲੇ ਸਬੰਧੀ ਲਿਫਾਫੇ ਵਿਚ ਬੰਦ ਨੇਹਾ ਦਾ ਬਿਆਨ ਬੀਤੇ ਦਿਨ ਖੋਲਿਆ ਗਿਆ। ਦਸਤਾਵਜੇ ਅਨੁਸਾਰ ਮੌਕੇ 'ਤੇ ਮੌਜੂਦ ਕਿਸੇ ਵੀ ਗਵਾਹ ਨੇ ਇਹ ਨਹੀਂ ਕਿਹਾ ਕਿ ਸੜਕ ਤੋਂ ਉਤਰ ਕੇ ਪਹਾੜੀ ਵੱਲ ਵਧ ਰਹੀ ਤੇਜ ਰਫਤਾਰ ਕਾਰ ਨੂੰ ਡਰਾਈਵਰ ਨੇ ਬਰੇਕ ਲਾਉਣ ਦਾ ਯਤਨ ਕੀਤਾ ਸੀ।

# ਅਮਰੀਕਾ ਦੇ ਕੈਨਸਾਸ ਸ਼ਹਿਰ ਦੀ ਇਕ ਨਾਈਟ ਕਲੱਬ 'ਚ ਹੋਈ ਗੋਲੀਬਾਰੀ ਵਿੱਚ 3 ਮੌਤਾਂ, 1 ਦੀ ਹਾਲਤ ਗੰਭੀਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਸ਼ਹਿਰ ਕੈਨਸਾਸ,ਮਿਸੋਰੀ ਦੀ ਇਕ ਨਾਈਟ ਕਲੱਬ ਵਿਚ ਹੋਈ ਗੋਲੀਬਾਰੀ ਵਿਚ 3 ਮੌਤਾਂ ਹੋਣ ਦੀ ਖਬਰ ਹੈ। ਕਨਸਾਸ ਸ਼ਹਿਰ ਦੇ ਪੁਲਿਸ ਵਿਭਾਗ ਨੇ ਗੋਲੀਬਾਰੀ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇੰਡਿਆਨਾ ਐਵਨਿਊ ਵਿਖੇ ਸਥਿੱਤ ਕਿਲਮੈਕਸ ਲੌਂਜ ਵਿਖੇ ਘੱਟੋ ਘੱਟ 5 ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ ਜਿਨਾਂ ਵਿਚੋਂ 3 ਵਿਅਕਤੀ ਦਮ ਤੋੜ ਗਏ ਹਨ ਜਦ ਕਿ 2 ਹੋਰ ਜ਼ਖਮੀ ਹਾਲਤ ਵਿਚ ਹਨ ਜਿਨਾਂ ਵਿਚੋਂ 1 ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਸਥਾਨਕ ਸਮੇ ਅਨੁਸਾਰ ਤੜਕਸਾਰ ਡੇਢ ਵਜੇ ਦੇ ਕਰੀਬ ਨਾਈਟ ਕਲੱਬ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਅਨੁਸਾਰ ਸਾਰੇ ਪੀੜਤ ਬਾਲਗ ਹਨ। 3 ਪੀੜਤਾਂ ਨੂੰ ਈ ਐਮ ਐਸ ਹਸਪਤਾਲ ਲਿਜਾਇਆ ਗਿਆ ਜਿਨਾਂ ਵਿਚੋਂ ਦੋ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਤੀਸਰਾ ਬਾਅਦ ਵਿਚ ਦਮ ਤੋੜ ਗਿਆ। 2 ਜ਼ਖਮੀ ਹਸਪਤਾਲ ਵਿਚ ਜੇਰੇ ਇਲਾਜ਼ ਹਨ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਗੋਲੀਬਾਰੀ ਸਬੰਧੀ ਕੋਈ ਵੀ ਜਾਣਕਾਰੀ ਦੇਣ ਲਈ ਆਮ ਲੋਕਾਂ ਨੂੰ ਅਗੇ ਆਉਣ ਲਈ ਕਿਹਾ ਹੈ ਤੇ ਇਸ ਵਾਸਤੇ 25000 ਡਾਲਰ ਇਨਾਮ ਦੇਣ ਦਾ ਵੀ ਐਲਾਨ ਕੀਤਾ ਹੈ।

# ਅਮਰੀਕਾ ਦੇ ਸ਼ਹਿਰ ਫੋਨਿਕਸ ਦੇ ਇਕ ਹਾਈ ਸਕੂਲ 'ਚ ਹਥਿਆਰ ਲਿਆਉਣ ਦੇ ਦੋਸ਼ਾਂ ਤਹਿਤ ਵਿਦਿਆਰਥੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਐਰੀਜ਼ੋਨਾ ਰਾਜ ਦੇ ਸ਼ਹਿਰ ਫੋਨਿਕਸ ਦੇ ਇਕ ਹਾਈ ਸਕੂਲ ਵਿਚ ਇਕ ਵਿਦਿਆਰਥੀ ਨੂੰ ਏ ਆਰ-15 ਹਥਿਆਰ ਤੇ ਗੋਲੀ ਸਿੱਕਾ ਲਿਆਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਫੋਨਿਕਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਵਿਦਿਆਰਥੀ ਵੱਲੋਂ ਸਕੂਲ ਕੈਂਪਸ ਵਿਚ ਗੰਨ ਲਿਆਉਣ ਦੀ ਸਕੂਲ ਵੱਲੋਂ ਸੂਚਨਾ ਦੇਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਫੋਨਿਕਸ ਯੁਨੀਅਨ ਹਾਈ ਸਕੂਲ ਡਿਸਟ੍ਰਿਕਟ ਨੇ ਜਾਰੀ ਇਕ ਈ ਮੇਲ ਬਿਆਨ ਵਿਚ ਕਿਹਾ ਹੈ ਕਿ ਬੋਸਟਰੋਮ ਹਾਈ ਸਕੂਲ ਦੇ ਪ੍ਰਸ਼ਾਸਨ ਨੂੰ ਇਕ ਵਿਦਿਆਰਥੀ ਕੋਲ ਸੰਭਾਵੀ ਹਥਿਆਰ ਹੋਣ ਦਾ ਪਤਾ ਲੱਗਣ 'ਤੇ ਪੁਲਿਸ ਬੁਲਾਈ ਗਈ। ਪੁਲਿਸ ਅਫਸਰਾਂ ਨੇ ਨਬਾਲਗ ਵਿਦਿਆਰਥੀ ਕੋਲੋਂ ਹਥਿਆਰ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਅਨੁਸਾਰ ਉਸ ਨੇ ਤੁਰੰਤ ਕਾਰਵਾਈ ਕਰਕੇ ਵਿਦਿਆਰਥੀ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਦੇ ਖਾਣੇ ਵਾਲੇ ਡੱਬੇ ਵਿਚੋਂ ਹੋਰ ਕਾਰਤੂਸ ਵੀ ਬਰਾਮਦ ਹੋਏ ਹਨ। ਫੋਨਿਕਸ ਪੁਲਿਸ ਵਿਭਾਗ ਦਾ ਕਰਾਈਮ ਗੰਨ ਇੰਟੈਲੀਜੈਂਸ ਯੁਨਿਟ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ ਤੇ ਪੁਲਿਸ ਵਿਭਾਗ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਸਕੂਲ ਦੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ।

# ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਦਾ ਬਹਾਦਰੀ ਪੁਰਸਕਾਰ ਨਾਲ ਸਨਮਾਨ

## *ਹਿੰਸਕ ਘਟਨਾ 'ਚ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੁਮਿਤ ਸੁਲਨ ਨੂੰ ਰਾਸ਼ਟਰਪਤੀ ਨੇ ਸਿਖਰਲੇ ਬਹਾਦਰੀ ਪੁਰਸਕਾਰ ਨਾਲ ਨਿਵਾਜਿਆ*



ਨਿਊਯਾਰਕ : ਨਿਊਯਾਰਕ ਪੁਲੀਸ ਵਿਭਾਗ ਨਾਲ ਸਬੰਧਤ (ਐੱਨਵਾਈਪੀਡੀ) ਦੇ ਭਾਰਤੀ ਮੂਲ ਦੇ ਅਧਿਕਾਰੀ ਸੁਮਿਤ ਸੁਲਨ (27) ਨੂੰ ਰਾਸ਼ਟਰਪਤੀ ਜੋਅ ਬਾਇਡਨ ਨੇ ਬਹਾਦਰੀ ਪੁਰਸਕਾਰ (ਮੈਡਲ ਆਫ ਵੇਲਰ) ਨਾਲ ਸਨਮਾਨਿਤ ਕੀਤਾ ਹੈ। ਨੌਂ ਹੋਰਾਂ ਨੂੰ ਵੀ ਇਹ ਸਨਮਾਨ ਦਿੱਤਾ ਗਿਆ ਹੈ। ਜਨਤਕ ਸੁਰੱਖਿਆ ਵਿਚ ਲੱਗੇ ਅਧਿਕਾਰੀਆਂ ਨੂੰ ਦਿੱਤਾ ਜਾਣ ਵਾਲਾ ਅਮਰੀਕਾ ਦਾ ਇਹ ਸਭ ਤੋਂ ਵੱਡਾ ਸਨਮਾਨ ਹੈ। ਸੁਮਿਤ ਨੂੰ ਇਹ ਸਨਮਾਨ ਬੁੱਧਵਾਰ ਨੂੰ ਵਾਈਟ ਹਾਊਸ ਵਿਚ ਹੋਏ ਸਮਾਰੋਹ ਵਿਚ ਦਿੱਤਾ ਗਿਆ। ਵੇਰਵਿਆਂ ਮੁਤਾਬਕ ਤਿੰਨ ਪੁਲੀਸ ਕਰਮੀ ਸੁਲਨ, ਜੇਸਨ ਰਿਵੇਰਾ (22) ਤੇ ਵਿਲਬਰਟ ਮੋਰਾ (27) ਨਿਊਯਾਰਕ ਦੇ ਹਰਲਮ ਇਲਾਕੇ ਵਿਚ 911 ਕਾਲ 'ਤੇ ਇਕ ਕੇਸ ਦੇ ਸਿਲਸਿਲੇ ਵਿਚ ਜਾਂਚ ਲਈ ਗਏ ਹਨ। ਫੋਨ ਕਰਨ ਵਾਲੀ ਇਕ ਔਰਤ ਸੀ ਜਿਸ ਦਾ ਵੱਡਾ ਪੁੱਤਰ ਉਸ ਨੂੰ ਧਮਕਾ ਰਿਹਾ ਸੀ। ਉੱਥੇ ਔਰਤ ਦਾ ਦੂਜਾ ਪੁੱਤਰ ਵੀ ਮੌਜੂਦ ਸੀ। ਧਮਕਾਉਣ ਵਾਲੇ ਵਿਅਕਤੀ ਨੇ ਪੁਲੀਸ ਅਧਿਕਾਰੀਆਂ ਦੇ ਉੱਥੇ ਪਹੁੰਚਣ 'ਤੇ ਗੋਲੀ ਚਲਾ ਦਿੱਤੀ। ਗੋਲੀਬਾਰੀ ਵਿਚ ਰਿਵੇਰਾ ਤੇ ਮੋਰਾ ਜ਼ਖ਼ਮੀ ਹੋ ਗਏ ਜਿਨ੍ਹਾਂ ਦੀ ਬਾਅਦ ਵਿਚ ਮੌਤ ਹੋ ਗਈ। ਜਦਕਿ ਸੁਮਿਤ ਨੇ ਗੋਲੀ ਚਲਾਉਣ ਵਾਲੇ ਅਪਰਾਧੀ ਨੂੰ ਮੌਕੇ 'ਤੇ ਹਲਾਕ ਕਰ ਦਿੱਤਾ ਤੇ ਹੋਰ ਜਾਨੀ ਨੁਕਸਾਨ ਤੋਂ ਬਚਾਅ ਕੀਤਾ।

# ਅਮਰੀਕਾ ਦੇ ਇਲੀਨੋਇਸ ਰਾਜ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਵਿਚ 4 ਵਿਦਿਆਰਥੀਆਂ ਦੀ ਮੌਤ ਤੇ 3 ਹੋਰ ਜ਼ਖ਼ਮੀ



ਹਾਦਸੇ ਵਿਚ ਮਾਰ ਗਏ ਵਿਦਿਆਰਥੀਆਂ ਦੀਆਂ ਪੁਰਾਣੀਆਂ ਤਸਵੀਰਾਂ ਤੇ ਹਾਦਸੇ ਦਾ ਦ੍ਰਿਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਇਲੀਨੋਇਸ ਰਾਜ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ ਇਕ ਹਾਈ ਸਕੂਲ ਦੇ 4 ਵਿਦਿਆਰਥੀਆਂ ਦੀ ਮੌਤ ਹੋ ਗਈ ਜਦ ਕਿ 3 ਹੋਰ ਜਖਮੀ ਹੋ ਗਏ। ਜ਼ਖ਼ਮੀਆਂ ਵਿਚ ਇਕ ਵਿਦਿਆਰਥੀ ਵੀ ਸ਼ਾਮਿਲ ਹੈ। ਹਾਦਸੇ ਵਿਚ 3 ਕਾਰਾਂ ਆਪਸ ਵਿਚ ਟਕਰਾ ਗਈਆਂ। ਵੀਲਿੰਗ ਪੁਲਿਸ ਵਿਭਾਗ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਹਾਦਸਾ ਸਥਾਨਕ ਸਮੇ ਅਨੁਸਾਰ ਰਾਤ 10 ਵਜੇ ਦੇ ਕਰੀਬ ਵੀਲਿੰਗ ਪਿੰਡ ਨੇੜੇ ਵਾਪਿਰਆ ਤੇ ਮਾਰੇ ਗਏ ਸਾਰੇ ਵਿਦਿਆਰਥੀਆਂ ਦੀ ਉਮਰ 16 ਤੋਂ 18 ਸਾਲਾਂ ਦੇ ਦਰਮਿਆਨ ਸੀ। ਉਹ ਬੁਫੈਲੋ ਗਰੋਵ ਹਾਈ ਸਕੂਲ ਦੇ ਵਿਦਿਆਰਥੀ ਸਨ। ਪੁਲਿਸ ਅਨੁਸਾਰ ਮੁੱਢਲੇ ਤੌਰ 'ਤੇ ਲੱਗਦਾ ਹੈ ਕਿ ਹਾਦਸਾ ਟਰੈਫਿਕ ਸਿੰਗਨਲ ਦੀ ਉਲੰਘਣਾ ਤੇ ਤੇਜ ਰਫਤਾਰ ਕਾਰਨ ਵਾਪਰਿਆ। ਮਾਰੇ ਗਏ ਵਿਦਿਆਰਥੀਆਂ ਦੀ ਪਛਾਣ ਰਿਕੀ ਬਰਸੇਨਸ, ਰਿਚਰਡ ਡੀ ਲਟਾ, ਕੈਵਿਨ ਆਰ ਹਰਨੰਡਜ਼ ਟੈਰਨ ਤੇ ਜੀਸਸ ਰੌਡਰਿਗਜ਼ ਵਜੋਂ ਹੋਈ ਹੈ। ਸਕੂਲ ਡਿਸਟ੍ਰਿਕਟ ਦੇ ਬੁਲਾਰੇ ਬੀਬੀ ਸਟੈਫਨੀ ਕਿਮ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਦੁੱਖ ਦੀ ਘੜੀ ਵਿਚ ਉਹ ਪੀੜਤ ਪਰਿਵਾਰਾਂ ਤੇ ਉਨ੍ਹਾਂ ਦੇ ਮਿੱਤਰਾਂ ਦੋਸਤਾਂ ਨਾਲ ਖੜ੍ਹੇ ਹਨ।

# ਅਮਰੀਕਾ ਦੇ ਇੰਡਿਆਨਾ ਰਾਜ ਵਿਚ 3 ਸਾਲ ਦੇ ਬੱਚੇ ਨੇ ਚਲਾਈ ਗੋਲੀ, ਮਾਂ ਸਮੇਤ 2 ਜ਼ਖਮੀ

## *ਜ਼ਖਮੀ ਵਿਅਕਤੀ ਕਤਲ ਦੇ ਮਾਮਲੇ ਵਿਚ ਲੋੜੀਂਦਾ ਸੀ, ਹੋਇਆ ਗ੍ਰਿਫਤਾਰ*



ਲਫੇਅਟ, ਇੰਡਿਆਨਾ ਵਿਖੇ ਗੋਲੀ ਚੱਲਣ ਉਪਰੰਤ ਘਟਨਾ ਸਥਾਨ ਦੀ ਪੁਲਿਸ ਵੱਲੋਂ ਕੀਤੀ ਨਾਕਾਬੰਦੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਇੰਡਿਆਨਾ ਰਾਜ ਵਿਚ ਲਫੇਅਟ ਵਿਖੇ ਇਕ 3 ਸਾਲ ਦੇ ਬੱਚੇ ਨੇ ਗੋਲੀ ਚਲਾ ਕੇ ਆਪਣੀ ਮਾਂ ਤੇ ਇਕ ਹੋਰ ਵਿਅਕਤੀ ਨੂੰ ਜ਼ਖਮੀ ਕਰ ਦਿੱਤਾ। ਲਫੇਅਟ ਪੁਲਿਸ ਵਿਭਾਗ ਦੇ ਲੈਫਟੀਨੈਂਟ ਜਸਟਿਨ ਹਾਰਟਮੈਨ ਨੇ ਕਿਹਾ ਹੈ ਕਿ ਜ਼ਖਮੀ ਹੋਇਆ ਵਿਅਕਤੀ ਇਕ ਕਤਲ ਦੇ ਮਾਮਲੇ ਵਿਚ ਲੋੜੀਂਦਾ ਸੀ ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨਾਂ ਕਿਹਾ ਕਿ ਬੱਚੇ ਕੋਲ ਗੰਨ ਕਿਥੋਂ ਆਈ ਜਾਂ ਕਿਸ ਕਿਸਮ ਦਾ ਹਥਿਆਰ ਬੱਚੇ ਨੇ ਵਰਤਿਆ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਹਾਰਟਮੈਨ ਅਨੁਸਾਰ ਜ਼ਖਮੀ ਵਿਅਕਤੀ 23 ਸਾਲਾ ਟਰੇਸ਼ੌਨ ਸਮਿੱਥ ਬੱਚੇ ਦੀ ਮਾਂ ਦਾ ਦੋਸਤ ਸੀ ਜੋ ਉਨਾਂ ਦੇ ਘਰ ਆਉਂਦਾ ਜਾਂਦਾ ਰਹਿੰਦਾ ਸੀ। ਉਸ ਵਿਰੁੱਧ ਕੁੱਕ ਕਾਊਂਟੀ ,ਇਲੀਨੋਇਸ ਵੱਲੋਂ ਇਕ ਕਤਲ ਦੇ ਮਾਮਲੇ ਵਿਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹੋਏ ਸਨ। ਉਨਾਂ ਕਿਹਾ ਕਿ ਲਫੇਅਟ ਪੁਲਿਸ ਵਿਭਾਗ ਸਮਿਥ ਦੀ ਗ੍ਰਿਫਤਾਰੀ ਸਬੰਧੀ ਕੁੱਕ ਕਾਊਂਟੀ ਦੇ ਮਾਰਖਮ ਪੁਲਿਸ ਵਿਭਾਗ ਨਾਲ ਸਹਿਯੋਗ ਕਰ ਰਿਹਾ ਹੈ।


ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਕੰਢੀ ਦਾ ਕਿਸਾਨ ਖ਼ੁਦਕੁਸ਼ੀ ਨਹੀਂ ਕਰਦਾ

ਕੰਢੀ ਖੇਤਰ ਬਾਕੀ ਪੰਜਾਬ ਨਾਲੋਂ ਆਪਣੀ ਸੰਸਕ੍ਰਿਤੀ, ਸੱਭਿਆਚਾਰ, ਇਤਿਹਾਸ, ਭੂਗੋਲ ਅਤੇ ਖੇਤੀਬਾੜੀ ਆਦਿ ਦੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ ਕਰਕੇ ਜਾਣਿਆਂ ਜਾਂਦਾ ਹੈ। ਇਸ ਗੱਲ ਤੋਂ ਸਾਰੇ ਜਾਣੂ ਹਨ ਕਿ ਪੰਜਾਬ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਵੱਡੇ-ਵੱਡੇ ਅੰਕੜੇ ਵਿਧਾਨ ਸਭਾ ਤੇ ਲੋਕ ਸਭਾ ਵਿਚ ਚਰਚਾ ਤੇ ਚਿੰਤਾ ਦਾ ਵਿਸ਼ਾ ਬਣਦੇ ਹਨ। ਪਰ ਇਹ ਵੀ ਸੱਚ ਹੈ ਕਿ ਕੰਢੀ ਦੇ ਕਿਸਾਨ ਬੇਹੱਦ ਵਿਰੋਧੀ ਹਾਲਤਾਂ ਵਿਚ ਵੀ ਖ਼ੁਦਕੁਸ਼ੀ ਦਾ ਰਾਹ ਨਹੀਂ ਅਪਣਾਉਂਦੇ। ਸਤਰਾਂ ਦਾ ਲੇਖਕ ਕੰਢੀ ਦਾ ਜੰਮ-ਪਲ ਅਤੇ ਛੋਟੀ ਕਿਸਾਨੀ ਵਾਲੇ ਪਰਿਵਾਰ ਨਾਲ ਸੰਬੰਧਿਤ ਹੈ। ਕੰਡੀ ਦੇ ਪਹਾੜੀ ਇਲਾਕੇ ਵਿਚ ਖੇਤੀ ਨਿਰੋਲ ਇੰਦਰ ਦੇਵਤਾ ਦੀ ਮਿਹਰਬਾਨੀ ’ਤੇ ਨਿਰਭਰ ਹੁੰਦੀ ਹੈ। ਇੱਥੋਂ ਦੀ ਪ੍ਰਮੁੱਖ ਫ਼ਸਲ ਮੱਕੀ ਹੈ। ਕੰਡੀ ਦੀ 90 ਫ਼ੀਸਦੀ ਖੇਤੀਯੋਗ ਜ਼ਮੀਨ ’ਤੇ ਸਿੰਜਾਈ ਲਈ ਕੋਈ ਬਦਲਵੇਂ ਸਾਧਨ ਨਹੀਂ ਹਨ। ਜੇ ਇੱਥੇ ਸਮੇਂ ਸਿਰ ਮੀਂਹ ਪੈ ਵੀ ਜਾਵੇ, ਪਥਰੀਲੀ ਤੇ ਪਹਾੜੀ ਜ਼ਮੀਨ ’ਤੇ ਫ਼ਸਲ ਉੱਗ ਵੀ ਜਾਵੇ ਤਾਂ ਉਸ ਦੀ ਸਿੰਜਾਈ ਲਈ ਫਿਰ ਸਮੇਂ ਸਿਰ ਬਰਸਾਤ ਹੋ ਜਾਵੇ ਇਹ ਵੀ ਜ਼ਰੂਰੀ ਨਹੀਂ ਹੁੰਦਾ। ਵਰਖਾ ਦੀ ਅਣਹੋਂਦ ਕਰਕੇ ਕਈ ਵਾਰ ਤਾਂ ਉਸ ਦਾ ਬੀਅ ਵੀ ਅਜਾਈਂ ਚਲਿਆ ਜਾਂਦਾ ਹੈ। ਜੇ ਕਿਧਰੇ ਸਮੇਂ ਸਿਰ ਵਰਖਾ ਹੋਣ ਕਰਕੇ ਫ਼ਸਲ ਨਿੱਸਰ ਗਈ, ਹੁਣ ਪਕਦੀ ਹੋਈ ਫ਼ਸਲ ਨੂੰ ਜੰਗਲੀ ਜਾਨਵਰਾਂ ਤੋਂ ਬਚਾਉਣਾ ਕਿਸਾਨ ਲਈ ਸਭ ਤੋਂ ਵੱਡੀ ਸਮੱਸਿਆ ਬਣ ਜਾਂਦੀ ਹੈ। ਉਹ ਰਾਤ-ਰਾਤ ਭਰ ਮਣਹੇ ’ਤੇ ਜਾਗ ਕੇ ਆਪਣੀ ਫ਼ਸਲ ਨੂੰ ‘ਭੂਤੜਾਂ’ (ਜੰਗਲੀ ਸੂਰਾਂ, ਨੀਲ ਗਾਵਾਂ, ਸਾਂਭਰਾਂ, ਬਾਂਦਰਾਂ ਆਦਿ) ਤੋਂ ਬਚਾਉਣ ਲਈ ਸਿਰ-ਧੜ ਦੀ ਬਾਜ਼ੀ ਲਾਉਂਦਾ ਹੈ। ਇਕ ਰਾਤ ਦਾ ਅਵੇਸਲਾਪਨ ਵੀ ਉਸ ਦੀ ਸਾਰਾ ਸਾਲ ਦੀ ਕਮਾਈ ’ਤੇ ਪਾਣੀ ਫੇਰ ਦਿੰਦਾ ਹੈ। ਫਿਰ ਝੱਖੜਾਂ, ਹਨੇਰੀਆਂ ਤੋਂ ਬਚਾ ਕੇ ਅਨਾਜ ਨੂੰ ਘਰ ਪਹੁੰਚਾਉਣ ਤੱਕ ਉਸ ਦੇ ਸਾਹ ਸੂਤੇ ਰਹਿੰਦੇ ਹਨ। ਕੰਡੀ ਵਿਚ ਛੋਟੀ ਕਿਸਾਨੀ ਹੋਣ ਕਰਕੇ ਮਸਾਂ ਆਪਣੇ ਹੀ ਗੁਜ਼ਾਰੇ ਜੋਗਾ ਦਾਣਾ-ਫੱਕਾ ਪੈਦਾ ਹੁੰਦਾ ਹੈ ਅਤੇ ਕਿਸਾਨ ਮੰਡੀਆਂ-ਆੜ੍ਹਤੀਆਂ ਦੇ ਤੇਂਦੂਆ ਜਾਲ ਤੋਂ ਬਚਿਆ ਰਹਿੰਦਾ ਹੈ। ਕਈ ਵਾਰੀ ਛੋਟੇ-ਮੋਟੇ ਆੜ੍ਹਤੀਏ ਤੇ ਵਪਾਰੀ ਆਪ ਹੀ ਇਨ੍ਹਾਂ ਪਿੰਡਾਂ ਵਿਚ ਆ ਕੇ ਅਨਾਜ ਦਾ ਵਾਜਬ ਮੁੱਲ ਦੇ ਕੇ ਅਨਾਜ ਖ਼ਰੀਦ ਕੇ ਲੈ ਜਾਂਦੇ ਹਨ। ਕਿਸਾਨ ਨੂੰ ਮੰਡੀਆਂ-ਆੜ੍ਹਤੀਆਂ ਦੇ ਗੇੜੇ ਨਹੀਂ ਮਾਰਨੇ ਪੈਂਦੇ। ਪਰ ਕਈ ਵਾਰੀ ਕੁਦਰਤ ਮਿਹਰਬਾਨ ਨਹੀਂ ਹੁੰਦੀ। ਫ਼ਸਲ ਨਹੀਂ ਹੁੰਦੀ ਜਾਂ ਸੋਕੇ ਜਾਂ ਜੰਗਲੀ ਜਾਨਵਰਾਂ ਕਰਕੇ ਫ਼ਸਲ ਬਰਬਾਦ ਵੀ ਹੋ ਜਾਂਦੀ ਹੈ ਤਾਂ ਕਿਸਾਨ ਨੂੰ ਕਿਸੇ ਮੁਆਵਜ਼ੇ ਦੀ ਵੀ ਆਸ ਨਹੀਂ ਹੁੰਦੀ ਤਦ ਵੀ ਟੁੱਟਿਆ-ਹਾਰਿਆ-ਹੰਭਿਆ ਨਿਰਾਸ਼ ਕੰਢੀ ਦਾ ਕਿਸਾਨ ਖ਼ੁਦਕੁਸ਼ੀ ਦਾ ਰਾਹ ਨਹੀਂ ਅਪਣਾਉਂਦਾ। ਇਸ ਦੇ ਪਿੱਛੇ ਕਈ ਕਾਰਨ ਹਨ। ਕੰਢੀ ਦਾ ਕਿਸਾਨ ਕਰਜ਼ਾ ਲੈਣ ਤੋਂ ਗੁਰੇਜ ਕਰਦਾ ਹੈ। ਉਹ ਤੰਗਹਾਲੀ ਵਿਚ ਅਚਾਰ-ਗੰਢੇ ਨਾਲ ਰੋਟੀ ਖਾ ਕੇ ਸਾਰ ਲੈਂਦਾ ਹੈ। ਉਹ ਆਪਣਾ ‘ਸਟੇਟਸ’ ਬਰਕਰਾਰ ਰੱਖਣ ਅਤੇ ਪ੍ਰਦਰਸ਼ਨ ਦੀ ਦੌੜ ਵਿੱਚ ਸ਼ਾਮਿਲ ਨਹੀਂ ਹੁੰਦਾ। ਵਿਰਸੇ ਵਿਚ ਮਿਲਿਆ ਉਸ ਦਾ ਸਬਰ ਸੰਤੋਖ ਉਸ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਲਈ ਤਾਕਤ ਬਖ਼ਸ਼ਦਾ ਹੈ। ਉਸ ਦਾ ਰਹਿਣ-ਸਹਿਣ ਸਾਧਾਰਨ ਹੈ। ਵਿਆਹ-ਸ਼ਾਦੀਆਂ ਜਾਂ ਹੋਰ ਮੌਕਿਆਂ ’ਤੇ ਵਿੱਤੋਂ ਬਾਹਰ ਹੋ ਕੇ ਖ਼ਰਚ ਨਹੀਂ ਕਰਦਾ। ਕਿਸੇ ਦੀ ਧੀ-ਭੈਣ ਦੇ ਵਿਆਹ ਜਾਂ ਜੀਣ-ਮਰਨ ਸਮੇਂ ਵੀ ਉੱਥੋਂ ਦਾ ਭਾਈਚਾਰਾ ਇਕ-ਦੂਸਰੇ ਦੀ ਮਦਦ ਕਰਨ ਵਿਚ ਵਿਸ਼ਵਾਸ਼ ਰੱਖਦਾ ਹੈ। ਕੰਢੀ ਦਾ ਕਿਸਾਨ ਆਪਣੀਆਂ ਸੀਮਾਂਵਾਂ ਅਤੇ ਸਮੱਰਥਾਵਾਂ ਨੂੰ ਜਾਣਦਾ-ਪਛਾਣਦਾ ਹੈ। ਆਪਣੇ ਖ਼ਰਚਿਆਂ ਦੇ ਸੀਮਤ ਦਾਇਰੇ ਵਿਚ ਹੀ ਰਹਿਣਾ ਪਸੰਦ ਕਰਦਾ ਹੈ। ਰੱਬ ਦਾ ਖ਼ੌਫ਼ ਵੀ ਖਾਂਦਾ ਹੈ ਅਤੇ ਕੁਦਰਤ ਤੇ ਕਿਸਮਤ ’ਤੇ ਵੀ ਵਿਸ਼ਵਾਸ਼ ਕਰਦਾ ਹੈ। ਸੋਕਾ ਜਾਂ ਫ਼ਸਲ ਬਰਬਾਦ ਹੋਣ ’ਤੇ ਉਹ ਨੇੜਲੇ ਸ਼ਹਿਰਾਂ ਵਿਚ ਮਿਹਨਤ-ਮਜ਼ਦੂਰੀ ਕਰਨ ਚਲਿਆ ਜਾਂਦਾ ਹੈ ਪਰ ਉਹ ਖ਼ੁਦਕੁਸ਼ੀਆਂ ਦੇ ਰਾਹ ਨਹੀਂ ਪੈਂਦਾ। ਬੇਸ਼ੱਕ ਕੰਢੀ ਖੇਤਰ ਵਿਚ ਹੁਣ ਸੜਕਾਂ ਅਤੇ ਆਵਾਜਾਈ ਦੇ ਸਾਧਨ ਵੀ ਮੌਜੂਦ ਹਨ ਪਰ ਪਹਾੜੀ ਇਲਾਕਾ ਹੋਣ ਕਰਕੇ ਕਈ ਥਾਂ ਅਜੇ ਵੀ ਟਰੈਕਟਰਾਂ ਨਾਲ ਖੇਤੀ ਸੰਭਵ ਨਹੀਂ ਹੈ। ਉਹ ਆਧੁਨਿਕ ਤਕਨੀਕਾਂ ਦੀ ਥਾਂ ਪ੍ਰੰਪਰਾਗਤ ਤਕਨੀਕਾਂ ਅਪਣਾਉਣ ਲਈ ਮਜਬੂਰ ਹੈ। ਆਪਣੀ ਫ਼ਸਲ ਨੂੰ ਜੰਗਲੀ ਜਾਨਵਰਾਂ ਦੀ ਮਾਰ ਤੋਂ ਬਚਾਉਣ ਲਈ ਆਪਣੇ ਖੇਤਾਂ ਦੀ ਫੈਂਸਿੰਗ ਕਰਨ ਲਈ ਵੀ ਨਾ ਸਾਧਨ ਹਨ ਤੇ ਨਾ ਹੀ ਸਰਕਾਰ ਵਲੋਂ ਆਰਥਿਕ ਮਦਦ ਹਾਸਲ ਹੁੰਦੀ ਹੈ। ਹਾਲਾਂਕਿ ਕੰਢੀ ਦਾ ਖੇਤਰ ਜੰਗਲ, ਰੇਤਾ, ਬਜਰੀ, ਮਿੱਟੀ ਅਤੇ ਗਟਕਾ ਕਰਕੇ ਸਰਕਾਰ ਲਈ ਸੋਨੇ ਦੀ ਖ਼ਾਣ ਬਣਿਆ ਹੋਇਆ ਹੈ। ਫ਼ਸਲ ਦੀ ਰਾਖੀ ਕਰਦਿਆਂ ਜੰਗਲੀ ਜਾਨਵਰਾਂ ਹੱਥੋਂ ਮੌਤ ਹੋਣ ’ਤੇ ਵੀ ਕੋਈ ਸਰਕਾਰੀ ਮਦਦ ਨਹੀਂ ਮਿਲਦੀ। ਸੀਮਤ ਸਾਧਨਾਂ ਕਰਕੇ ਕੰਢੀ ਇਲਾਕੇ ਦੇ ਕਿਸਾਨ ਦੇ ਘਰ ਵੀ ਸਧਾਰਨ ਹਨ। ਉਹ ਟ ?ਰੈਕਟਰਾਂ, ਕਾਰਾਂ, ਮੋਟਰਸਾਇਕਲਾਂ ਜਾਂ ਲਗਜ਼ਰੀ ਜੀਵਨ ਜੀਉਣ ਦੀ ਦੌੜ ਵਿਚ ਸ਼ਾਮਿਲ ਨਹੀਂ ਹੋਇਆ। ਥੋੜ੍ਹੀ-ਥੋੜ੍ਹੀ ਜ਼ਮੀਨ ਹੋਣ ਕਰਕੇ ਕੰਢੀ ਦਾ ਕਿਸਾਨ ਅਕਸਰ ਮੁਕੱਦਮੇਬਾਜ਼ੀਆਂ ਤੋਂ ਵੀ ਬਚਿਆ ਰਹਿੰਦਾ ਹੈ। ਕੰਢੀ ਦੇ ਕਿਸਾਨ ਦੇ ਸਿਰ ’ਤੇ ਆਪਣੇ ਬੱਚੇ ਵਿਦੇਸ਼ਾਂ ਵਿਚ ਭੇਜਣ ਦਾ ਜਨੂੰਨ ਵੀ ਅਜੇ ਸਵਾਰ ਨਹੀਂ ਹੈ।

ਇਸ ਤੋਂ ਉਲਟ ਬਾਕੀ ਪੰਜਾਬ ਦੇ ਜ਼ਿਆਦਾਤਰ ਕਿਸਾਨ ਉਪਰੋਕਤ ਸਾਰੀਆਂ ਅਲਾਮਤਾਂ ਦੇ ਸ਼ਿਕਾਰ ਹਨ। ਕਈ ਦਰਮਿਆਨੇ ਤੇ ਕਈ ਸੈਂਕੜੇ ਕਿੱਲਿਆਂ ਦੇ ਮਾਲਿਕ ਹਨ। ਉਨ੍ਹਾਂ ਦੇ ਆਪਣੇ ਬੱਚੇ ਬੇਸ਼ਕ ਵਿਦੇਸ਼ਾਂ ਵਿਚ ਮਜ਼ਦੂਰੀ ਕਰਦੇ ਹੋਣ ਪਰ ਉਨ੍ਹਾਂ ਦੀ ਸਾਰੀ ਖੇਤੀ ਪ੍ਰਵਾਸੀ ਮਜ਼ਦੂਰਾਂ ਦੇ ਸਿਰ ’ਤੇ ਹੁੰਦੀ ਹੈ। ਉਹ ਵੱਡੀਆਂ-ਵੱਡੀਆਂ ਹਵੇਲੀਆਂ ਖੜ੍ਹੀਆਂ ਕਰਨ ਲਈ, ਲਗਜਰੀ ਆਈਟਮਾਂ ਖ਼ਰੀਦਣ ਲਈ, ਵਿਆਹਾਂ-ਸ਼ਾਦੀਆਂ ਤੇ ਵਿੱਤੋਂ ਬਾਹਰ ਪ੍ਰਦਰਸ਼ਨ ਕਰਨ ਲਈ, ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਬੱਚੇ ਬਾਹਰਲੇ ਮੁਲਕ ਭੇਜਣ ਲਈ, ਵਿਹੜੇ ਵਿਚ ਮਹਿੰਗੇ ਟ ?ਰੈਕਟਰ-ਕਾਰਾਂ ਅਤੇ ਹੋਰ ਵੱਡਮੁਲਾ ਸਾਮਾਨ ਰੱਖ ਕੇ ਆਪਣਾ ‘ਸਟੇਟਸ ਸਿੰਬਲ’ ਦੱਸਣ ਲਈ ਅੰਨ੍ਹੇਵਾਹ ਖ਼ਰਚ ਕਰਦੇ ਹਨ। ਬੈਂਕਾਂ, ਆੜ੍ਹਤੀਆਂ ਤੋਂ ਵੱਡੇ-ਵੱਡੇ ਕਰਜ਼ੇ ਲੈਣ ਲੱਗਿਆਂ ਜ਼ਰਾ ਵੀ ਨਹੀਂ ਸੋਚਦੇ ਕਿ ਇਸ ਨੂੰ ਮੋੜਨਾ ਕਿਵੇਂ ਹੈ? ਜਦੋਂ ਇਸ ਕਰਜ਼ੇ ਦੀਆਂ ਕਿਸ਼ਤਾਂ ਲਾਹੁਣੀਆਂ ਔਖੀਆਂ ਹੋ ਜਾਂਦੀਆਂ ਹਨ। ਬੈਂਕ ਵਾਲੇ ਜ਼ਮੀਨਾਂ ਅਤੇ ਘਰਾਂ ’ਤੇ ਕਬਜ਼ਾ ਕਰਨ ਤੁਰ ਪੈਂਦੇ ਹਨ ਤਾਂ ਫਿਰ ਇਹ ਖ਼ੁਦਕੁਸ਼ੀ ਦਾ ਰਾਹ ਚੁਣਨ ਲਈ ਮਜਬੂਰ ਹੁੰਦੇ ਹਨ। ਕੀ ਕਾਰਨ ਹੈ ਕਿ ਬਿਜਲੀ, ਪਾਣੀ, ਬੀਜਾਂ, ਖਾਦਾਂ, ਫ਼ਸਲਾਂ ਦੀਆਂ ਦਵਾਈਆਂ, ਖੇਤੀ ਦੇ ਸੰਦਾਂ ਅਤੇ ਪੌਦਾਰੋਪਣ ਆਦਿ ਲਈ ਸਬਸਿਡੀਆਂ ਅਤੇ ਸਮੇਂ-ਸਮੇਂ ’ਤੇ ਸਰਕਾਰ ਤੋਂ ਮੁਆਵਜ਼ਾ ਪ੍ਰਾਪਤ ਕਰਨ ਦੇ ਬਾਵਜੂਦ ਵੀ ਉੱਥੋਂ ਦਾ ਕਿਸਾਨ ਖ਼ੁਦਕੁਸ਼ੀ ਦਾ ਰਾਹ ਕਿਉਂ ਚੁਣਦਾ ਹੈ? ਇਸ ਸੰਬੰਧੀ ਸਾਰੇ ਪਹਿਲੂਆਂ ਤੋਂ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਸ ਸੰਦਰਭ ਵਿਚ ਹੀ ਸਾਨੂੰ ਕੰਡੀ ਦੇ ਕਿਸਾਨ ਦੇ ਸਬਰ-ਸੰਤੋਖ ਤੋਂ ਵੀ ਸਬਕ ਲੈਣ ਦੀ ਲੋੜ ਹੈ।

-ਡਾ. ਧਰਮਪਾਲ ਸਾਹਿਲ

# ਪਾਕਿਸਤਾਨ ਨੂੰ ਡੱਕਣ ਦੀ ਚੁਣੌਤੀ ਸੌਖੀ ਨਹੀਂ

**ਮਨੋਜ ਜੋਸ਼ੀ**



ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿਚ ਕੰਢੀ ਦੇ ਸੰਘਣੇ ਜੰਗਲਾਂ ਵਿਚ 5 ਮਈ ਨੂੰ ਫ਼ੌਜ ਦੇ ਤਲਾਸ਼ੀ ਅਪਰੇਸ਼ਨ ਦੌਰਾਨ ਹੋਏ ਦਹਿਸ਼ਤੀ ਹਮਲੇ ਵਿਚ ਪੰਜ ਫ਼ੌਜੀ ਜਵਾਨ ਹਲਾਕ ਹੋ ਗਏ ਅਤੇ ਇਕ ਅਫਸਰ ਜ਼ਖ਼ਮੀ ਹੋ ਗਿਆ। ਕਾਫ਼ੀ ਹੱਦ ਤੱਕ ਪੱਕਾ ਹੈ ਕਿ ਇਨ੍ਹਾਂ ਹਮਲਿਆਂ ਨੂੰ ਪਾਕਿਸਤਾਨ ਵਾਲੇ ਪਾਸਿਉਂ ਅਸਲ ਕੰਟਰੋਲ ਲਕੀਰ (ਐਲਓਸੀ) ਪਾਰੋਂ ਆਏ ਜਹਾਦੀਆਂ ਨੇ ਅੰਜਾਮ ਦਿੱਤਾ। ਇਸ ਤੋਂ ਦੋ ਹਫ਼ਤੇ ਪਹਿਲਾਂ 20 ਅਪਰੈਲ ਨੂੰ ਵੀ ਇਸ ਦੇ ਲਾਗਲੇ ਇਲਾਕੇ ਵਿਚ ਭਿੰਬੜ ਗਲੀ ਤੋਂ ਸੂਰਨਕੋਟ ਨੂੰ ਜਾਂਦੀ ਸੜਕ ਉਤੇ ਘਾਤ ਲਾ ਕੇ ਕੀਤੇ ਹਮਲੇ ਵਿਚ ਰਾਸ਼ਟਰੀ ਰਾਈਫਲਜ਼ ਨਾਲ ਸੰਬੰਧਿਤ ਪੰਜ ਭਾਰਤੀ ਫ਼ੌਜੀ ਜਵਾਨਾਂ ਦੀ ਜਾਨ ਚਲੀ ਗਈ ਸੀ।

ਇਸ ਸੰਬੰਧ ਵਿਚ ਸਰਕਾਰੀ ਪੱਧਰ ’ਤੇ ਬਸ ਇਹੋ ਪ੍ਰਤੀਕਿਰਿਆ ਆਈ ਹੈ ਕਿ ਇਕ ਪਾਸੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਗੋਆ ਵਿਚ ਐਸਸੀਓ ਸਿਖਰ ਸੰਮੇਲਨ ਦੌਰਾਨ ਇਸ ਹਮਲੇ ਦੀ ਨਿਖੇਧੀ ਕੀਤੀ; ਦੂਜੇ ਪਾਸੇ ਰੱਖਿਆ ਮੰਤਰੀ ਰਾਜਨਾਥ ਸਿੰਘ ਮਾਰੇ ਗਏ ਜਵਾਨਾਂ ਦਾ ਸੁਰੱਖਿਆ ਬਲਾਂ ਕੋਲ ਅਫ਼ਸੋਸ ਜ਼ਾਹਰ ਕਰਨ ਲਈ ਦੌਰੇ ਉਤੇ ਪੁੱਜੇ। ਇਹ ਭਾਵੇਂ ਚੋਣਾਂ ਦਾ ਦੌਰ ਸੀ, ਤਾਂ ਵੀ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਇਸ ਮਾਮਲੇ ਉਤੇ ਕੁੱਲ ਮਿਲਾ ਕੇ ਚੁੱਪ ਹੀ ਧਾਰੀ ਰੱਖੀ ਹੈ। ਇਸ ਦੇ ਉਲਟ ਚਾਰ ਸਾਲ ਪਹਿਲਾਂ ਫਰਵਰੀ 2019 ਨੂੰ ਚੇਤੇ ਕਰੋ ਜਦੋਂ ਪੁਲਵਾਮਾ ਵਿਚ ਬੰਬ ਧਮਾਕੇ ਵਿਚ 40 ਭਾਰਤੀ ਜਵਾਨਾਂ ਦੇ ਸ਼ਹੀਦ ਹੋ ਜਾਣ ਦੀ ਘਟਨਾ ਦਾ ਬਦਲਾ ਲੈਣ ਲਈ ਭਾਰਤ ਨੇ ਜਵਾਬੀ ਕਾਰਵਾਈ ਵਿਚ ਪਾਕਿਸਤਾਨ ਦੇ ਬਾਲਾਕੋਟ ਵਿਚ ਹਵਾਈ ਹਮਲਾ ਕੀਤਾ ਸੀ। ਇਹ ਅਜਿਹੀ ਘਟਨਾ ਸੀ ਜਿਸ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਜ਼ੋਰਦਾਰ ਹਵਾਈ ਲੜਾਈ ਦਾ ਮੁੱਢ ਬੰਨ੍ਹ ਦਿੱਤਾ ਸੀ ਜਿਸ ਦੌਰਾਨ ਇਕ ਪਾਕਿਸਤਾਨੀ ਐਫ-16 ਅਤੇ ਇਕ ਭਾਰਤੀ ਮਿੱਗ-21 ਜਹਾਜ਼ ਡੁੰਡੇ ਗਏ ਸਨ।

ਇਸੇ ਤਰ੍ਹਾਂ 2016 ਵਿਚ ਐਲਓਸੀ ਨੇੜੇ ਉੜੀ ਵਿਚ ਭਾਰਤੀ ਬ੍ਰਿਗੇਡ ਹੈੱਡਕੁਆਰਟਰ ਉਤੇ ਹੋਏ ਪਾਕਿਸਤਾਨੀ ਹਮਲੇ ਵਿਚ 19 ਭਾਰਤੀ ਜਵਾਨ ਮਾਰੇ ਗਏ ਸਨ ਤਾਂ ਭਾਰਤ ਨੇ 11 ਦਿਨਾਂ ਬਾਅਦ ਸਰਹੱਦ ਪਾਰ ਜਾ ਕੇ ਇਕੋ ਵੇਲੇ ਫ਼ੌਜੀ ਕਾਰਵਾਈ ਕੀਤੀ ਸੀ। ਉਂਝ ਇਸ ਨੂੰ ਭਾਰਤੀ ਫ਼ੌਜ ਦੀ ਜਵਾਬੀ ਕਾਰਵਾਈ ਦੀ ਥਾਂ ‘ਸਰਜੀਕਲ’ ਸਟਰਾਈਕ ਕਰਾਰ ਦਿੱਤਾ ਗਿਆ ਸੀ। ਕੀ ਅਸੀਂ ਆਗਾਮੀ ਦਿਨਾਂ ਦੌਰਾਨ ਭਾਰਤ ਵੱਲੋਂ ਅਜਿਹੀ ਕਿਸੇ ਜਵਾਬੀ ਕਾਰਵਾਈ ਦੀ ਉਮੀਦ ਕਰ ਸਕਦੇ ਹਾਂ? ਇਸ ਤੱਥ ਦੇ ਬਾਵਜੂਦ ਕਿ ਇਹ ਚੋਣਾਂ ਦਾ ਸਮਾਂ ਸੀ, ਕਰਨਾਟਕ ਚੋਣ ਮੁਹਿੰਮ ਦੌਰਾਨ ਇਨ੍ਹਾਂ ਘਟਨਾਵਾਂ ਦਾ ਕੋਈ ਖ਼ਾਸ ਜ਼ਿਕਰ ਨਹੀਂ ਕੀਤਾ ਗਿਆ; ਉੜੀ ਅਤੇ ਪੁਲਵਾਮਾ ਦਹਿਸ਼ਤੀ ਹਮਲਿਆਂ ਨੇ 2017 ਵਿਚ ਯੂਪੀ ਦੀਆਂ ਵਿਧਾਨ ਸਭਾ ਚੋਣਾਂ ਅਤੇ ਫਿਰ 2019 ਦੀਆਂ ਆਮ ਚੋਣਾਂ ਦੌਰਾਨ ਚੋਣ ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਜਵਾਬੀ ਕਾਰਵਾਈ ਕਰਨ ਜਾਂ ਨਾ ਕਰਨ ਬਾਰੇ ਸਰਕਾਰ ਦੀਆਂ ਗਿਣਤੀਆਂ-ਮਿਣਤੀਆਂ ਕੀ ਹਨ? ਕੀ ਇਸ ਸੰਬੰਧੀ ਕੋਈ ਅੜਿੱਕਾ ਹੈ? ਜਿਥੋਂ ਤੱਕ ਗਿਣਤੀ ਦਾ ਸਵਾਲ ਹੈ, ਦੋ ਹਫ਼ਤਿਆਂ ਦੌਰਾਨ 10 ਜਵਾਨਾਂ ਦੀ ਮੌਤ ਦੀ ਗਿਣਤੀ ਉੜੀ ਵਿਚ ਹੋਈਆਂ 19 ਅਤੇ ਪੁਲਵਾਮਾ ਵਿਚ 40 ਮੌਤਾਂ ਤੋਂ ਘੱਟ ਨਹੀਂ ਜਾਪਦੀ, ਤੇ ਇਨ੍ਹਾਂ ਸਾਰੇ ਹਮਲਿਆਂ ਲਈ ਪਾਕਿਸਤਾਨੀ ਜਹਾਦੀਆਂ ਨੂੰ ਹੀ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਹੈ। ਕੀ ਇਹ ਪ੍ਰਕਿਰਆ ਪੂਰੀ ਤਰ੍ਹਾਂ ਚੋਣਵੇਂ ਢੰਗ ਨਾਲ ਕੀਤੀ ਜਾਣ ਵਾਲੀ ਹੈ ਜਿਹੜੀ ਅਜੋਕੀਆਂ ਸਿਆਸੀ ਮਜਬੂਰੀਆਂ ਉਤੇ ਨਿਰਭਰ ਹੈ? ਜੇ ਭਾਰਤੀ ਫ਼ੌਜ ਦਾ ਟੀਚਾ ਜੰਮੂ ਕਸ਼ਮੀਰ ਵਿਚ ਸਾਡੀਆਂ ਫ਼ੌਜਾਂ ਉਤੇ ਪਾਕਿਸਤਾਨੀ ਹਮਲਿਆਂ ਨੂੰ ਰੋਕਣਾ ਹੈ ਤਾਂ ਯਕੀਨਨ ਭਾਰਤੀ ਜਵਾਨਾਂ ਉਤੇ ਹੋਣ ਵਾਲੇ ਹਰ ਵੱਡੇ ਹਮਲੇ ਦਾ ਭਾਰਤੀ ਫ਼ੌਜ ਵੱਲੋਂ ਢੁਕਵਾਂ ਜਵਾਬ ਦਿੱਤਾ ਜਾਵੇਗਾ। ਜੇ ਪਾਕਿਸਤਾਨ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਭਾਰਤ ਵੱਲੋਂ ਆਪਣੇ ਆਪ ਜਵਾਬੀ ਕਾਰਵਾਈ ਨਹੀਂ ਕੀਤੀ ਜਾਵੇਗੀ ਤਾਂ ਇਸ ਦਾ ਹਿਸਾਬ ਸਿੱਧਾ ਹੋਵੇਗਾ ਅੱਗੇ ਵਧੋ ਅਤੇ ਜੋਖ਼ਮ ਉਠਾਉ। ਅਫ਼ਸੋਸ ਦੀ ਗੱਲ ਹੈ ਕਿ ਪਿਛਲੇ ਦਹਾਕਿਆਂ ਤੋਂ ਇਸ ਮੁਤੱਲਕ ਜੋ ਕੁਝ ਚੱਲ ਰਿਹਾ ਹੈ, ਉਸ ਤੋਂ ਇਸ ਮਾਮਲੇ ਉਤੇ ਭਾਰਤ ਦੇ ਉਲਝਣ ਵਿਚ ਹੋਣ ਦੇ ਸੰਕੇਤ ਮਿਲਦੇ ਹਨ। ਅਜਿਹੀਆਂ ਘਟਨਾਵਾਂ ਉਤੇ ਭਾਰਤ ਦੀ ਪ੍ਰਤੀਕਿਰਿਆ ਉਦਾਸੀਨਤਾ ਅਤੇ ਕੁਝ ਵੀ ਨਾ ਕਰਨ ਤੋਂ ਲੈ ਕੇ ਹਮਲਾਵਰ ਰੁਖ਼ ਅਪਣਾਉਣ ਤੱਕ ਦੀ ਰਹੀ ਹੈ ਜਿਸ ਤੋਂ ਕੁਝ ਵੀ ਸਾਫ਼ ਪਤਾ ਨਹੀਂ ਚੱਲਦਾ।

ਕਥਿਤ ਸਰਜੀਕਲ ਸਟਰਾਈਕ ਤੋਂ ਦੋ ਮਹੀਨੇ ਬਾਅਦ ਨਵੰਬਰ 2016 ਵਿਚ ਜੈਸ਼-ਏ-ਮੁਹੰਮਦ ਨੇ ਭਾਰਤੀ ਫ਼ੌਜ ਦੀ 16ਵੀਂ ਕੋਰ ਦੇ ਜੰਮੂ ਨੇੜੇ ਨਗਰੋਟਾ ਸਥਿਤ ਹੈੱਡਕੁਆਰਟਰ ਉਤੇ ਹਮਲਾ ਕਰ ਕੇ 10 ਜਵਾਨਾਂ ਦੀ ਜਾਨ ਲੈ ਲਈ। ਭਾਰਤ ਨੇ ਇਸ ਖ਼ਿਲਾਫ਼ ਕੋਈ ਪ੍ਰਤੀਕਿਰਿਆ ਨਹੀਂ ਕੀਤੀ। ਫਿਰ 2017 ਵਿਚ ਪਾਕਿਸਤਾਨ ਦੀ ਬਾਰਡਰ ਐਕਸ਼ਨ ਟੀਮ (ਬੈਟ) ਨੇ ਐਲਓਸੀ ਪਾਰੋਂ ਲਗਾਤਾਰ ਹਮਲੇ ਕਰ ਕੇ ਬਹੁਤ ਸਾਰੇ ਭਾਰਤੀ ਜਵਾਨਾਂ ਨੂੰ ਮਾਰ ਮੁਕਾਇਆ ਪਰ ਇਨ੍ਹਾਂ ਖ਼ਿਲਾਫ਼ ਵੀ ਭਾਰਤ ਨੇ ਕੋਈ ਖ਼ਾਸ ਪ੍ਰਤੀਕਿਰਿਆ ਨਹੀਂ ਦਿੱਤੀ। 2018 ਦੇ ਸ਼ੁਰੂ ਵਿਚ ਜੰਮੂ ਨੇੜੇ ਸੁੰਜਵਾਂ ਕੈਂਪ ਉਤੇ ਹਮਲਾ ਹੋਇਆ ਜਿਥੇ ਭਾਰਤੀ ਜਵਾਨ ਤੇ ਉਨ੍ਹਾਂ ਦੇ ਪਰਿਵਾਰ ਰਹਿੰਦੇ ਹਨ। ਇਸ ਹਮਲੇ ਵਿਚ 11 ਜਵਾਨਾਂ ਅਤੇ ਇਕ ਆਮ ਨਾਗਰਿਕ ਦੀ ਮੌਤ ਹੋ ਗਈ ਪਰ ਭਾਰਤ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਹੋਈ।

ਇਸ ਸਭ ਕਾਸੇ ਨੂੰ ਸਰਕਾਰ ਦੀ ਪਾਕਿਸਤਾਨ ਨੀਤੀ ਨਾਲ ਜੋੜਨਾ ਰਤਾ ਚੁਣੌਤੀ ਵਾਲੀ ਗੱਲ ਹੈ। ਆਉ ਇਸ ਦੀ ਸ਼ੁਰੂਆਤ 2014 ਵਿਚ ਪ੍ਰਧਾਨ ਮੰਤਰੀ ਦੀ ਆਪਣੇ ਹਲਫ਼ਦਾਰੀ ਸਮਾਗਮ ਦੌਰਾਨ ਪਹੁੰਚ ਤੋਂ ਕਰਦੇ ਹਾਂ ਜਦੋਂ ਉਨ੍ਹਾਂ ਨਵਾਜ਼ ਸ਼ਰੀਫ਼ ਨੂੰ ਸਮਾਗਮ ਲਈ ਸੱਦਾ ਭੇਜਿਆ ਸੀ। ਇਸ ਤੋਂ ਅਗਲੇ ਸਾਲ ਪ੍ਰਧਾਨ ਮੰਤਰੀ 25 ਦਸੰਬਰ ਨੂੰ ਸ਼ਰੀਫ਼ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦੇਣ ਅਚਾਨਕ ਪਾਕਿਸਤਾਨ ਜਾ ਪੁੱਜੇ। ਇਸ ਦੇ ਬਾਵਜੂਦ ਜਨਵਰੀ 2016 ਵਿਚ ਹੋਏ ਪਠਾਨਕੋਟ ਹਮਲੇ ਤੋਂ ਬਾਅਦ ਸਰਕਾਰ ਦੀ ਨੀਤੀ ਵਿਚ ਵੱਡੀ ਤਬਦੀਲੀ ਆਈ।

ਫ਼ੌਜ ਨੇ ਕਸ਼ਮੀਰ ਵਿਚ ਦਹਿਸ਼ਤਗਰਦੀ ਦੇ ਖ਼ਾਤਮੇ ਲਈ ਅਪਰੇਸ਼ਨ ਆਲ ਆਊਟ ਸ਼ੁਰੂ ਕੀਤਾ, ਅਸਲ ਕੰਟਰੋਲ ਲਕੀਰ ਉਤੇ 2003 ਤੋਂ ਜਾਰੀ ਗੋਲੀਬੰਦੀ ਟੁੱਟਣੀ ਸ਼ੁਰੂ ਹੋ ਗਈ ਅਤੇ ਗੋਲੀਬੰਦੀ ਦੇ ਉਲੰਘਣ ਦੀਆਂ ਘਟਨਾਵਾਂ ਵੱਡੇ ਪੱਧਰ ’ਤੇ ਵਾਪਰਨ ਲੱਗੀਆਂ। ਇਸ ਤਰ੍ਹਾਂ ਜੋ ਗੋਲੀਬੰਦੀ ਟੁੱਟ ਗਈ ਸੀ, ਉਸ ਨੂੰ ਦੋਵੇਂ ਪਾਸਿਆਂ ਦੇ ਡਾਇਰੈਕਟਰਜ਼ ਜਨਰਲ ਆਫ਼ ਮਿਲਟਰੀ ਅਪਰੇਸ਼ਨਜ਼ ਵੱਲੋਂ ਨਵਿਆਇਆ ਗਿਆ। ਫਰਵਰੀ 2021 ਵਿਚ ਇਹ ਗੋਲੀਬੰਦੀ ਮੁੜ ਨਵਿਆਈ ਗਈ ਅਤੇ ਇਹ ਉਦੋਂ ਤੋਂ ਹੀ ਕੁੱਲ ਮਿਲਾ ਕੇ ਕਾਇਮ ਹੈ। ਉਦੋਂ ਤੋਂ ਹੀ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਉਤੇ ਬੁਰੀ ਤਰ੍ਹਾਂ ਬਰਫ਼ ਜੰਮੀ ਹੋਈ ਹੈ। ਦੋਵੇਂ ਮੁਲਕਾਂ ਦੇ ਸਰਕਾਰਾਂ ਦੇ ਮੁਖੀਆਂ ਦਰਮਿਆਨ 2015 ਤੋਂ ਕੋਈ ਮੀਟਿੰਗ ਨਹੀਂ ਹੋਈ। ਕਰੀਬ ਇਕ ਦਹਾਕੇ ਤੋਂ ਅਧਿਕਾਰੀ ਪੱਧਰ ਦੀ ਕੋਈ ਗੱਲਬਾਤ ਨਹੀਂ ਹੋਈ। ਇਸ ਸਮੇਂ ਭਾਰਤ ਦੀ ਟੂਲਕਿਟ ਵਿਚ ਦਹਿਸ਼ਤਗਰਦੀ ਅਹਿਮ ਮੁੱਦਾ ਹੈ। ਇਹ ਲਗਭਗ ਹਰ ਦੁਵੱਲੇ ਤੇ ਬਹੁ-ਧਿਰੀ ਸਿਖਰ ਸੰਮੇਲਨ ਵਿਚ ਉਠਾਇਆ ਜਾਂਦਾ ਹੈ, ਭਾਵੇਂ ਦਹਿਸ਼ਤਗਰਦੀ ਹੁਣ ਭਾਰਤ ਲਈ ਕੋਈ ਖ਼ਾਸ ਖ਼ਤਰਾ ਨਹੀਂ ਹੈ ਪਰ ਸਰਹੱਦ ਪਾਰੋਂ ਹੋਣ ਵਾਲੇ ਹਮਲੇ ਹਾਲੇ ਵੀ ਵੱਡਾ ਖ਼ਤਰਾ ਬਣੇ ਹੋਏ ਹਨ। ਇਸ ਦੌਰਾਨ ਤਾਜ਼ਾ ਰਿਪੋਰਟਾਂ ਮੁਤਾਬਕ ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ 2017 ਵਿਚ ਲੁਕਵਾਂ ਸੰਪਰਕ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਕਾਰਗਰ ਨਹੀਂ ਰਿਹਾ। ਇਸ ਤੋਂ ਬਾਅਦ ਕੌਮੀ ਸਲਾਮਤੀ ਸਲਾਹਕਾਰ (ਐਨਐਸਏ) ਅਤੇ ਪਾਕਿਸਤਾਨੀ ਫ਼ੌਜ ਦੇ ਸਾਬਕਾ ਮੁਖੀ ਜਨਰਲ ਕਮਰ ਬਾਜਵਾ ਨੇ ਲੁਕਵਾਂ ਸੰਪਰਕ ਕਾਇਮ ਕੀਤਾ ਜਿਸ ਦਾ ਸਿੱਟਾ ਐਲਓਸੀ ਉਤੇ 2021 ਦੀ ਗੋਲੀਬੰਦੀ ਵਜੋਂ ਨਿਕਲਿਆ ਪਰ ਇਹ ਕੋਸ਼ਿਸ਼ਾਂ ਅੱਗੇ ਨਹੀਂ ਵਧ ਸਕੀਆਂ ਅਤੇ ਜਾਪਦਾ ਹੈ ਕਿ ਇਨ੍ਹਾਂ ਦਾ ਮਕਸਦ ਟਕਰਾਅ ਦੇ ਹੱਲ ਦੀ ਥਾਂ ਮਹਿਜ਼ ਟਕਰਾਅ ਦਾ ਪ੍ਰਬੰਧਨ ਹੀ ਸੀ।

ਇਹ ਸਹੀ ਹੈ ਕਿ ਪਾਕਿਸਤਾਨ ਨੂੰ ਡਰਾ ਕੇ ਰੋਕਣ ਦੀ ਚੁਣੌਤੀ ਕਾਫ਼ੀ ਉਲਝਣ ਭਰੀ ਹੈ। ਇਸ ਵਿਚ ਪਰਮਾਣੂ ਹਥਿਆਰਾਂ ਨਾਲ ਸਿੱਝਣ, ਵੱਡੇ ਪੱਧਰ ’ਤੇ ਰਵਾਇਤੀ ਖ਼ਤਰੇ ਅਤੇ ਲੁਕਵੀਂ ਜੰਗ ਲੜਨ ਵਾਲੇ ਤੇ ਸਰਹੱਦ ਦੇ ਆਰ-ਪਾਰ ਛੋਟੇ ਪੱਧਰ ਦੇ ਹਮਲੇ ਕਰਨ ਵਾਲੇ ਗਰੁੱਪਾਂ ਤੱਕ ਬੜਾ ਕੁਝ ਹੈ। ਜਿਥੋਂ ਤੱਕ ਪਰਮਾਣੂ ਤੇ ਰਵਾਇਤੀ ਮੋਰਚੇ ਦਾ ਸਵਾਲ ਹੈ, ਇਸ ਉਤੇ ਸਥਿਰਤਾ ਦਾ ਉਪਾਅ ਹੈ ਪਰ ਅਸੀਂ ਹਾਲੇ ਤੱਕ ਅਜਿਹਾ ਕੋਈ ਬੰਨ੍ਹ-ਸੁੱਬ ਨਹੀਂ ਕਰ ਸਕੇ ਜਿਸ ਨਾਲ ਪਾਕਿਸਤਾਨ ਨੂੰ ਲੁਕਵੇਂ ਜੰਗਜੂਆਂ ਤੇ ਜਹਾਦੀਆਂ ਨੂੰ ਸਰਹੱਦ ਪਾਰੋਂ ਹਮਲੇ ਕਰਨ ਤੋਂ ਰੋਕਣ ਤੇ ਅਜਿਹੀਆਂ ਕਾਰਵਾਈਆਂ ਤੋਂ ਬਾਜ਼ ਆਉਣ ਲਈ ਮਜਬੂਰ ਕੀਤਾ ਜਾ ਸਕੇ। ਨੁਕਸਦਾਰ ਬਾਲਾਕੋਟ ਹਵਾਈ ਹਮਲੇ ਦਾ ਸਾਨੂੰ ਕੋਈ ਫ਼ਾਇਦਾ ਨਹੀਂ ਹੋਇਆ ਜਿਸ ਦੌਰਾਨ ਅਸੀਂ ਇਕ ਜੰਗੀ ਜਹਾਜ਼ ਅਤੇ ਆਪਣੀ ਹੀ ਮਿਜ਼ਾਇਲ ਵੱਜਣ ਕਾਰਨ ਇਕ ਹੈਲੀਕਾਪਟਰ ਵੀ ਗਵਾ ਲਿਆ। ਸਾਡੇ ਸਾਹਮਣੇ ਦੋ ਰਾਹ ਹਨ। ਪਹਿਲਾ, ਸਰਹੱਦ ਪਾਰੋਂ ਹੋਣ ਵਾਲੇ ਹਮਲਿਆਂ ਖ਼ਿਲਾਫ਼ ਲਗਾਤਾਰ ਤੇ ਸਖ਼ਤੀ ਨਾਲ ਜਵਾਬੀ ਕਾਰਵਾਈ ਦੀ ਨੀਤੀ ਅਪਣਾਉਣਾ ਅਤੇ ਇਸ ਦੇ ਸਿੱਟੇ ਵਜੋਂ ਹਮਲਿਆਂ ਵਿਚ ਹੋ ਸਕਣ ਵਾਲੇ ਵਾਧੇ ਜਾਂ ਅਜਿਹੇ ਕਿਸੇ ਵੀ ਹੋਰ ਹਾਲਾਤ ਲਈ ਤਿਆਰ ਰਹਿਣਾ; ਦੂਜਾ, ਸਰਹੱਦ ਉਤੇ ਹਿੰਸਾ ਘਟਾਉਣ ਲਈ ਸਫ਼ਾਰਤੀ ਤੇ ਗਤੀ-ਮੁਖੀ ਰਲਵੇਂ-ਮਿਲਵੇਂ ਵਸੀਲਿਆਂ ਦਾ ਇਸਤੇਮਾਲ ਕਰਨਾ ਅਤੇ ਉਮੀਦ ਕਰਨਾ ਕਿ ਇਹ ਹਿੰਸਾ ਸਮੇਂ ਨਾਲ ਆਪਣੇ ਆਪ ਖ਼ਤਮ ਹੋ ਜਾਵੇਗੀ। ਜਿਸ ਚੀਜ਼ ਦਾ ਅਸੀਂ ਖ਼ਤਰਾ ਮੁੱਲ ਨਹੀਂ ਲੈ ਸਕਦੇ, ਉਹ ਇਹ ਕਿ ਪਹਿਲਾਂ ਤਾਂ ਵੱਖ ਵੱਖ ਢੰਗਾਂ ਨਾਲ ਗੜਬੜ ਪੈਦਾ ਕਰ ਦੇਣਾ ਅਤੇ ਫਿਰ ਸਭ ਕੁਝ ਵਧੀਆ ਹੋ ਜਾਣ ਦੀ ਉਮੀਦ ਕਰਨਾ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

**Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.**

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com




### ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਮਰਦ ਨਿਪੁੰਨਸਿਕਤਾ ਦੇ ਸਰੀਰਕ ਕਾਰਨ**

ਬੀਤੇ ਹਫਤੇ ਅਸਾਂ ਵਿਚਾਰਿਆ ਸੀ ਮਰਦ ਨਿਪੁਨਸਿਕਤਾ ਦੇ ਮਾਨਸਿਕ ਕਾਰਨਾਂ ਬਾਰੇ ਅਤੇ ਉਹਨਾਂ ਸਰੀਰਕ ਕਾਰਨਾਂ ਬਾਰੇ ਜਿਹੜੇ ਪ੍ਰਤੱਖ ਤੌਰ 'ਤੇ ਦਿਖਾਈ ਨਹੀਂ ਦਿੰਦੇ ਸਨ ਪਰ ਉਹ ਵੀ ਸਰੀਰਕ ਕਾਰਨ ਹੀ ਸਨ। ਸਰੀਰ ਦੀ ਬਣਤਰ ਦੀਆਂ ਕਮੀਆਂ ਪੇਸ਼ੀਆਂ ਨਾਲ ਸਬੰਧਿਤ ਕਾਰਨ ਹੀ ਸਨ। ਜਿਵੇਂ ਪਿਚਰੋਟਰੀ ਤੇ ਹਾਈਪੋਥੈਲਮਸ ਖੋਪੜੀ ਦੇ ਅੰਦਰ ਵਾਰ ਜ਼ੁੰਮੇਵਾਰ ਗਲੈਂਡ ਸਨ ਜੋ ਸੈਕਸ ਉਤੇ ਜਨਾਪਾਦਾਂ ਕਰਨ ਦੇ ਜ਼ੁੰਮੇਵਾਰ ਹਨ।

ਪੇਟ ਦੇ ਹੇਠਲੇ ਹਿੱਸੇ ਵਿੱਚ ਪ੍ਰੌਸਟੇਟ ਯਾਨੀ ਗਦੂਦ ਬਾਹਰੀ ਤੌਰ 'ਤੇ ਬੇਸ਼ੱਕ ਦਿਖਾਈ ਨਹੀਂ ਦਿੰਦੇ ਜਿਵੇਂਕਿ ਸੈਕਸ ਨਾਲ ਸਬੰਧਿਤ ਇੰਦਰੀ ਜਾਂ ਪਤਾਲੂ ਦਿਖਾਈ ਦਿੰਦੇ ਹਨ ਪਰ ਇਹ ਅੰਗ ਵੀ ਮਰਦ ਸੈਕਸ ਕਿਰਿਆ ਨਾਲ ਸੰਬੰਧਿਤ ਅੰਗ ਹੈ ਜੋ ਵੱਡਾ ਯੋਗਦਾਨ ਪਾਉਂਦਾ ਹੈ ਸੈਕਸ ਕਿਰਿਆ ਦੀ ਲੰਬਾਈ ਵਾਲੀ ਕਾਮਯਾਬੀ ਲਈ ਜਿਸ ਨੂੰ ਸੈਕਸ ਵਿੱਚ ਟਾਈਮ ਲੱਗਣਾ ਕਹਿੰਦੇ ਹਨ।

ਅੱਜ ਦੇ ਲੈਕਚਰ ਵਿਚ ਅਸੀਂ ਵਿਚਾਂਰਾਗੇ ਬਾਹਰੀ ਤੌਰ 'ਤੇ ਸੈਕਸ ਕਿਰਿਆ ਨਾਲ ਸਬੰਧਿਤ ਅੰਗਾਂ ਦੇ ਕਰਕੇ ਨਿਪੁੰਨਸਿਕਤਾ ਦੇ ਕਾਰਨ।

ਪ੍ਰੌਸਟੇਟ ਯਾਨੀ ਗਦੂਦਾਂ ਦੀ ਬਣਤਰ ਤੇ ਕਾਰਕਰਦਗੀ ਬਾਰੇ ਵੀ ਅਸੀਂ ਜਾਣ ਆਏ ਹਾਂ ਅਤੇ ਪਤਾਲੂਆ ਦੀ ਬਣਤਰ ਅਤੇ ਕਾਰਕਰਦਗੀ ਵੀ ਜਾਣ ਚੁਕੇ ਹਾ। ਹੁਣ ਬਾਕੀ ਬਚਦਾ ਹੈ ਸੈਕਸ ਅੰਗਾਂ ਦੇ ਤੌਰ 'ਤੇ ਇੰਦਰੀ ਨਾਲ ਸਬੰਧਿਤ ਕਾਰਨਾਂ ਬਾਰੇ ਜਾਣਨਾ ਅਤੇ ਉਸ ਤੋਂ ਬਾਅਦ ਸਾਈਕਾਲੋਜੀਕਲ ਕਾਰਨਾਂ ਦੀ ਵਿਚਾਰ ਕਰਾਂਗੇ।

ਮਰਦ ਇੰਦਰੀ ਇਕ ਤਰ੍ਹਾਂ ਦਾ ਨਿਕਾਸ ਰਾਹ ਹੈ ਜਿਵੇਂ ਸਰੀਰ ਦੇ ਬਾਕੀ ਹੋਰ ਨਿਕਾਸ ਦੇ ਰਸਤੇ ਹਨ ਜਿਹਨਾਂ ਰਾਹੀਂ ਸਰੀਰ ਦਾ ਕੋਈ ਨਾ ਕੋਈ ਬੇਲੋੜਾ ਗਾਰਬੇਜ ਭਾਵ ਕੂੜਾ ਸਰੀਰ 'ਚੋਂ ਬਾਹਰ ਨਿਕਲਦਾ ਰਹਿੰਦਾ ਹੈ। ਦੂਸਰੇ ਨਿਕਾਸ ਰਾਹਾਂ ਵਿਚੋ ਨਿਕਲਣ ਵਾਲਾ ਕੂੜਾ ਬੇਲੋੜਾ ਸਮਝ ਕੇ ਸੁਟਿਆ ਜਾਂਦਾ ਹੈ ਜਦੋਂਕਿ ਇੰਦਰੀ ਵਿਚੋ ਨਿਕਲਦੇ ਪੇਸਾਪ ਨੂੰ ਸਮਝਿਆ ਤਾਂ ਕੂੜਾ ਹੀ ਜਾਂਦਾ ਹੈ ਪਰ ਇਸ ਰਾਹੀਂ ਨਿਕਲਣ ਵਾਲਾ ਗਾਰਬੇਜ ਯਾਨੀ ਵੀਰਜ ਬਹੁਤ ਕੀਮਤੀ ਸਮਝਿਆ ਜਾਂਦਾ ਹੈ ਜਿਵੇਂ ਨਿਊਕਲੀਅਰ ਪਲਾਟਾਂ ਦਾ ਗਾਰਬੇਜ ਬਹੁਤ ਕਾਰ-ਆਮਦ ਹੁੰਦਾ ਹੈ। ਇਸੇ ਤਰ੍ਹਾਂ ਵੀਰਜ ਰੂਪੀ ਟੈਸਟਿਸ ਤੇ ਪ੍ਰੌਸਟੇਟ ਦੇ ਮਿਸਰਨ ਵਾਲਾ ਗਾਰਬੇਜ ਕਿਉਂਕਿ ਇਹ ਅੱਗੇ ਤੋਂ ਫਿਰ ਨਵਾਂ ਜੀਵਨ ਪੈਦਾ ਕਰਨ ਦੇ ਕੰਮ ਆਉਂਦਾ ਹੈ ਇਸ ਲਈ ਬਹੁਤ ਕੀਮਤੀ ਵਡਮੁੱਲਾ ਗਾਰਬੇਜ ਹੈ। ਬੇਸ਼ੱਕ ਹੈ ਇਹ ਵੀ ਗਦੂਦਾ ਅਤੇ ਪਤਾਲੂਆਂ ਦਾ ਕੂੜਾ ਹੀ ਪਰ ਕੀਮਤੀ ਕੂੜਾ ਕਹਿ ਸਕਦੇ ਹਾਂ।

ਮਰਦ ਨਿਪੰਨਸਿਕਤਾ ਬਾਹਰੀ ਤੌਰ 'ਤੇ ਇੰਦਰੀ ਦੇ ਕਾਰਨਾਂ ਨਾਲ ਸਮਝਣੀ ਹੀ ਬਾਕੀ ਹੈ। ਇਸ ਨੂੰ ਸਮਝਣ ਲਈ ਇਕ ਵੇਰ ਫਿਰ ਸਾਨੂੰ ਇੰਦਰੀ ਦੀ ਬਣਤਰ ਨਾਲ ਸੰਬੰਧਿਤ ਜਾਣਕਾਰੀ ਕਰਨ ਦੀ ਲੋੜ ਹੈ।

ਉਪਰੋਕਤ ਦੋ ਫੋਟੋ ਇੰਦਰੀ ਦੀ ਬਣਤਰ ਸਬੰਧੀ ਮੈਂ ਤੁਹਡੇ ਨਾਲ ਸਾਝੀਆਂ ਕਰ ਰਿਹਾ ਹਾਂ ਤਾਂਕਿ ਤੁਸੀਂ ਅਸਾਨੀ ਨਾਲ ਸਮਝ ਸਕੋ ਜਦੋਂ ਵੀ ਮੈਂ ਮਰਦ ਇੰਦਰੀ ਦੇ ਕਿਸੇ ਹਿੱਸੇ ਦਾ ਨਾ ਲਵਾਂਗਾ ਤਾਂ ਤੁਹਾਡੀ ਨਜ਼ਰ ਅਤੇ ਦਿਮਾਗ ਉਸ ਹਿੱਸੇ ਤੱਕ ਪਹੁੰਚ ਜਾਵੇਗਾ।

ਪਹਿਲੀ ਫੋਟੋ ਵਿਚ ਮਰਦ ਇੰਦਰੀ ਦਾ ਇਸਦੀ ਮੁਟਾਈ ਵਾਲੀ ਗੁਲਾਈ ਨੂੰ ਵਿਚਕਾਰੋਂ ਕੱਟ ਕੇ ਦਿਖਾ ਰਿਹਾ ਹੈ। ਬਾਹਰ ਵੱਲ ਤੋਂ ਸ਼ੁਰੂ ਕਰਦਿਆਂ ਪਹਿਲਾਂ ਚਮੜੀ ਦਿਖਾਈ ਗਈ ਹੈ। ਦੂਸਰੇ ਨੰਬਰ 'ਤੇ ਨੀਲੇ ਰੰਗ ਦੀਆਂ ਹੇਠਾਂ ਬਾਹਰੀ ਇੰਦਰੀ ਦਾ ਵਾਪਸੀ ਖੂਨ ਲੈਜਾਣ ਵਾਲੀ ਨਾੜੀਆਂ ਹਨ। ਉਹ ਤਿੰਨ ਨੀਲੇ ਬਟਨ ਨੁਮਾ ਸੁਰਾਖਾਂ ਰਾਹੀਂ ਚਮੜੀ ਦੇ ਹੇਠਾਂ ਫੈਟ ਦੀ ਤਹਿ ਵਿਚੋਂ ਲੰਘਦੀਆਂ ਹਨ। ਜਿਹਨਾਂ ਵਿਚੋਂ ਇਕ ਫੈਟ ਦੀ ਤਹਿ ਦੇ ਹੇਠਾਂ ਜੋ ਪਤਲੀ ਝਿਲੀ ਹੈ ਉਸ ਦੇ ਹੋਰ ਅੰਦਰ ਤੋਂ ਲੰਘਦੀ ਹੈ। ਇਸਨੂੰ ਵੇਣ ਕਹਿੰਦੇ ਹਨ ਯਾਨੀ ਖੂਨ ਵਾਪਸ ਲੈ ਜਾਣ ਵਾਲੀ ਨਾੜੀ। ਇਸਦੇ ਦੋਹੀਂ ਪਾਸੀਂ ਲਾਲ ਗੋਲ ਨਿਸ਼ਾਨ ਹਨ ਜੋ ਦੋ ਆਰਟਰੀਆ ਯਾਨੀ ਇੰਦਰੀ ਵੱਲ ਨੂੰ ਖੂਨ ਲਿਆਉਣ ਵਾਲੀਆਂ ਨਾੜੀਆਂ ਹਨ। ਹਰ ਥਾਂ ਨੀਲੇ ਤੇ ਲਾਲ ਗੋਲ ਨਿਸ਼ਾਨ ਵੇਨਜ ਤੇ ਆਰਟਰੀਆ ਨੂੰ ਦਰਸਾਉਂਦੇ ਹਨ ੳ ਤਿੰਨ ਵੱਡੇ ਲਾਲ ਗੋਲ ਨਿਸ਼ਾਨਾਂ ਵਿਚ ਵੀ ਦਿਖਾਈ ਦਿੰਦੇ ਹਨ। ਇਹ ਇੰਦਰੀ ਦੇ ਮਾਸ ਵਿਚੋਂ ਲੰਘਦੀਆਂ ਆਰਟਰੀਆ ਹਨ। ਦੋ ਵੱਡੇ ਨਿਸਾਨਾਂ ਨੂੰ ਕਾਰਪਸਕੈਵਰਨੋਸਮ ਕਹਿੰਦੇ ਹਨ ਜਿਹਨਾਂ ਵਿਚ ਸੈਕਸ ਉਤੇਜਨਾ ਸਮੇਂ ਖੂਨ ਭਰਕੇ ਇੰਦਰੀ ਵਿਚ ਅਕੜਾਅ ਆਉਂਦਾ ਹੈ।

ਹੇਠਾਂ ਵਾਲੀ ਲਾਲ ਗੁਲਾਈ ਨੂੰ ਕੈਵਰਨੋਸਮ ਸਪੰਜੀਓਸਮ ਕਹਿੰਦੇ ਹਨ। ਜਿਵੇਂਕਿ ਇਸਦਾ ਨਾਮ ਹੀ ਹੈ ਸਪੰਜੀਓਸਮ ਮਤਲਬ ਸਪੰਜ ਵਰਗਾ ਭਾਵ ਇਹ ਸਪੰਜ ਵਾਂਗ ਹੀ ਇੰਦਰੀ ਵਿਚ ਆਇਆ ਖੂਨ ਚੂਸ ਲੈਂਦਾ ਹੈ ਅਤੇ ਫੈਲ ਕੇ ਮੋਟਾ ਹੋ ਜਾਂਦਾ ਹੈ। ਇਸ ਦਾ ਫੁੱਲ ਕੇ ਮੋਟਾ ਹੋਣਾ ਸੈਕਸ ਉਤੇਜਨਾ ਤੇ ਨਿਰਭਰ ਕਰਦਾ ਹੈ ਅਤੇ ਸੈਕਸ ਉਤੇਜਨਾ ਇਸ ਗਲ ਤੇ ਨਿਰਭਰ ਕਰਦੀ ਹੈ ਕਿ ਹਾਰਮੋਨਜ ਕਿੰਨੇ ਜ਼ਿਆਦਾ ਦਬਾਅ ਨਾਲ ਖੂਨ ਇੰਦਰੀ ਵਿਚ ਭੇਜ ਰਹੇ ਹਨ ਤੇ ਕਿੰਨੇ ਪ੍ਰੈਸ਼ਰ ਨਾਲ ਉਸ ਖੂਨ ਨੂੰ ਇੰਦਰੀ ਵਿਚ ਰੋਕੀ ਰੱਖਣ ਲਈ ਵਾਪਸੀ ਨਾੜੀਆਂ ਨੂੰ ਘੁਟੀ ਰੱਖਦੇ ਹਨ।

ਇਸੇ ਕਾਰਪਸ ਸਪੰਜੀਓਸਮ ਵਿਚੋਂ ਹੀ ਯੂਰੇਥਰਾ ਯਾਨੀ ਉਹ ਨਾਲੀ ਜਿਸ ਵਿਚੋਂ ਪੇਸਾਪ ਵਾਲੀ ਨਾਲੀ ਲੰਘਦੀ ਹੈ। ਬੇਸ਼ੱਕ ਇਸੇ ਵਿਚੋਂ ਹੀ ਵੀਰਜ ਵੀ ਨਿਕਲਦਾ ਹੈ। ਭਾਵ ਗਦੂਦਾਂ ਤੋਂ ਬਾਅਦ ਦੋਹਾਂ ਦਾ ਸਾਂਝਾ ਨਿਕਾਸ ਰਸਤਾ ਹੈ ਪੇਸਾਪ ਤੇ ਵੀਰਜ ਦਾ ਇਹ। ਦੂਸਰੀ ਗੱਲ ਕਿਉਂਕਿ ਵੀਰਜ ਨੇ ਕਦੇ ਕਦਾਈ ਹੀ ਨਿਕਲਣਾ ਹੁੰਦਾ ਹੈ ਪਰ ਪੇਸ਼ਾਪ ਹਰ ਰੋਜ ਕਈ ਕਈ ਵਾਰ ਨਿਕਲਣਾ ਹੁੰਦਾ ਹੈ ਇਸ ਲਈ ਇਸਨੂੰ ਪੇਸ਼ਾਪ ਵਾਲੀ ਨਾਲੀ ਹੀ ਕਿਹਾ ਜਾਂਦਾ ਹੈ। ਇਸ ਦੀ ਸਪੰਜ ਵਰਗੀ ਬਣਤਰ ਕਰਕੇ ਹੀ ਅਸੀਂ ਕਈ ਵੇਰ ਪੇਸਾਪ ਦੀ ਹਾਜਤ ਕੁਝ ਦੇਰ ਲਈ ਰੋਕ ਵੀ ਸਕਦੇ ਹਾਂ।

ਅਸੀਂ ਤਸਵੀਰ ਵਿਚ ਵੇਖ ਰਹੇ ਹਾਂ ਕਿ ਇੰਦਰੀ ਨੂੰ ਖੂਨ ਪਹੁਚਾਉਣ ਵਾਲੀਆਂ ਬਹੁਤ ਸਾਰੀਆਂ ਨਾੜੀਆਂ ਹਨ। ਜਿਸ ਕਰਕੇ ਕਾਮ ਉਤੇਜਨਾ ਸਮੇਂ ਬਹੁਤ ਸਾਰਾ ਖੂਨ ਬਹੁਤ ਤੇਜੀ ਨਾਲ ਇੰਦਰੀ ਵਿਚ ਭਰ ਕੇ ਅਕੜਾਅ ਬਣਾਉਂਦਾ ਹੈ। ਜਿਵੇਂ ਹੀ ਸਪੰਜ ਵਰਗੇ ਪਰਦਿਆਂ ਵਿਚ ਖੂਨ ਭਰਦਾ ਹੈ ਉਸੇ ਸਮੇ ਹੀ ਬਾਹਰ ਵਾਲੀਆਂ ਮਾਸਪੇਸ਼ੀਆ ਜੋ ਦੂਸਰੀ ਤਸਵੀਰ ਵਿਚ ਇੰਦਰੀ ਦੇ ਬਾਹਰਵਾਰ ਦਿਖਾਈ ਦਿੰਦੀਆ ਹਨ ਉਹਨਾਂ ਦੇ ਆਪਣੇ ਵਿੱਚ ਵੀ ਖੂਨ ਭਰ ਜਾਂਦਾ ਹੈ ਅਤੇ ਅੰਦਰਲੇ ਸਪੰਜ ਵਰਗੇ ਪਰਦੇ ਵਿਚ ਵੀ ਖੂਨ ਭਰਣ ਨਾਲ ਇੰਦਰੀ ਵਿਚ ਅਕੜਾਅ ਸਖਤ ਹੋ ਜਾਂਦਾ ਹੈ।

**ਮਰਦ ਇੰਦਰੀ ਇੰਦਰੀ ਵਿਚ ਅਕੜਾਅ ਦੀ ਕਾਰਜ ਵਿਧੀ**-ਇਹ ਕਾਰਜ ਵਿਧੀ ਸ਼ੁਰੂਆਤ ਵਿਚ ਮਾਨਸਿਕ ਹਿਲਜੁਲ ਤੋਂ ਸ਼ੁਰੂ ਹੁੰਦੀ ਹੈ ਜਿਸ ਕਰਕੇ ਹਾਈਪੋਥੈਲਮਸ ਸਭ ਤੋਂ ਪਹਿਲਾਂ ਕਾਰਜ ਸੀਲ ਹੁੰਦਾ ਹੈ ਅਤੇ ਆਪਣਾ ਹਾਰਮੋਨ ਨਾਲ ਪਿਚਰੋਟਰੀ ਗਲੈਂਡ ਨੂੰ ਕਾਰਜਸੀਲ ਬਨਾਉਂਦਾ ਹੈ। ਜਿਸ ਦੇ ਅਸਰ ਹੇਠ ਖੂਨ ਦਾ ਦੌਰਾ ਇੰਦਰੀ ਵੱਲ ਤੇਜ਼ ਹੋ ਜਾਂਦਾ ਹੈ। ਇਸ ਖੂਨ ਦੇ ਦੌਰੇ ਲਈ ਪਿਚਰੋਟਰੀ ਗਲੈਂਡ ਦੂਹਰੀ ਕਾਰਜ ਕੁਸਲਤਾ ਵਿਖਾਉਂਦਾ ਹੈ। ਪਹਿਲੀ ਰਾਹੀਂ ਇੰਦਰੀ ਵਿਚ ਖੂਨ ਦਾ ਜਾਣਾ ਸ਼ੁਰੂ ਹੁੰਦਾ ਹੈ ਅਤੇ ਦੂਸਰੀ ਰਾਹੀਂ ਆਪ ਦੀ ਆਪ ਵਾਪਸੀ।

(ਚੱਲਦਾ)


HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA



CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਟਾਈਟਲਰ ਵਿਰੁੱਧ ਚਾਰਜਸ਼ੀਟ ਦਾਖ਼ਲ ਕਰਨ ਦਾ ਸਿੱਖ ਜਥੇਬੰਦੀਆਂ ਵੱਲੋਂ ਸਵਾਗਤ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇਥੇ 1984 ਦੇ ਦਿੱਲੀ ਸਿੱਖ ਕਤਲੇਆਮ ਕੇਸ ਵਿੱਚ ਸੀਬੀਆਈ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ ਚਾਰਜਸ਼ੀਟ ਦਾਇਰ ਕਰਨ ਦਾ ਸੁਆਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਗਦੀਸ਼ ਟਾਈਟਲਰ ਦਿੱਲੀ ਸਿੱਖ ਕਤਲੇਆਮ ਦੇ ਕਥਿਤ ਮੁੱਖ ਦੋਸ਼ੀਆਂ ਵਿੱਚ ਸ਼ਾਮਲ ਹੈ, ਜਿਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੀਬੀਆਈ ਵੱਲੋਂ ਅੱਜ ਦਾਇਰ ਕੀਤੀ ਚਾਰਜਸ਼ੀਟ ਨਾਲ ਕਾਂਗਰਸੀ ਆਗੂ ਨੂੰ ਸਜ਼ਾ ਤੇ ਪੀੜਤਾਂ ਨੂੰ ਨਿਆਂ ਮਿਲਣ ਦੀ ਆਸ ਬੱਝੀ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ 1984 ਸਿੱਖ ਕਤਲੇਆਮ ਦੇ ਪੀੜਤ ਲੰਮੇ ਅਰਸੇ ਤੋਂ ਇਨਸਾਫ਼ ਮੰਗ ਰਹੇ ਹਨ। ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ



ਇਸ ਫ਼ੈਸਲੇ ਨੂੰ ਸਵਾਗਤਯੋਗ ਕਰਾਰ ਦਿੰਦਿਆਂ ਕਿਹਾ ਕਿ ਹੁਣ ਸਜ਼ਾ ਸੁਣਾਉਣ ਦਾ ਕੰਮ ਵੀ ਛੇਤੀ ਹੀ ਕਰ ਦੇਣਾ ਚਾਹੀਦਾ ਹੈ।

# ਟਾਈਟਲਰ ਨੂੰ ਬਚਾਉਣ ਲਈ ਮਨਮੋਹਨ ਸਰਕਾਰ ਨੇ ਅਹਿਮ ਭੂਮਿਕਾ ਨਿਭਾਈ: ਫੂਲਕਾ

ਪਟਿਆਲਾ : ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਕਿਹਾ ਕਿ ਜਗਦੀਸ਼ ਟਾਈਟਲਰ ਵਿਰੁੱਧ ਨਾਨਾਵਤੀ ਕਮਿਸ਼ਨ ਵੱਲੋਂ ਰਿਪੋਰਟ ਪੇਸ਼ ਕਰਦਿਆਂ ਕੇਸ ਦਰਜ ਕਰਨ ਦੀ ਕੀਤੀ ਸਿਫ਼ਾਰਸ਼ ਨੂੰ ਡਾ. ਮਨਮੋਹਨ ਸਿੰਘ ਸਰਕਾਰ ਨੇ ਸਿਰਫ਼ ਅਣਗੌਲਿਆਂ ਹੀ ਨਹੀਂ ਕੀਤਾ ਸਗੋਂ ਮੁੱਢੋਂ ਰੱਦ ਕਰ ਦਿੱਤਾ ਸੀ। ਦੂਜੇ ਪਾਸੇ ਸੀਬੀਆਈ ਨੇ ਕੇਂਦਰ ਸਰਕਾਰ ਦੇ ਹੁਕਮਾਂ ਨੂੰ ਮੰਨਦਿਆਂ ਇਕ ਵਾਰ ਨਹੀਂ ਸਗੋਂ ਕਈ ਕਈ ਵਾਰ ਨਾਨਾਵਤੀ ਰਿਪੋਰਟ ਨੂੰ ਬੰਦ ਕਰਨ ਲਈ ਦਰਖਾਸਤਾਂ ਦਿੱਤੀਆਂ ਅਤੇ ਅਖ਼ੀਰ ਅਦਾਲਤ ਨੇ ਇਸ ਸਾਰੇ ਮਾਮਲੇ ਦੀ ਨਿਗਰਾਨੀ ਕੀਤੀ ਤਾਂ ਜਾ ਕੇ ਹੁਣ ਜਗਦੀਸ਼ ਟਾਈਟਲਰ



ਖ਼ਿਲਾਫ਼ ਚਾਰਜਸ਼ੀਟ ਪੇਸ਼ ਹੋਈ ਹੈ। ਐਡਵੋਕੇਟ ਫੂਲਕਾ ਨੇ ਕਿਹਾ ਕਿ ਇਹ ਸਿੱਖ ਕੌਮ ਦੀ ਵੱਡੀ ਜਿੱਤ ਹੈ।

# ਇੰਡੋਨੇਸ਼ੀਆ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਦੀ ਹਰ ਸੰਭਵ ਮਦਦ ਕਰਾਂਗੇ: ਧਾਲੀਵਾਲ



ਅਜਨਾਲਾ : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਇਥੇ ਇੰਡੋਨੇਸ਼ੀਆ ਵਿੱਚ ਕਤਲ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪਿੰਡ ਗੱਗੋਮਾਹਲ ਦੇ ਦੋ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇ। ਉਨ੍ਹਾਂ ਭਰੋਸਾ ਦਿੱਤਾ ਕਿ ਦੋਵੇਂ ਨੌਜਵਾਨਾਂ ਨੂੰ ਵਤਨ ਵਾਪਸ ਲਿਆਉਣ ਲਈ ਪੰਜਾਬ ਸਰਕਾਰ ਹਰ ਸੰਭਵ ਮਦਦ ਕਰੇਗੀ। ਜਾਣਕਾਰੀ ਅਨੁਸਾਰ ਟਰੈਵਲ ਏਜੰਟ ਦੀ ਠੱਗੀ ਕਾਰਨ ਇੰਡੋਨੇਸ਼ੀਆ ਵਿੱਚ ਫਸੇ ਇਨ੍ਹਾਂ ਨੌਜਵਾਨਾਂ ਨੂੰ ਇਸ ਵੇਲੇ ਕਤਲ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਸ੍ਰੀ ਧਾਲੀਵਾਲ ਨੇ ਪੀੜਤ ਪਰਿਵਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਅੱਜ ਸਵੇਰ ਤੋਂ ਹੀ ਇਸ ਮਾਮਲੇ ਦੇ ਪ੍ਰਿੰਸੀਪਲ ਸੈਕਟਰੀ ਜੇ.ਐੱਮ. ਬਾਲਾਮੁਰਗਨ (ਆਈਏਐੱਸ) ਇੰਡੋਨੇਸ਼ੀਆ ਦੇ ਦੂਤ ਨਾਲ ਸੰਪਰਕ ਕਰ ਰਹੇ ਹਨ ਤੇ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲੈ ਕੇ ਇਨ੍ਹਾਂ ਨੌਜਵਾਨਾਂ ਨੂੰ ਵਾਪਸ ਵਤਨ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਠੱਗ ਟਰੈਵਲ ਏਜੰਟਾਂ ਕਾਰਨ ਦੋਵੇਂ ਨੌਜਵਾਨ ਇੰਡੋਨੇਸ਼ੀਆ ਵਿੱਚ ਫਸੇ ਹਨ, ਉਨ੍ਹਾਂ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜਿਹੜੇ ਵੀ ਏਜੰਟ ਅਜਿਹਾ ਮਨੁੱਖੀ ਤਸਕਰੀ ਦਾ ਧੰਦਾ ਕਰਦੇ ਹਨ, ਉਨ੍ਹਾਂ ਵਿਰੁਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਸਿੱਖ-ਵਿਰੋਧੀ ਦੰਗੇ: ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ

## *ਗੁਰਦੁਆਰਾ ਪੁਲ ਬੰਗਸ਼ ਨੇੜੇ ਨਵੰਬਰ 1984 ਵਿਚ ਤਿੰਨ ਸਿੱਖਾਂ ਦੀ ਹੱਤਿਆ ਦਾ ਮਾਮਲਾ*

ਨਵੀਂ ਦਿੱਲੀ : ਦਿੱਲੀ ਵਿਚ 1984 'ਚ ਹੋਏ ਸਿੱਖ-ਵਿਰੋਧੀ ਦੰਗਿਆਂ ਦੇ ਕੇਸ ਵਿਚ ਸੀਬੀਆਈ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਸੀਬੀਆਈ ਵੱਲੋਂ ਟਾਈਟਲਰ ਨੂੰ ਚਾਰਜਸ਼ੀਟ 'ਚ ਮੁਲਜ਼ਮ ਵਜੋਂ ਦਰਜ ਕੀਤਾ ਗਿਆ ਹੈ। ਇਹ ਮਾਮਲਾ ਗੁਰਦੁਆਰਾ ਪੁਲ ਬੰਗਸ਼ ਆਜ਼ਾਦ ਮਾਰਕੀਟ ਨੇੜੇ ਇੱਕ ਭੀੜ ਵੱਲੋਂ ਠਾਕੁਰ ਸਿੰਘ, ਬਾਦਲ ਸਿੰਘ ਤੇ ਗੁਰਚਰਨ ਸਿੰਘ ਦੀ ਹੱਤਿਆ ਨਾਲ ਸਬੰਧਤ ਹੈ। ਘਟਨਾ ਪਹਿਲੀ ਨਵੰਬਰ 1984 ਨੂੰ ਵਾਪਰੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਟਾਈਟਲਰ 'ਤੇ ਲੱਗੇ ਦੋਸ਼ਾਂ ਨਾਲ ਸਬੰਧਤ ਨਵੇਂ ਸਬੂਤ ਸਾਹਮਣੇ ਆਏ ਹਨ। ਇਸ ਮਾਮਲੇ ਵਿਚ ਗਵਾਹਾਂ ਵੱਲੋਂ ਦਿੱਤੇ ਬਿਆਨਾਂ ਮੁਤਾਬਕ ਟਾਈਟਲਰ ਨੇ ਭੀੜ ਨੂੰ ਭੜਕਾਇਆ ਸੀ। ਕੇਸ ਵਿਚ ਪਟੀਸ਼ਨ ਲਖਵਿੰਦਰ ਕੌਰ ਵੱਲੋਂ ਦਾਇਰ ਕੀਤੀ ਗਈ ਸੀ ਜੋ ਕਿ ਮ੍ਰਿਤਕ ਬਾਦਲ ਸਿੰਘ ਦੀ ਪਤਨੀ ਹੈ। ਸੀਬੀਆਈ ਅਧਿਕਾਰੀਆਂ ਨੇ ਕਿਹਾ ਹੈ ਕਿ ਕੌਰ ਦੀ ਗਵਾਹੀ ਚਾਰਜਸ਼ੀਟ ਲਈ ਅਹਿਮ ਹੈ।



ਗੁਰਦੁਆਰੇ ਦੇ ਤਤਕਾਲੀ ਗ੍ਰੰਥੀ ਸੁਰਿੰਦਰ ਸਿੰਘ ਦਾ ਬਿਆਨ ਵੀ ਸੀਬੀਆਈ ਵੱਲੋਂ ਇਸ ਮਾਮਲੇ ਵਿਚ ਦਰਜ ਕੀਤਾ ਗਿਆ ਹੈ। ਸੁਰਿੰਦਰ ਸਿੰਘ ਨੇ ਆਪਣੇ ਬਿਆਨਾਂ 'ਚ ਕਿਹਾ ਸੀ ਕਿ ਭੀੜ ਨੇ ਰਾਗੀ ਬਾਦਲ ਸਿੰਘ, ਇੱਕ ਸਿੱਖ ਪੁਲੀਸ ਇੰਸਪੈਕਟਰ ਠਾਕੁਰ ਸਿੰਘ ਤੇ ਇੱਕ ਸਿੱਖ ਸੇਵਕ ਨੂੰ ਟਾਇਰ ਪਾ ਕੇ ਅੱਗ ਲਾ ਦਿੱਤੀ ਸੀ। ਉਸ ਨੇ ਕਿਹਾ ਸੀ ਕਿ ਟਾਈਟਲਰ ਸਵੇਰੇ 9 ਵਜੇ ਤੋਂ 11 ਵਜੇ ਤੱਕ ਕਤਲੇਆਮ ਕਰਨ ਵਾਲਿਆਂ ਨੂੰ ਹਦਾਇਤਾਂ ਦੇ ਰਿਹਾ ਸੀ। ਜਦਕਿ ਟਾਈਟਲਰ ਨੇ ਦਲੀਲ ਦਿੱਤੀ ਸੀ ਕਿ ਉਹ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦੇ ਪ੍ਰਬੰਧਾਂ ਦੀ ਨਿਗਰਾਨੀ ਲਈ ਪਹਿਲੀ ਨਵੰਬਰ ਨੂੰ ਸਵੇਰੇ 7 ਵਜੇ ਤੋਂ 3 ਵਜੇ ਤੱਕ ਤਿੰਨ ਮੂਰਤੀ ਭਵਨ 'ਚ ਸੀ। ਇਸ ਮਾਮਲੇ ਵਿਚ ਜਸਬੀਰ ਸਿੰਘ ਤੀਜਾ ਗਵਾਹ ਹੈ। ਸੀਬੀਆਈ ਵੱਲੋਂ ਤਕਰੀਬਨ 10 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ। ਇਸ ਮਾਮਲੇ ਵਿੱਚ ਪਹਿਲਾਂ ਹੀ ਤਿੰਨ ਕਲੋਜ਼ਰ ਰਿਪੋਰਟਾਂ ਦਾਖ਼ਲ ਹੋ ਚੁੱਕੀਆਂ ਹਨ। ਸਤੰਬਰ 2015 ਵਿੱਚ ਸੀਬੀਆਈ ਨੇ ਕਿਹਾ ਸੀ ਕਿ ਉਹ ਟਾਈਟਲਰ ਨੂੰ ਝੂਠਾ ਨਹੀਂ ਫਸਾ ਸਕਦੇ। ਐਡੀਸ਼ਨਲ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਸਾਹਮਣੇ ਦਾਇਰ ਇੱਕ ਵਿਰੋਧ ਪਟੀਸ਼ਨ ਦੇ ਜਵਾਬ 'ਚ ਏਜੰਸੀ ਨੇ ਕਿਹਾ ਸੀ, 'ਸੀਬੀਆਈ ਸਿਰਫ਼ ਭਾਵਨਾਵਾਂ ਦੇ ਆਧਾਰ 'ਤੇ ਕੁਝ ਦੇ ਹਉਮੈ ਨੂੰ ਸੰਤੁਸ਼ਟ ਕਰਨ ਲਈ ਇੱਕ ਨਿਰਦੋਸ਼ ਵਿਅਕਤੀ ਨੂੰ ਝੂਠਾ ਨਹੀਂ ਫਸਾ ਸਕਦੀ।'

# ਦੋ ਦਹਾਕਿਆਂ ਬਾਅਦ ਮੁੜ ਭਖਿਆ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਮਾਮਲਾ

## *ਸੇਵਾਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਸਬੰਧੀ ਹੋਵੇਗਾ ਕਮੇਟੀ ਦਾ ਗਠਨ*

ਅੰਮ੍ਰਿਤਸਰ : ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਦਾ ਮਾਮਲਾ ਦੋ ਦਹਾਕਿਆਂ ਬਾਅਦ ਮੁੜ ਉਭਰਿਆ ਹੈ। ਇਸ ਵਾਰ ਵੀ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਬਾਰੇ ਇੱਕ ਵਿਸ਼ੇਸ਼ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ ਜਦਕਿ ਪਹਿਲਾਂ ਵੀ ਇਸ ਸਬੰਧੀ ਕਮੇਟੀ ਬਣੀ ਸੀ ਪਰ ਮਾਮਲਾ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਸੀ।

ਇਹ ਮਾਮਲਾ ਹੁਣ ਉਸ ਵੇਲੇ ਮੁੜ ਉਭਰਿਆ ਹੈ ਜਦੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੀਤੇ ਦਿਨ ਸੰਸਦ ਮੈਂਬਰ ਰਾਘਵ ਚੱਢਾ ਅਤੇ ਬੌਲੀਵੁਡ ਅਦਾਕਾਰਾ ਪਰਿਨੀਤੀ ਚੋਪੜਾ ਦੇ ਮੰਗਣੀ ਸਮਾਰੋਹ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਇਸ ਸਮਾਗਮ ਵਿੱਚ ਵਿਆਹ ਕਰਾਉਣ ਵਾਲੀ ਨਵੀਂ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਸਬੰਧੀ ਜਦੋਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਜਨਤਕ ਹੋਈਆ ਤਾਂ ਸੋਸ਼ਲ ਮੀਡੀਆ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਆਲੋਚਨਾ ਕੀਤੀ ਗਈ ਜਿਸ ਤੋਂ ਬਾਅਦ ਇਹ ਮਾਮਲਾ ਮੁੜ ਉਭਰਿਆ ਕਿ ਜਥੇਦਾਰਾਂ ਦੇ ਕਾਰਜ ਖੇਤਰ ਅਤੇ ਹੋਰ ਲੋੜੀਂਦੇ ਮਾਮਲਿਆਂ ਤੇ ਗਤੀਵਿਧੀਆਂ ਸਬੰਧੀ ਨਿਯਮ ਹੋਣੇ ਚਾਹੀਦੇ ਹਨ। ਇਹ



ਮਾਮਲਾ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿੱਚ ਵਿਚਾਰਿਆ ਗਿਆ ਹੈ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਜਲਦੀ ਹੀ ਇਸ ਸਬੰਧ ਵਿੱਚ ਨਿਯਮ ਨਿਰਧਾਰਤ ਕਰਨ ਲਈ ਇੱਕ ਕਮੇਟੀ ਬਣਾਈ ਜਾਵੇਗੀ ਜੋ ਇਸ ਸਬੰਧੀ ਸਿੱਖ ਵਿਦਵਾਨਾਂ, ਸੰਪਰਦਾਵਾਂ ਅਤੇ ਹੋਰਨਾਂ ਨਾਲ ਗੱਲਬਾਤ ਕਰਕੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਿਪੋਰਟ ਦੇਵੇਗੀ। ਇਹ ਮਾਮਲਾ ਹੁਣ ਹਾਲ ਹੀ ਵਿਚ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਵੀ ਉਭਾਰਿਆ ਗਿਆ ਸੀ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਦਲ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਸੀ ਕਿ ਸਿੱਖ ਮਾਹਿਰਾਂ ਤੇ ਵਿਦਵਾਨਾਂ ਦੀ ਰਾਏ ਨਾਲ ਤਖ਼ਤਾਂ ਦੇ ਜਥੇਦਾਰਾਂ ਲਈ ਪੰਥ ਪ੍ਰਵਾਨਿਤ ਨਿਯਮ ਬਣਾਏ ਜਾਣ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਸੀ ਕਿ ਅਕਾਲ ਤਖ਼ਤ ਸਰਵਉੱਚ ਹੈ ਅਤੇ ਇਸ ਦੀ ਸਰਵਉਚਤਾ ਤੇ ਪ੍ਰਭੂਸੱਤਾ ਨੂੰ ਚੁਣੌਤੀ 'ਤੇ ਸਵਾਲ ਨਹੀਂ ਕੀਤੇ ਜਾ ਸਕਦੇ ਪਰ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਧਿਕਾਰ ਅਤੇ ਕਾਰਜ ਖੇਤਰ ਬਾਰੇ ਕੋਈ ਪੰਥ ਪ੍ਰਵਾਨਿਤ ਨਿਯਮ ਨਾ ਹੋਣ ਕਾਰਨ ਕੌਮ ਨੂੰ ਕਈ ਵਾਰ ਨਮੋਸ਼ੀ ਅਤੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦੱਸਣਾ ਬਣਦਾ ਹੈ ਕਿ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਮਾਰਚ 2008 ਵਿਚ ਇਸ ਸਬੰਧੀ ਇੱਕ ਖਰੜਾ ਵੀ ਤਿਆਰ ਕੀਤਾ ਗਿਆ ਸੀ। ਜਥੇਬੰਦੀ ਵੱਲੋਂ 2005 ਤੋਂ ਲੈ ਕੇ 2007 ਤੱਕ ਇਸ ਸਬੰਧੀ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਕੀਤੇ ਗਏ ਅਤੇ ਵਿਦਵਾਨਾਂ ਦੀ ਰਾਏ ਲੈ ਕੇ ਖਰੜਾ ਬਣਾਇਆ ਗਿਆ। ਇਹ ਖਰੜਾ ਉਸ ਵੇਲੇ ਦੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੌਂਪ ਦਿੱਤਾ ਗਿਆ ਪਰ ਸਤੰਬਰ 2008 ਵਿੱਚ ਉਨ੍ਹਾਂ ਨੂੰ ਇਸ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਜਿਸ ਕਾਰਨ ਇਹ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ ਸੀ।

# ਮੇਰੀ ਸਰਕਾਰ ਨੇ ਸਾਲ 'ਚ 300 ਭ੍ਰਿਸ਼ਟਾਚਾਰੀਆਂ ਨੂੰ ਜੇਲ੍ਹਾਂ 'ਚ ਡੱਕਿਆ ਤੇ ਅੱਗੇ ਵੀ ਕਾਰਵਾਈ ਜਾਰੀ ਰਹੇਗੀ: ਮਾਨ

ਚੰਡੀਗੜ੍ਹ : ਪੰਜਾਬ 'ਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਮੁਹਿੰਮ ਸਦਕਾ ਪੰਜਾਬ ਸਰਕਾਰ ਨੇ ਸਾਲ ਪਹਿਲਾਂ ਜਾਰੀ ਕੀਤੇ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ 'ਤੇ ਆਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਵੱਖ-ਵੱਖ ਵਿਭਾਗਾਂ 'ਚ ਤਾਇਨਾਤ 300 ਤੋਂ ਵੱਧ ਭ੍ਰਿਸ਼ਟ ਅਧਿਕਾਰੀਆਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਹੈ। ਇਹ ਦਾਅਵਾ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਾਸੀਆਂ ਦੇ ਨਾਮ ਵੀਡੀਓ ਸੰਦੇਸ਼ ਜਾਰੀ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਲ ਪਹਿਲਾਂ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ ਜਾਰੀ ਕੀਤਾ ਸੀ, ਜਿਸ 'ਤੇ ਕੋਈ ਅਫਸਰ ਜਾਂ ਮੁਲਾਜ਼ਮ ਵੱਲੋਂ ਸਰਕਾਰੀ ਕੰਮ ਲਈ



ਸਰਕਾਰੀ ਫੀਸ ਤੋਂ ਇਲਾਵਾ ਰੁਪਏ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸ ਦੀ ਆਡੀਓ ਜਾਂ ਵੀਡੀਓ ਬਣਾ ਕੇ ਸ਼ਿਕਾਇਤ ਕੀਤੀ ਜਾਵੇ। ਉਸ ਅਧਿਕਾਰੀ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਹੀ 300 ਦੇ ਕਰੀਬ ਅਧਿਕਾਰੀਆਂ ਵਿਰੁੱਧ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੇ ਦਿਨ ਹੀ ਲੋਕਾਂ ਦੀ ਕਮਾਈ ਦੇ ਇਕ-ਇਕ ਪੈਸੇ ਨੂੰ ਬਚਾਉਣ ਤੇ ਲੋਕਾਂ ਦੇ ਕੰਮਾ 'ਤੇ ਲਗਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਵਿੱਖ ਵਿੱਚ ਵੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਜਿੱਥੇ 300 ਤੋਂ ਵੱਧ ਅਧਿਕਾਰੀਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਹੈ। ਉੱਥੇ ਹੀ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਡਾ. ਵਿਜੈ ਸਿੰਗਲਾ ਵਿਰੁੱਧ ਵੀ ਸ਼ਿਕਾਇਤ ਮਿਲਣ 'ਤੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਕੇ ਕੈਬਨਿਟ ਵਿੱਚੋਂ ਬਾਹਰ ਕਰ ਦਿੱਤਾ ਸੀ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

ਸ਼ੇਰ ਸ਼ਾਹ ਸੂਰੀ ਨੇ ਹਿੰਮਾਯੂ ਤੋਂ ਰਾਜ ਖੋਹ ਲਿਆ। ਉਸ ਤੋਂ ਬਾਅਦ ਹਿੰਮਾਯੂ ਦੇ ਪੁੱਤਰ ਅਕਬਰ ਨੇ ਲੰਮੇ ਸਮੇਂ ਤੱਕ ਭਾਰਤ ਉਤੇ ਰਾਜ ਕੀਤਾ। ਅਕਬਰ ਸਿੱਖ ਗੁਰੂਆਂ ਦਾ ਬਹੁਤ ਸਤਿਕਾਰ ਕਰਦਾ ਸੀ। ਉਹ ਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਸਾਹਿਬ ਆਇਆ ਅਤੇ ਉਹਨਾਂ ਤੋਂ ਆਸ਼ੀਰਵਾਦ ਲਿਆ। ਉਸ ਨੇ ਗੁਰੂ ਅਮਰਦਾਸ ਜੀ ਦੇ ਕਹਿਣ ਤੇ ਕੁਝ ਪਿੰਡਾਂ ਦੇ ਮਾਮਲੇ ਆਦਿ ਵੀ ਮੁਆਫ਼ ਕਰ ਦਿੱਤੇ। ਅਕਬਰ ਉਦਾਰਵਾਦੀ ਸ਼ਹਿਨਸ਼ਾਹ ਸੀ। ਉਸ ਨੇ ਹਿੰਦੂਆਂ ਪ੍ਰਤੀ ਬਹੁਤ ਅੱਛਾ ਵਰਤਾਓ ਰੱਖਿਆ। ਉਸ ਦੇ ਰਾਜ ਸਮੇਂ ਵਿਚ ਕੱਟੜ ਮੁਸਲਮਾਨਾਂ ਦੀ ਜ਼ਿਆਦਾ ਸੁਣਵਾਈ ਨਹੀਂ ਸੀ। ਉਸ ਨੇ ਹਿੰਦੂ ਲੋਕਾਂ ਨੂੰ ਨੇੜੇ ਲਿਆਉਣ ਲਈ ਜੈਪੁਰ ਦੇ ਮਹਾਰਾਜੇ ਦੀ ਲੜਕੀ ਵਿਆਹੀ ਅਤੇ ਉਥੋਂ ਦੇ ਰਾਜਾ ਜੈ ਸਿੰਘ ਨੂੰ ਫੌਜ ਦਾ ਸੈਨਾਪਤੀ ਥਾਪਿਆ।

ਅਕਬਰ ਤੋਂ ਬਾਅਦ ਉਸ ਦੇ ਪੁੱਤਰ ਜਹਾਂਗੀਰ ਨੇ ਰਾਜ ਸੰਭਾਲਿਆ ਪਰ ਉਹ ਕੱਟੜ ਮੁਸਲਮਾਨਾਂ ਦੇ ਅਸਰ ਹੇਠ ਆ ਗਿਆ। ਜਹਾਂਗੀਰ ਦੇ ਰਾਜ ਵਿਚ ਹੀ ਲਾਹੌਰ ਵਿਖੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ। ਸ਼ਹੀਦ ਹੋਣ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਫੌਜ, ਚੰਗੇ ਘੋੜੇ ਅਤੇ ਸ਼ਸ਼ਤਰ ਰੱਖਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਇਕ ਥੜ੍ਹਾ ਬਣਾਇਆ, ਜਿਸ ਨੂੰ ਅਕਾਲ ਤਖ਼ਤ ਦਾ ਨਾਮ ਦਿੱਤਾ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗਲ਼ ਵਿਚ ਮੀਰੀ ਅਤੇ ਪੀਰੀ ਨਾਮ ਦੀਆਂ ਦੋ ਤਲਵਾਰਾਂ ਪਹਿਨੀਆਂ। ਹੁਣ ਸਿੱਖ ਸਿਰਫ਼ ਰੱਬ ਦੀ ਭਗਤੀ ਹੀ ਨਹੀਂ ਕਰਦੇ ਸਨ, ਸਗੋਂ ਯੋਧੇ ਵੀ ਬਣਨ ਲੱਗੇ ਸਨ। ਜਿਥੇ ਹਰਿਮੰਦਰ ਸਾਹਿਬ ਵਿਖੇ ਦਿਨ ਰਾਤ ਭਗਤੀ ਜਾਪ ਹੁੰਦਾ, ਉਥੇ ਅਕਾਲ ਤਖ਼ਤ ਸਾਹਿਬ ਵਿਖੇ ਅਬਦੁਲਾ ਅਤੇ ਹੋਰ ਢਾਡੀ ਜੱਥੇ ਬਹਾਦਰੀ ਦੀਆਂ ਵਾਰਾਂ ਸੁਣਾ ਕੇ ਸਿੱਖਾਂ ਵਿਚ ਜੋਸ਼ ਭਰਦੇ ਸਨ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਪ੍ਰਭੂ ਭਗਤੀ ਤੋਂ ਇਲਾਵਾ ਬਹਾਦਰੀ ਅਤੇ ਸੂਰਮਗਤੀ ਵੱਲ ਤੋਰਿਆ। ਸਿੱਖ ਸੰਗਤਾਂ ਨੂੰ ਸੇਵਾ ਵੱਜੋਂ ਸੁੰਦਰ ਘੋੜੇ ਅਤੇ ਹਥਿਆਰ ਲਿਆਉਣ ਲਈ ਕਿਹਾ। ਨੌਜਵਾਨ ਸਿੱਖ, ਗੁਰੂ ਜੀ ਦੀ ਫੌਜ ਵਿਚ ਭਰਤੀ ਹੋਣ ਲੱਗੇ।




ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ, ਅਤੇ ਚਾਰਾਂ ਵਿਚ ਹੀ ਉਹਨਾਂ ਨੇ ਫ਼ਤਹਿ ਪ੍ਰਾਪਤ ਕੀਤੀ।

ਔਰੰਗਜੇਬ ਨੇ ਆਪਣੇ ਭਰਾਵਾਂ ਦਾ ਕਤਲ ਅਤੇ ਪਿਤਾ ਸ਼ਾਹਜਹਾਨ ਨੂੰ ਕੈਦ ਕਰਕੇ ਲਗਭਗ 50 ਸਾਲ 1707 ਈ. ਤੱਕ ਹਿੰਦੁਸਤਾਨ 'ਤੇ ਰਾਜ ਕੀਤਾ। ਇਸ ਦੌਰਾਨ ਕੱਟੜਵਾਦੀ ਮੁਸਲਮਾਨ ਹੋਰ ਵੀ ਉੱਭਰ ਗਏ। ਔਰੰਗਜੇਬ ਨੇ ਸਾਰੇ ਭਾਰਤਵਾਸੀਆਂ ਨੂੰ ਜ਼ਬਰਨ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ। ਉਸ ਨੇ ਭਾਰਤ ਦੇ ਗ਼ੈਰ-ਮੁਸਲਮਾਨ ਅਤੇ ਬੇਕਸੂਰ ਲੋਕਾਂ ਤੇ ਬਹੁਤ ਜ਼ੁਲਮ ਢਾਹੇ। 11 ਨਵੰਬਰ 1675 ਵਿਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੇ ਤਿਲਕ ਅਤੇ ਜੰਞੂ ਦੀ ਰਾਖੀ ਲਈ ਦਿੱਲੀ ਵਿਖੇ ਆਪਣੇ ਤਿੰਨ ਸਾਥੀਆਂ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਲਾਸਾਨੀ ਸ਼ਹਾਦਤ ਦਿੱਤੀ।

ਔਰੰਗਜੇਬ ਦੇ ਜ਼ੁਲਮਾਂ ਦੇ ਰਾਹ ਵਿਚ ਗੁਰੂ ਗੋਬਿੰਦ ਸਿੰਘ ਜੀ ਪਹਾੜ ਵਾਂਗ ਉਸ ਦੇ ਸਾਹਮਣੇ ਖੜ੍ਹੇ ਹੋ ਗਏ। 1696 ਤੋਂ 1699 ਤੱਕ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਰਹਿ ਕੇ ਵਿੱਦਿਅਕ ਕੰਮ ਕੀਤਾ। ਇਸ ਸਮੇਂ ਉਹਨਾਂ ਨੇ ਭੰਗਾਣੀ ਦਾ ਯੁੱਧ ਲੜਿਆ। 1699 ਨੂੰ ਵਿਸਾਖੀ ਵਾਲੇ ਦਿਨ ਉਹਨਾਂ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਪੰਜ ਪਿਆਰਿਆਂ ਨੇ ਆਪਣਾ ਸੀਸ ਦੇ ਕੇ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਹੋ ਗਏ। ਅਗਲੇ ਦਿਨ 20 ਹਜ਼ਾਰ ਸੰਗਤ ਨੇ ਅੰਮ੍ਰਿਤ ਛਕਿਆ। ਨਵਾਂ ਬਣਿਆ ਖਾਲਸਾ ਕੁਦਰਤ ਦਾ ਹੀ ਨਜ਼ਾਰਾ ਸੀ। ਮਨ ਸ਼ਾਂਤੀ ਵਾਲਾ ਅਤੇ ਤਨ ਸਿਪਾਹੀ ਵਾਲਾ। ਪੰਜ ਕਕਾਰਾਂ ਦੀ ਪ੍ਰਧਾਨਤਾ ਹੋ ਗਈ। ਲੋਕ ਇੰਨੇ ਬਹਾਦਰ ਅਤੇ ਸਿਦਕਵਾਨ ਹੋ ਗਏ ਕਿ ਉੱਤਰੀ ਭਾਰਤ ਦਾ ਨਕਸ਼ਾ ਹੀ ਬਦਲ ਗਿਆ। ਦੇਸ਼ ਅਤੇ ਕੌਮ ਲਈ ਸ਼ਹੀਦ ਹੋਣਾ ਮਜ਼ਾਕ ਜਿਹਾ ਹੀ ਬਣ ਗਿਆ।

॥ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥ ਦੇ ਵਿਚਾਰ ਨੇ ਲੋਕਾਂ ਵਿਚ ਜੋਸ਼ ਭਰ ਦਿੱਤਾ। ਜੋ ਇਨਸਾਨ ਮਰਨ ਨੂੰ ਤਿਆਰ ਹੁੰਦਾ ਹੈ ਤੇ ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦਾ, ਉਸ ਦੀ ਸ਼ਕਤੀ ਆਮ ਇਨਸਾਨ ਨਾਲੋਂ ਕਈ ਗੁਣਾਂ ਵੱਧ ਜਾਂਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਹੋਵੇ ਫਿਰ ਇਹ ਸ਼ਕਤੀ ਅਸਮਾਨ ਦੀ ਬਿਜਲੀ ਬਣ ਜਾਂਦੀ ਹੈ।

ਆਪ ਜੀ ਨੂੰ ਪਤਾ ਹੀ ਹੈ ਕਿ ਸਿੱਖ ਇਤਿਹਾਸ ਬਹਾਦਰੀ, ਜੰਗਾਂ ਅਤੇ ਸ਼ਹੀਦੀਆਂ ਨਾਲ ਭਰਪੂਰ ਹੈ। ਭਗਤੀ ਤੇ ਸ਼ਕਤੀ ਦਾ ਸੁਮੇਲ ਨਾਲ-ਨਾਲ ਹੀ ਚੱਲਦਾ ਆ ਰਿਹਾ ਹੈ। 6 ਦਸੰਬਰ 1704 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਸਮੇਤ ਆਨੰਦਪੁਰ ਦਾ ਕਿਲ੍ਹਾ ਛੱਡਿਆ। ਸਰਸਾ ਨਦੀ ਦੇ ਨੇੜੇ ਜਦੋਂ ਅੰਮ੍ਰਿਤ ਵੇਲਾ ਹੋਇਆ ਤਾਂ ਗੁਰੂ ਜੀ ਨੇ ਭਾਈ ਦਇਆ ਸਿੰਘ ਜੀ ਨੂੰ ਆਸਾ ਦੀ ਵਾਰ ਦਾ ਕੀਰਤਨ ਕਰਨ ਲਈ ਕਿਹਾ। (ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**ਅਪ੍ਰੈਲ, 1931 ਅਨਮੋਲ 168**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਰਹਿਤ ਮਰਯਾਦਾ ਦਾ ਪਹਿਲਾ ਖਰੜਾ ਗੁਰਦੁਆਰਾ ਗਜ਼ਟ 1 ਅਪ੍ਰੈਲ, 1931 ਜਿਲਦ 3, ਨੰਬਰ 3 ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਲੈਣ ਲਈ ਵੰਡਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਭੂਮਿਕਾ ਵਿਚ ਲਿਖਿਆ ਗਿਆ ਹੈ :-

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਗਜ਼ਟ ਆਮ ਤੌਰ 'ਤੇ ਸ੍ਰੀ ਅੰਮ੍ਰਿਤਸਰ ਛਪਦਾ ਸੀ ਪਰ 1931 ਵਿਚ ਪ੍ਰੈਸ ਆਰਡੀਨੈਂਸ ਜਾਰੀ ਹੋ ਜਾਣ ਕਾਰਨ ਲਗਾਤਾਰ ਅੱਠ ਮਹੀਨੇ ਇਹ ਗਜ਼ਟ ਨਹੀਂ ਛਪ ਸਕਿਆ। ਇਸ ਦੇ ਬਾਅਦ ਇਹ ਪਾਬੰਦੀ ਸਮਾਪਤ ਤਾਂ ਹੋ ਗਈ ਪਰ ਓਅੰਕਾਰ ਪ੍ਰੈਸ ਜਿਸ ਵਿਚ ਇਹ ਛਪਦਾ ਸੀ, ਉਸ ਕੋਲੋਂ ਸਰਕਾਰ ਨੇ ਫਿਰ ਜ਼ਮਾਨਤ ਮੰਗ ਲਈ। ਇਸ ਲਈ ਇਹ ਗਜ਼ਟ ਲਾਹੌਰ ਵਿਚ ਛਾਪਿਆ ਗਿਆ ਸੀ।"

**ਰਹਿਤ ਮਰਯਾਦਾ ਦਾ ਖਰੜਾ**

ਸਿੱਖ ਮਰਯਾਦਾ ਸੰਬੰਧੀ ਪੈਦਾ ਹੋਏ ਤੇ ਹੋ ਰਹੇ ਮੱਤ ਭੇਦਾਂ ਨੂੰ ਦੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਿਛੇ ਜਿਹੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੀ ਇਕ 'ਰਹੁ ਗੀਤਿ ਸਬ ਕਮੇਟੀ' ਬਣਾਕੇ ਉਸ ਦੇ ਜਿੰਮੇ ਇਹ ਸੇਵਾ ਲਾਈ ਗਈ ਸੀ ਕਿ ਇਹ ਕਮੇਟੀ ਗੁਰਧਾਮਾਂ ਵਿਚ ਗੁਰ ਮਰਯਾਦਾ ਨੂੰ ਠੀਕ ਤਰ੍ਹਾਂ ਨੀਯਤ ਕਰਨ ਲਈ ਰਹਿਤਨਾਮਿਆਂ ਅਤੇ ਹੋਰ ਗੁਰਮਤਿ ਰਹੁਰੀਤੀ ਦਾ ਖਰੜਾ ਤਿਆਰ ਕਰਕੇ ਸ਼੍ਰੋ. ਗੁ. ਪ੍ਰ. ਕਮੇਟੀ ਵਿਚ ਵਿਚਾਰ ਲਈ ਪੇਸ਼ ਕਰਕੇ। ਕਈ ਕਾਰਨਾਂ ਕਰਕੇ ਇਹ ਕਮੇਟੀ ਹੁਣ ਤੱਕ ਆਪਣਾ ਕਾਰਜ ਸ਼ੁਰੂ ਨਹੀਂ ਸੀ ਕਰ ਸਕੀ ਤੇ ਅਖੀਰ ਖਰੜਾ ਬਣਾ ਕੇ ਇਸ ਸਬ ਕਮੇਟੀ ਵਿਚ ਪੇਸ਼ ਕਰਨ ਦੀ ਸੇਵਾ ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਜੀ ਦੇ ਜਿੰਮੇ ਲੱਗੀ, ਸੋ ਇਨ੍ਹਾਂ ਵਲੋਂ ਰਹੁ-ਗੀਤੀ ਦਾ ਖਰੜਾ ਪੁੱਜ ਗਿਆ ਹੈ ਜੋ ਹੇਠ ਦਰਜ ਕੀਤਾ ਜਾਂਦਾ ਹੈ। ਪੰਥਕ ਅਖ਼ਬਾਰਾਂ ਦੇ ਐਡੀਟਰ ਸਾਹਿਬਾਨ ਤੇ ਹੋਰ ਵਿਦਵਾਨ ਸੱਜਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਇਸ ਨੂੰ ਪੜ੍ਹਕੇ ਵਿਚਾਰਨ ਤੇ ਇਸ ਸਬੰਧੀ ਆਪਣੀ ਆਪਣੀ ਰਾਏ ਤੋਂ ਸ਼੍ਰੋਮਣੀ ਕਮੇਟੀ ਨੂੰ ਜਾਣੂ ਕਰਨ ਦੀ ਕਿਰਪਾਲਤਾ ਕਰਨ ਤਾਂ ਕਿ ਇਸ 'ਤੇ ਪੂਰੇ ਤੌਰ 'ਤੇ ਵਿਚਾਰ ਹੋ ਸਕੇ।

ਨੋਟ : ਸੰਗਤਾਂ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਉਹ ਇਸ ਖਰੜੇ ਨੂੰ ਕੇਵਲ ਤਜਵੀਜ਼ਾਂ ਹੀ ਸਮਝ ਕੇ ਬੜੇ ਗਹੁ ਅਤੇ ਠੰਡੇ ਦਿਲ ਨਾਲ ਵਿਚਾਰਨ ਤੇ ਇਸ ਸਬੰਧੀ ਅੰਤਮ ਫੈਸਲੇ ਦੀ ਉਡੀਕ ਰੱਖਣ। ਇਸ ਨੂੰ ਹੀ ਫੈਸਲਾ ਨਾ ਸਮਝਣ ਲੈਣ।




**4-5 ਅਕਤੂਬਰ, 1931**

4 ਅਕਤੂਬਰ, 1931 ਨੂੰ ਰਹੁ-ਰੀਤ ਸਬ ਕਮੇਟੀ (ਸ਼੍ਰੋਮਣੀ ਕਮੇਟੀ) ਦੀ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਲਾਭ ਸਿੰਘ ਜੀ, ਗਿਆਨੀ ਹੀਰਾ ਸਿੰਘ ਦਰਦ ਅਤੇ ਰਹੁ-ਰੀਤ ਸਬ ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਹਾਜ਼ਰ ਸਨ। ਇਹ ਕਾਰਵਾਈ 10 ਵਜੇ ਸ਼ੁਰੂ ਕੀਤੀ ਗਈ ਪਰ ਇਸ ਨੂੰ ਆਰਜ਼ੀ ਤੌਰ 'ਤੇ ਸ਼ਾਮ ਲਈ ਮੁਲਤਵੀ ਕਰ ਦਿੱਤਾ ਗਿਆ ਕਿਉਂਕਿ ਇਸ ਸਥਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਗਮ ਹੋਣਾ ਸੀ।

ਮੁਲਤਵੀ ਹੋਈ ਇਕੱਤਰਤਾ ਮੁੜ ਸ਼ਾਮ ਨੂੰ ਸਾਢੇ ਨੌਂ ਵਜੇ ਆਰੰਭ ਹੋਈ। ਇਸ ਵਿਚ ਜਥੇਦਾਰ ਸੀ ਅਕਾਲ ਤਖਤ ਸਾਹਿਬ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਕਾਲੀ ਕੌਰ ਜੀ, ਸੰਤ ਮਾਨ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ, ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਲਾਭ ਸਿੰਘ ਜੀ ਅਤੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਹਾਜ਼ਰ ਸਨ।

ਉਪਰੰਤ ਪ੍ਰੋ. ਤੇਜਾ ਸਿੰਘ ਜੀ ਨੇ ਸਿੱਖ ਰਹਿਤ ਮਰਯਾਦਾ ਦਾ ਤਿਆਰ ਕੀਤਾ ਖਰੜਾ ਪੇਸ਼ ਕੀਤਾ ਅਤੇ ਦੱਸਿਆ ਕਿ ਇਹ ਖਰੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਨਾਲ ਤਿਆਰ ਕਰਕੇ ਬਾਹਰ ਤੋਂ ਆਈਆਂ ਰਾਵਾਂ ਦੇ ਅਧਾਰ 'ਤੇ ਇਸ ਦੀ ਤਰਮੀਮ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਵਿਚਾਰ ਕੇ ਵੇਖ ਲਿਆ ਜਾਏ, ਜੇਕਰ ਇਸ ਦੇ ਮੁਢਲੇ ਅਸੂਲਾਂ ਉਤੇ ਬਹੁਤ ਮਤਭੇਦ ਨਾ ਹੋਵੇ ਤਾਂ ਬਹਿ ਕੇ ਇਸ ਵਿਚ ਤਰਮੀਮਾਂ ਦੱਸੀਆਂ ਜਾਣ ਅਤੇ ਜੇਕਰ ਮੁਢਲੇ ਅਸੂਲਾਂ ਉਤੇ ਬਹੁਤ ਮਤਭੇਦ ਹੋਵੇ ਤਾਂ ਪਹਿਲਾਂ ਮੋਟੇ ਮੋਟੇ ਅਸੂਲ ਤੈਅ ਕੀਤੇ ਜਾਣ, ਜਿਨ੍ਹਾਂ ਅਨੁਸਾਰ ਮੁੜ ਨਵਾਂ ਖਰੜਾ ਤਿਆਰ ਕੀਤਾ ਜਾਵੇ ਅਤੇ ਉਸ ਦੇ ਤਿਆਰ ਕਰਨ ਲਈ ਰਹੁਰੀਤ ਕਮੇਟੀ ਦੀ ਇਕ ਸਬ-ਕਮੇਟੀ ਉਨ੍ਹਾਂ ਸੱਜਣਾਂ ਦੀ ਬਣਾਈ ਜਾਵੇ ਜੋ ਉਨ੍ਹਾਂ ਤੈਅ ਕੀਤੇ ਹੋਏ ਮੁਢਲੇ ਅਸੂਲਾਂ ਦੇ ਹਾਮੀ ਹੋਣ।

ਇਸ ਤੋਂ ਵਿਚਾਰ-ਵਟਾਂਦਰੇ ਦੇ ਬਾਅਦ ਇਹ ਪਾਸ ਹੋਇਆ ਕਿ ਇਸ ਖਰੜੇ ਨੂੰ ਜਿਸ ਵਿਚ ਸਿੱਖ ਰਹਿਣੀ ਨੂੰ 'ਸ਼ਖਸੀ' ਅਤੇ 'ਪੰਥਕ' ਰਹਿਣੀ ਉਤੇ ਵੰਡਿਆ ਹੋਇਆ ਹੈ ਲਿਆ ਜਾਏ ਅਤੇ ਇਸ ਵਿਚ ਯੋਗ ਤਰਮੀਮਾਂ ਕਰਕੇ ਪਾਸ ਕੀਤਾ ਜਾਵੇ। ਇਹ ਵੀ ਪਾਸ ਕੀਤਾ ਗਿਆ ਕਿ ਇਸ ਵਿਚ ਸਹਿਜਧਾਰੀਆਂ ਅਤੇ ਅੰਮ੍ਰਿਤਧਾਰੀਆਂ ਦੋਹਾਂ ਲਈ ਰਹੁਰੀਤ ਭੀ ਆ ਜਾਂਦੀ ਹੈ ਅਰਥਾਤ ਜਿਹੜੇ ਪ੍ਰਾਣੀ ਕਿਸੇ ਕਾਰਨ ਕਰਕੇ ਹਾਲੀ ਅੰਮ੍ਰਿਤ ਨਹੀਂ ਛਕ ਸਕਦੇ ਉਹ ਸ਼ਖਸੀ ਰਹਿਣੀ ਉਤੇ ਹੀ ਚਲਣ ਅਤੇ ਜਿਹੜੇ ਤਿਆਰ ਬਰ ਤਿਆਰ ਹੋ ਕੇ ਗੁਰੂ ਪੰਥ ਦੀ ਜ਼ਿੰਮੇਵਾਰੀ ਵਾਲੀ ਪਦਵੀ ਵਿਚ ਸ਼ਾਮਲ ਹੋਣਾ ਚਾਹੁਣ ਉਹ ਸ਼ਖਸੀ ਅਤੇ ਪੰਥਕ ਦੋਵੇਂ ਤਰ੍ਹਾਂ ਦੀ ਰਹਿਣੀ ਧਾਰਨ ਕਰਨ। ਪਰ ਮਤ (ਅਰਥਾਤ ਯਕੀਨ Creed) ਸਾਰੇ ਸਿੱਖਾਂ ਦਾ ਇਕ ਹੋਵੇ। ਉਹ ਇਹ ਕਿ "ਜੋ ਇਸਤ੍ਰੀ ਪੁਰਸ਼ ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) ਅਤੇ ਉਨ੍ਹਾਂ ਦੀ ਦੱਸੀ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੋਵੇ, ਉਹ ਸਿੱਖ ਹੈ।"

(ਚਲਦਾ)

# ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਸ੍ਰੀ ਪਾਉਂਟਾ ਸਾਹਿਬ ਦੀ ਯਾਦ ਵਿੱਚ ਸਮਾਗਮ

## *ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹਰੀਆਂ ਵੇਲਾਂ ਵਾਲਿਆਂ ਦਾ ਸਨਮਾਨ*

ਅੰਮ੍ਰਿਤਸਰ : ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੇ ਪ੍ਰਬੰਧ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਸਮੇਂ 1964 ਨੂੰ ਵਾਪਰੇ ਸਾਕੇ 'ਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ।

ਸ੍ਰੀ ਪਾਉਂਟਾ ਸਾਹਿਬ ਦੇ ਸਾਕੇ ਦੌਰਾਨ ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨ ਦਲ ਦੇ 11 ਸਿੰਘ ਸ਼ਹੀਦ ਹੋਏ ਸਨ। ਇਸ ਸਾਕੇ ਦੇ ਗਵਾਹ ਜਥੇਬੰਦੀ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਹਨ, ਜਿਨ੍ਹਾਂ ਨੂੰ ਪੰਥ ਵੱਲੋਂ ਜਿੰਦਾ ਸ਼ਹੀਦ ਦਾ ਖਿਤਾਬ ਮਿਲਿਆ ਹੋਇਆ ਹੈ। ਸਾਕੇ ਦੀ ਸਾਲਾਨਾ ਯਾਦ ਮੌਕੇ ਅੱਜ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਵਾਪਰੇ ਸਾਕੇ ਦੇ ਦਰਦ ਨੂੰ ਸਿੱਖ ਕਦੇ ਵੀ ਭੁੱਲ ਨਹੀਂ ਸਕਦੇ। ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਸਿੰਘਾਂ ਵੱਲੋਂ ਵੱਡੀਆਂ ਸ਼ਹਾਦਤਾਂ ਦੇ ਕੇ ਗੁਰਦੁਆਰੇ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਭਾਵੇਂ ਸਾਕਾ 22 ਮਈ ਨੂੰ ਵਾਪਰਿਆ ਸੀ ਪਰ ਇਸ ਸਬੰਧ ਵਿਚ ਸ੍ਰੀ ਪਾਉਂਟਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਕਰਕੇ ਸ੍ਰੀ ਦਰਬਾਰ ਸਾਹਿਬ ਵਿਖੇ ਇਸ ਸਬੰਧੀ 23 ਮਈ ਨੂੰ ਸਮਾਗਮ ਕੀਤਾ ਜਾਇਆ ਕਰੇਗਾ।

ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੇ ਕਿਹਾ ਕਿ ਗੁਰੂ ਘਰਾਂ ਅੰਦਰ ਪੰਥਕ ਮਰਿਆਦਾ ਬਹਾਲ ਰੱਖਣ ਲਈ ਕੌਮ ਨੇ ਹਮੇਸ਼ਾ ਹੀ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸਾਕੇ ਦੀ ਯਾਦ ਵਿਚ ਹਰ ਸਾਲ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਮਾਗਮ ਕਰਵਾਉਣ ਅਤੇ ਸਾਕੇ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਹਰਜਾਪ ਸਿੰਘ ਸੁਲਤਾਨਵਿੰਡ, ਗੁਰਪ੍ਰੀਤ ਸਿੰਘ ਝੱਬਰ, ਬਾਬਾ ਨੌਰੰਗ ਸਿੰਘ, ਬਾਬਾ ਗੁਰਦੇਵ ਸਿੰਘ, ਸਕੱਤਰ ਪ੍ਰਤਾਪ ਸਿੰਘ ਮੌਜੂਦ ਸਨ।

"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# Gurdwara Sahib Stockton

1930 South Sikh Temple St, Stockton, CA 95206 (A Historical Land Mark of CA)

# 18, ਜੂਨ ਘੱਲੂਘਾਰਾ ਦਿਵਸ







ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ


ਸ਼ਹੀਦ ਭਾਈ ਜਨਰਲ ਸੁਬੇਗ ਸਿੰਘ


ਸ਼ਹੀਦ ਭਾਈ ਅਮਰੀਕ ਸਿੰਘ

ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

## ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ


ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ
ਭੋਗ ਸ਼੍ਰੀ ਅਖੰਡਪਾਠ ਸਾਹਿਬ : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750, ਅਮਰਜੀਤ ਸਿੰਘ ਤੁੰਗ -209-954-2881, ਜਗਜੀਤ ਸਿੰਘ ਰੱਕੜ - 209-483-9700, ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਬਲਦੇਵ ਸਿੰਘ - 209-351-0786,

Pad Advertisement

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਵਸ

## ਵੱਡੀ ਗਿਣਤੀ ਸੰਗਤ ਨੇ ਗੁਰੂਘਰਾਂ ਵਿੱਚ ਮੱਥਾ ਟੇਕਿਆ; ਜਥਿਆਂ ਨੇ ਸਿੱਖ ਇਤਿਹਾਸ ’ਤੇ ਪਾਇਆ ਚਾਨਣਾ





ਅੰਮ੍ਰਿਤਸਰ : ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ ਸ਼ਹੀਦਾਂ ਦੇ ਸਿਰਤਾਜ, ਨਿਮਰਤਾ ਦੇ ਪੁੰਜ ਤੇ ਬਾਣੀ ਦੇ ਬੋਹਿਥ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ 417ਵਾਂ ਸ਼ਹੀਦੀ ਦਿਹਾੜਾ ਸ਼੍ਰੋਮਣੀ ਕਮੇਟੀ ਤੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਵਲੋਂ ਸ੍ਰੀ ਹਰਿਮੰਦਰ ਸਾਹਿਬ, ਗੁ: ਸ੍ਰੀ ਰਾਮਸਰ ਸਾਹਿਬ ਤੇ ਹੋਰਨਾਂ ਵੱਖ-ਵੱਖ ਥਾਵਾਂ ’ਤੇ ਸ਼ਰਧਾ ਨਾਲ ਮਨਾਇਆ ਗਿਆ। ਪੰਜਵੇਂ ਪਾਤਿਸ਼ਾਹ ਨੇ 417 ਸਾਲ ਪਹਿਲਾਂ ਮੁਗ਼ਲ ਹਕੂਮਤ ਦੇ ਜਬਰ ਦਾ ਸਬਰ ਨਾਲ ਮੁਕਾਬਲਾ ਕਰਦਿਆਂ ਗੁ: ਸ੍ਰੀ ਡੇਹਰਾ ਸਾਹਿਬ (ਲਾਹੌਰ) ਵਾਲੇ ਅਸਥਾਨ ’ਤੇ ਆਪਣੀ ਮਹਾਨ ਸ਼ਹਾਦਤ ਦਿੱਤੀ ਸੀ। ਹਾਲਾਂਕਿ ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚੱਲਦਿਆਂ ਇਸ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਪੁਰਬ 16 ਜੂਨ ਨੂੰ ਮਨਾਇਆ ਜਾ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਦੇ ਸੰਬੰਧ ’ਚ ਅੰਮ੍ਰਿਤ ਵੇਲੇ ਤੋਂ ਹੀ ਪਰਿਕਰਮਾ ਦੀਆਂ ਸਮੂਹ ਛਬੀਲਾਂ ਤੋਂ ਅੱਜ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਵਰਤਾਈਆਂ ਗਈਆਂ। ਅੱਤ ਦੀ ਗਰਮੀ ਹੋਣ ਦੇ ਬਾਵਜੂਦ ਵੱਡੀ ਗਿਣਤੀ ’ਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਤੇ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਸਿੱਜਦਾ ਕਰਨ ਪੁੱਜੇ ਸਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਅਸਥਾਨ ਗੁ: ਸ੍ਰੀ ਰਾਮਸਰ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਸੰਬੰਧੀ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਕੁਹਾੜਕਾ ਦੇ ਜਥੇ ਨੇ ਗੁਰਬਾਣੀ ਕੀਰਤਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਨੇ ਸ਼ਹੀਦੀ ਪ੍ਰਸੰਗ ਦੀ ਕਥਾ ਸਰਵਨ ਕਰਾਈ। ਸਮਾਗਮ ’ਚ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਵੇਂ ਪਾਤਿਸ਼ਾਹ ਦਾ ਜੀਵਨ ਮਨੁੱਖਤਾ ਲਈ ਚਾਨਣ-ਮੁਨਾਰਾ ਹੈ। ਗੁਰੂ ਸਾਹਿਬ ਨੇ ਹੱਕ, ਸੱਚ ਦੀ ਖ਼ਾਤਰ ਆਪਣੀ ਸ਼ਹਾਦਤ ਦਿੱਤੀ ਅਤੇ ਜਬਰ ਦਾ ਮੁਕਾਬਲਾ ਕਰਨ ਵਾਸਤੇ ਮਾਨਵਤਾ ਨੂੰ ਭੈਅ ਮੁਕਤ ਕੀਤਾ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਰਜਿੰਦਰ ਸਿੰਘ ਮਹਿਤਾ, ਹਰਜਾਪ ਸਿੰਘ ਸੁਲਤਾਨਵਿੰਡ, ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ ਤੇ ਹਰਪ੍ਰੀਤ ਸਿੰਘ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਮੀਤ ਮੈਨੇਜਰ ਜਸਬੀਰ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਤੇ ਸੰਗਤਾਂ ਹਾਜ਼ਰ ਸਨ। ਸ਼ਹੀਦੀ ਦਿਹਾੜੇ ਮੌਕੇ ਸਵੇਰ ਤੋਂ ਦੇਰ ਰਾਤ ਤੱਕ ਸ੍ਰੀ ਰਾਮਸਰ ਸਾਹਿਬ ਤੇ ਨਾਲ ਲੱਗਦੇ ਗੁ: ਸ਼ਹੀਦਗੰਜ ਬਾਬਾ ਦੀਪ ਸਿੰਘ ਜੀ ਵਿਖੇ ਲੱਖਾਂ ਸੰਗਤਾਂ ਨਤਮਸਤਕ ਹੋਣ ਪੁੱਜੀਆਂ ਤੇ ਸ੍ਰੀ ਰਾਮਸਰ ਸਾਹਿਬ ਵਿਖੇ 1904 ਤੋਂ ਲਗਾਈ ਜਾ ਰਹੀ ਕੌਲਿਆਂ ਵਾਲੀ ਛਬੀਲ ਤੋਂ ਇਲਾਵਾ ਆਸ-ਪਾਸ ਦੇ ਖੇਤਰ ’ਚ ਸੇਵਕ ਸ੍ਰੀ ਜਥਾ ਇਸ਼ਨਾਨ ਗੁ: ਸ਼ਹੀਦਗੰਜ ਸਾਹਿਬ, ਨੌਜਵਾਨ ਸਿੰਘ ਸਭਾ ਸ੍ਰੀ ਦਰਬਾਰ ਸਾਹਿਬ ਸਮੇਤ ਹੋਰ ਵੱਖ-ਵੱਖ ਧਾਰਮਿਕ ਸਭਾ ਸੁਸਾਇਟੀਆਂ ਤੇ ਸ਼ਰਧਾਲੂਆਂ ਵਲੋਂ ਸ਼ਹਿਰ ਦੇ ਅਨੇਕਾਂ ਇਲਾਕਿਆਂ ’ਚ ਠੰਢੇ ਮਿੱਠੇ ਜਲ ਤੋਂ ਇਲਾਵਾ ਘੁੰਙਣੀਆਂ ਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਅਤੁੱਟ ਵਰਤਾਏ ਗਏ।











# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇੰਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇੰਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇੰਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@ TOTALIRP.com

# ਛੀਨਾ ਹੋਣਗੇ ਮਜੀਠੀਆ ਖ਼ਿਲਾਫ਼ ਜਾਂਚ ਲਈ ਗਠਿਤ 'ਸਿਟ' ਦੇ ਮੁਖੀ

## ਟੀਮ ਦੇ ਬਾਕੀ ਮੈਂਬਰ ਪਹਿਲਾਂ ਵਾਲੇ ਹੀ ਰਹਿਣਗੇ



ਚੰਡੀਗੜ੍ਹ : ਪੰਜਾਬ ਪੁਲੀਸ ਨੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਨੂੰ ਬਦਲ ਦਿੱਤਾ ਹੈ ਅਤੇ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਮੁੜ ਗਠਨ ਕੀਤਾ ਹੈ। ਡੀਜੀਪੀ ਗੌਰਵ ਯਾਦਵ ਦੀ ਪ੍ਰਵਾਨਗੀ ਨਾਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਵੱਲੋਂ ਅੱਜ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਹੁਣ ਪਟਿਆਲਾ ਜ਼ੋਨ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਕਰਨਗੇ। ਪਹਿਲਾਂ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਾਹੁਲ ਐੱਸ ਸਨ ਜੋ ਕਿ ਵਿਜੀਲੈਂਸ ਦੇ ਡਾਇਰੈਕਟਰ ਵੀ ਹਨ।

ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਰਾਹੁਲ ਐੱਸ ਕਾਫ਼ੀ ਵਿਜੀਲੈਂਸ ਕੇਸਾਂ ਦੀ ਦੇਖਰੇਖ ਕਰ ਰਹੇ ਹਨ ਇਸ ਕਰ ਕੇ ਪ੍ਰਸ਼ਾਸਕੀ ਆਧਾਰ 'ਤੇ ਮਜੀਠੀਆ ਮਾਮਲੇ ਦੀ ਜਾਂਚ ਕਰ ਰਹੀ ਸਿਟ ਦਾ ਨਵਾਂ ਮੁਖੀ ਮੁਖਵਿੰਦਰ ਸਿੰਘ ਛੀਨਾ ਨੂੰ ਲਗਾਇਆ ਗਿਆ ਹੈ। ਬਾਕੀ ਮੈਂਬਰਾਂ ਵਜੋਂ ਏਆਈਜੀ ਰਣਜੀਤ ਸਿੰਘ ਢਿੱਲੋਂ, ਡੀਐੱਸਪੀ (ਐੱਸਟੀਐੱਫ ਰੋਪੜ) ਰਘਬੀਰ ਸਿੰਘ ਅਤੇ ਡੀਐੱਸਪੀ ਖਰੜ-2 ਅਮਰਪ੍ਰੀਤ ਸਿੰਘ ਪਹਿਲਾਂ ਦੀ ਤਰ੍ਹਾਂ ਸਿਟ ਵਿੱਚ ਕਾਇਮ ਰਹਿਣਗੇ। ਚੇਤੇ ਰਹੇ ਕਿ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਚੰਨੀ ਸਰਕਾਰ ਸਮੇਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਮੁਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿੱਚ 20 ਦਸੰਬਰ 2021 ਨੂੰ ਐੱਫ਼ਆਈਆਰ ਨੰਬਰ-2 ਦਰਜ ਕੀਤੀ ਗਈ ਸੀ ਜਿਸ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਮ ਸ਼ਾਮਲ ਸੀ। ਇਸ ਕੇਸ ਵਿੱਚ ਮਜੀਠੀਆ ਕਰੀਬ ਛੇ ਮਹੀਨੇ ਜੇਲ੍ਹ 'ਚ ਰਹੇ ਅਤੇ ਸੁਪਰੀਮ ਕੋਰਟ ਤੋਂ ਉਨ੍ਹਾਂ ਨੂੰ ਜ਼ਮਾਨਤ ਮਿਲੀ ਸੀ। ਪੰਜਾਬ ਸਰਕਾਰ ਹੁਣ ਨਸ਼ਿਆਂ ਦੇ ਮਾਮਲੇ 'ਤੇ ਵਿਸ਼ੇਸ਼ ਧਿਆਨ ਦੇਣ ਲੱਗੀ ਹੈ। ਪਿਛਲੇ ਦਿਨਾਂ ਵਿੱਚ ਜਲੰਧਰ ਜ਼ਿਮਨੀ ਚੋਣ ਸਮੇਂ ਮਜੀਠੀਆ ਵੱਲੋਂ ਸਰਕਾਰ ਨੂੰ ਲਗਾਤਾਰ ਨਿਸ਼ਾਨੇ 'ਤੇ ਰੱਖਿਆ ਗਿਆ ਸੀ।

### ਬਾਦਲਾਂ ਦੇ ਨਿਸ਼ਾਨੇ 'ਤੇ ਰਹੇ ਛੀਨਾ



ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਮੁਖਵਿੰਦਰ ਸਿੰਘ ਛੀਨਾ ਬਠਿੰਡਾ ਜ਼ੋਨ ਦੇ ਆਈ.ਜੀ. ਵਜੋਂ ਤਾਇਨਾਤ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਤਲਵੰਡੀ ਸਾਬੋ ਵਿੱਚ 2018 ਦੀ ਵਿਸਾਖੀ ਕਾਨਫ਼ਰੰਸ ਮੌਕੇ ਮੁਖਵਿੰਦਰ ਸਿੰਘ ਛੀਨਾ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਬਠਿੰਡਾ ਰਿਫ਼ਾਈਨਰੀ ਦਾ ਗੁੰਡਾ ਟੈਕਸ ਦਾ ਰੌਲਾ ਪਿਆ ਸੀ। ਸੁਖਬੀਰ ਸਿੰਘ ਬਾਦਲ ਨੇ ਉਸ ਮਗਰੋਂ ਵੀ ਲਾਲ ਡਾਇਰੀ ਦਾ ਜ਼ਿਕਰ ਕਰਦਿਆਂ ਛੀਨਾ 'ਤੇ ਨਿਸ਼ਾਨੇ ਸੇਧੇ ਸਨ।

# ਮਜੀਠੀਆ ਨੇ ਐੱਸਆਈਟੀ ਦੇ ਗਠਨ 'ਤੇ ਖੜ੍ਹੇ ਕੀਤੇ ਸਵਾਲ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀ ਨਵੀਂ ਐਸਆਈਟੀ 'ਤੇ ਸਵਾਲ ਖੜ੍ਹੇ ਕੀਤੇ ਹਨ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੰਤਰੀ ਨੇ ਦੋਸ਼ ਲਾਇਆ ਕਿ ਆਈਜੀ ਮੁਖਵਿੰਦਰ ਸਿੰਘ ਛੀਨਾ ਨੂੰ ਸਿਟ ਦਾ ਨਵਾਂ ਮੁਖੀ ਲਾਉਣ ਲਈ ਸੌਦਾ ਹੋਇਆ ਹੈ। ਆਈ ਜੀ ਛੀਨਾ ਨੂੰ ਐੱਸਆਈਟੀ ਮੁਖੀ ਸਿਰਫ ਇਸ ਕਰ ਕੇ ਲਗਾਇਆ ਹੈ ਤਾਂ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਉਨ੍ਹਾਂ ਖ਼ਿਲਾਫ਼ ਦਰਜ ਕੀਤੇ ਝੂਠੇ ਐੱਨਡੀਪੀਐੱਸ ਐਕਟ ਕੇਸ ਵਿਚ ਮਨਮਰਜ਼ੀ ਦੇ ਦੋਸ਼ ਲਗਾਉਣ ਵਾਲੀ ਚਾਰਜਸ਼ੀਟ ਦਾਇਰ ਕੀਤੀ ਜਾ ਸਕੇ। ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਸ ਕਰ ਕੇ ਆਈਜੀ ਛੀਨਾ ਦੀ ਚੋਣ ਕੀਤੀ ਹੈ ਕਿਉਂਕਿ ਪਿਛਲੇ ਐੱਸਆਈਟੀ ਮੁਖੀ ਡੀਆਈਜੀ ਐੱਸ ਰਾਹੁਲ ਨੇ ਨਸ਼ਿਆਂ ਦੇ ਕੇਸ ਵਿਚ 'ਆਪ' ਸਰਕਾਰ ਦੀ ਇੱਛਾ ਮੁਤਾਬਕ ਚਲਾਨ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਨਵੀਂ ਨਿਯੁਕਤੀ ਪ੍ਰਸ਼ਾਸਕੀ ਆਧਾਰ 'ਤੇ ਵੀ ਗਲਤ ਹੈ ਕਿਉਂਕਿ ਜੋ ਅਫਸਰ ਸੇਵਾਮੁਕਤ ਹੋਣ ਵਾਲਾ ਹੋਵੇ, ਉਸ ਨੂੰ ਅਹਿਮ ਜਾਂਚ ਦਾ ਚਾਰਜ ਨਹੀਂ ਦਿੱਤਾ ਜਾ ਸਕਦਾ। ਅਕਾਲੀ ਆਗੂ ਨੇ ਕਿਹਾ ਕਿ ਹਾਈ ਕੋਰਟ ਵੱਲੋਂ ਸੀਨੀਅਰ ਅਫਸਰਾਂ ਈਸ਼ਵਰ ਸਿੰਘ, ਨਾਗੇਸ਼ਵਰ ਰਾਓ ਅਤੇ ਵੀ ਨੀਰਜਾ ਦੀ ਸ਼ਮੂਲੀਅਤ ਵਾਲੀ ਐੱਸਆਈਟੀ ਨੇ ਅਦਾਲਤ ਵਿਚ ਦਸ ਚਲਾਨ ਪੇਸ਼ ਕੀਤੇ ਪਰ ਕਿਸੇ ਵਿਚ ਵੀ ਉਸ ਦਾ (ਮਜੀਠੀਆ) ਦਾ ਨਾਂ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਹੁਣ ਐੱਸਆਈਟੀ ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ ਜਦੋਂ ਕਿ ਪਿਛਲੇ ਡੇਢ ਸਾਲਾਂ ਤੋਂ ਨਸ਼ਿਆਂ ਦੇ ਕੇਸ ਵਿਚ ਐੱਸਆਈਟੀ ਚਲਾਨ ਪੇਸ਼ ਨਹੀਂ ਕਰ ਸਕੀ ਹਾਲਾਂਕਿ ਉਸ 'ਤੇ ਉਸ ਨੂੰ ਫਸਾਉਣ ਦਾ ਦਬਾਅ ਸੀ।

# ਸਾਰੇ ਚੈਨਲਾਂ ਨੂੰ ਗੁਰਬਾਣੀ ਪ੍ਰਸਾਰਣ ਦੇ ਅਧਿਕਾਰ ਮਿਲਣ: ਭਗਵੰਤ ਮਾਨ

ਚੰਡੀਗੜ੍ਹ : ਪੰਜਾਬ ਸਰਕਾਰ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਪਵਿੱਤਰ ਗੁਰਬਾਣੀ ਦੇ ਸਿੱਧੇ ਪ੍ਰਸਾਰਣ 'ਤੇ ਇਕ ਨਿੱਜੀ ਚੈਨਲ ਦੇ ਏਕਾਧਿਕਾਰ ਨੂੰ ਖ਼ਤਮ ਕਰਵਾਉਣ ਦੇ ਰੌਂਅ 'ਚ ਦਿਖਾਈ ਦੇ ਰਹੀ ਹੈ। ਗੁਰਬਾਣੀ ਦੇ ਪ੍ਰਸਾਰਣ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤਾ ਗਿਆ ਟਵੀਟ ਸਿੱਧੇ ਤੌਰ 'ਤੇ ਅਜਿਹਾ ਹੀ ਇਸ਼ਾਰਾ ਕਰਦਾ ਹੈ। ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਨੇ ਸਮੇਂ-ਸਮੇਂ 'ਤੇ ਆਪਣੇ ਸਿਆਸੀ ਭਾਸ਼ਣਾਂ 'ਚ ਇਕ ਨਿੱਜੀ ਚੈਨਲ 'ਤੇ ਗੁਰਬਾਣੀ ਦੇ ਪ੍ਰਸਾਰਣ ਨੂੰ ਨਿਸ਼ਾਨੇ 'ਤੇ ਰੱਖਿਆ ਸੀ ਪਰੰਤੂ ਹੁਣ ਤਾਂ ਉਨ੍ਹਾਂ ਟਵੀਟ ਕਰਕੇ ਇਸ ਬਾਰੇ ਰਸਮੀ ਤੌਰ 'ਤੇ ਕਦਮ ਅੱਗੇ ਵਧਾਉਣ ਦੇ ਸੰਕੇਤ ਦੇ ਦਿੱਤੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਦਿਆਂ ਸਵਾਲ ਚੁੱਕਿਆ, "ਸਾਂਝੀਵਾਲਤਾ ਦੀ ਪ੍ਰਤੀਕ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਪਵਿੱਤਰ ਗੁਰਬਾਣੀ ਦੇ ਪ੍ਰਸਾਰਣ ਹੱਕ ਸਿਰਫ਼ ਇਕ ਖਾਸ ਚੈਨਲ ਨੂੰ ਹੀ ਕਿਉਂ ਦਿੱਤੇ ਜਾਂਦੇ ਨੇ ? ਸਾਰੇ ਚੈਨਲਾਂ ਨੂੰ ਗੁਰਬਾਣੀ ਟੈਲੀਕਾਸਟ ਲਈ ਮੁਫਤ ਅਧਿਕਾਰ ਮਿਲਣੇ ਚਾਹੀਦੇ ਨੇ...ਪੰਜਾਬ ਸਰਕਾਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਤਿ ਆਧੁਨਿਕ ਉਪਕਰਨਾਂ ਦਾ ਸਾਰਾ ਖ਼ਰਚਾ ਕਰਨ ਨੂੰ ਤਿਆਰ ਹੈ।"

ਸ੍ਰੀ ਮਾਨ ਨੇ ਕਿਹਾ ਕਿ 'ਸਰਬੱਤ ਦਾ ਭਲਾ' ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਫੈਲਾਉਣ ਦੇ ਉਦੇਸ਼ ਨਾਲ 'ਸਰਬ ਸਾਂਝੀ ਗੁਰਬਾਣੀ' ਦਾ ਪ੍ਰਚਾਰ ਤੇ ਪਸਾਰ ਵਿਸ਼ਵ ਭਰ 'ਚ ਕਰਨਾ ਸਮੇਂ ਦੀ ਮੁੱਖ ਲੋੜ ਹੈ। 'ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਲਈ ਸਿਰਫ਼ ਇਕ ਨਿੱਜੀ ਚੈਨਲ ਨੂੰ ਹੀ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਇਹ ਅਧਿਕਾਰ ਕਿਸੇ ਇਕ ਚੈਨਲ ਤੱਕ ਸੀਮਤ ਕਰਨ ਦੀ



ਬਜਾਏ ਸਾਰੇ ਚੈਨਲਾਂ ਨੂੰ ਮੁਫ਼ਤ 'ਚ ਦਿੱਤੇ ਜਾਣੇ ਚਾਹੀਦੇ ਹਨ।' ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼-ਵਿਦੇਸ਼ 'ਚ ਸੰਗਤ ਨੂੰ ਆਪਣੇ ਘਰਾਂ 'ਚ ਬੈਠ ਕੇ ਆਨੰਦਮਈ ਗੁਰਬਾਣੀ ਕੀਰਤਨ ਸਰਵਣ ਕਰਨ ਦਾ ਮੌਕਾ ਮਿਲੇਗਾ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸਾਰੇ ਚੈਨਲਾਂ 'ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਲਈ ਹਾਈਟੈੱਕ ਉਪਕਰਨ ਲਾਉਣ ਦਾ ਸਾਰਾ ਖ਼ਰਚਾ ਚੁੱਕਣ ਲਈ ਤਿਆਰ ਹੈ।

ਗੌਰਤਲਬ ਹੈ ਕਿ ਪਹਿਲਾਂ ਵੀ ਕਈ ਸਿਆਸੀ ਪਾਰਟੀਆਂ ਦੇ ਆਗੂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਣ ਸਿਰਫ਼ ਇਕ ਨਿੱਜੀ ਚੈਨਲ 'ਤੇ ਹੀ ਕੀਤੇ ਜਾਣ ਦਾ ਵਿਰੋਧ ਕਰਦੇ ਆਏ ਹਨ। ਉਨ੍ਹਾਂ ਕਈ ਵਾਰ ਇਹ ਮੁੱਦਾ ਚੁੱਕਿਆ ਜ਼ਰੂਰ ਹੈ ਪਰ ਇਸ ਮੁੱਦੇ ਨੂੰ ਖਤਮ ਨਹੀਂ ਕਰ ਸਕੇ। ਸ਼੍ਰੋਮਣੀ ਅਕਾਲੀ ਦਲ ਅਜਿਹੇ ਮੁੱਦੇ 'ਤੇ ਸਿਆਸੀ ਪਾਰਟੀਆਂ ਦਾ ਧਾਰਮਿਕ ਮਸਲਿਆਂ 'ਚ ਦਖਲ ਦੇਣ ਦਾ ਦਾਅਵਾ ਕਰਕੇ ਮਸਲੇ ਨੂੰ ਠੰਢੇ ਬਸਤੇ ਵਿੱਚ ਪਾਉਂਦਾ ਰਿਹਾ ਸੀ।

### ਸ਼੍ਰੋਮਣੀ ਕਮੇਟੀ ਗੁਰੂ ਘਰਾਂ ਦਾ ਪ੍ਰਬੰਧ ਕਰਨ ਦੇ ਸਮਰੱਥ: ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਵਲੋਂ ਕੀਤੇ ਟਵੀਟ ਦਾ ਜਵਾਬ ਦਿੰਦਿਆਂ ਕਿਹਾ ਕਿ ਸਿੱਖ ਸੰਸਥਾ ਗੁਰੂ ਘਰਾਂ ਦਾ ਪ੍ਰਬੰਧ ਕਰਨ ਦੇ ਸਮਰੱਥ ਹੈ। ਮੁੱਖ ਮੰਤਰੀ ਗੁਰਬਾਣੀ ਪ੍ਰਸਾਰਣ ਜਾਂ ਗੁਰੂ ਘਰਾਂ ਦੇ ਮਾਮਲਿਆਂ ਬਾਰੇ ਟਿੱਪਣੀਆਂ ਕਰਕੇ ਸੰਗਤ 'ਚ ਬੇਲੋੜਾ ਵਿਵਾਦ ਅਤੇ ਦੁਵਿਧਾ ਪੈਦਾ ਨਾ ਕਰਨ। ਸਿੱਖ ਸੰਸਥਾ ਦੇ ਅਧਿਕਾਰ ਖੇਤਰ ਵੱਖ ਹਨ ਅਤੇ ਸਰਕਾਰਾਂ ਦੇ ਅਧਿਕਾਰ ਖੇਤਰ ਵੱਖਰੇ ਹੁੰਦੇ ਹਨ। ਸਰਕਾਰ ਦੇ ਅਧਿਕਾਰ ਖੇਤਰ ਦੇ ਕਾਰਜਾਂ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਕੰਮ ਵੱਲ ਧਿਆਨ ਦੇਵੇ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ, ਗਲਿਆਰਾ ਤੇ ਵਿਰਾਸਤੀ ਮਾਰਗ ਦੇ ਰੱਖ-ਰਖਾਅ 'ਤੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਦਾ ਬੁਰਾ ਹਾਲ ਹੈ। ਇਸੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦੇ ਲਾਈਵ ਪ੍ਰਸਾਰਣ ਦੇ ਮਾਮਲੇ 'ਤੇ ਬੋਲਣ ਤੋਂ ਪਹਿਲਾਂ ਉਹ ਹੈਰੀਟੇਜ ਸਟਰੀਟ 'ਤੇ ਲੱਗੀਆਂ ਸਕਰੀਨਾਂ 'ਤੇ ਆਪਣਾ ਪ੍ਰਚਾਰ ਤੇ ਪ੍ਰਸਾਰ ਬੰਦ ਕਰਵਾਉਣ।

# ਗੁਰਬਾਣੀ ਪ੍ਰਸਾਰਣ ਦੀ ਸੇਵਾ ਇਸ ਵਾਰ ਖੁੱਲ੍ਹੇ ਟੈਂਡਰ ਰਾਹੀਂ ਮਿਲੇਗੀ

ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਵਿਖੇ ਹੁੰਦੀ ਗੁਰਬਾਣੀ ਦੇ ਪ੍ਰਸਾਰਣ ਦੀ ਸੇਵਾ ਕਿਸੇ ਵੀ ਟੀਵੀ ਚੈਨਲ ਨੂੰ ਇਸ ਵਾਰ ਟੈਂਡਰ ਰਾਹੀਂ ਮਿਲੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਜਲਦ ਹੀ ਖੁੱਲ੍ਹੇ ਟੈਂਡਰ ਮੰਗੇ ਜਾਣਗੇ।

ਦੱਸਣਯੋਗ ਹੈ ਕਿ ਹਾਲ ਹੀ ਵਿਚ ਮੁੱਖ ਮੰਤਰੀ ਨੇ ਇਸ ਮਾਮਲੇ ਵਿਚ ਸ੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਦੋਸ਼ ਲਾਇਆ ਸੀ ਕਿ ਅਪਣੇ ਚਹੇਤੇ ਇਕ ਚੈਨਲ ਨੂੰ ਹੀ ਪ੍ਰਸਾਰਣ ਦੀ ਸੇਵਾ ਦਿਤੀ ਹੋਈ ਹੈ, ਜਿਸ ਦਾ ਸ੍ਰੋਮਣੀ ਕਮੇਟੀ ਨੇ ਵੀ ਸਖਤ ਮੋੜਵਾਂ ਜਵਾਬ ਦਿਤਾ ਸੀ। ਸ੍ਰੋਮਣੀ ਕਮੇਟੀ ਵਲੋਂ ਇਕ ਟੀਵੀ ਚੈਨਲ ਨਾਲ ਇਸ ਸਬੰਧੀ ਕੀਤਾ ਹੋਇਆ ਸਮਝੌਤਾ ਜੁਲਾਈ ਮਹੀਨੇ ਵਿਚ ਖਤਮ ਹੋ ਰਿਹਾ ਹੈ। ਅੱਜ ਇਸ ਮਾਮਲੇ ਬਾਰੇ ਸ੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਕਾਰਜ ਲਈ ਪੰਜ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ, ਜੋ ਨਿਯਮ ਅਤੇ ਸ਼ਰਤਾਂ ਤੈਅ ਕਰੇਗੀ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਣ ਸਬੰਧੀ ਕੁਝ ਲੋਕਾਂ ਵੱਲੋਂ ਜਾਣ ਬੁਝ ਕੇ ਬੇਲੋੜਾ ਵਿਵਾਦ ਪੈਦਾ ਕੀਤਾ ਜਾ ਰਿਹਾ ਹੈ ਅਤੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਵਿਚ ਭਾਗੀ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬੀਤੇ ਅਰਸੇ ਦੌਰਾਨ ਨਿਯਮਾਂ ਤਹਿਤ ਗੁਰਬਾਣੀ ਪ੍ਰਸਾਰਣ ਦੇ ਹੱਕ ਵੱਖ-ਵੱਖ ਚੈਨਲਾਂ ਨੂੰ ਦਿੱਤੇ ਸਨ, ਜਿਸ ਤਹਿਤ ਮੌਜੂਦਾ ਸਮੇਂ ਜੀ-ਨੈਕਸਟ ਮੀਡੀਆ ਪ੍ਰਾਈਵੇਟ ਲਿਮ. ਨਾਲ ਚੱਲ ਰਿਹਾ ਇਕਰਾਰਨਾਮਾ ਜੁਲਾਈ 2023 ਤੱਕ ਹੈ। ਇਹ ਇਕਰਾਰਨਾਮਾ 24 ਜੁਲਾਈ 2012 ਨੂੰ 11 ਸਾਲ ਲਈ ਹੋਇਆ ਸੀ ਅਤੇ ਹੁਣ ਇਸ ਦੇ ਸਮਾਪਤ ਹੋਣ 'ਤੇ ਨਵੇਂ ਸਿਰਿਓਂ ਕਾਰਵਾਈ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਇਕਰਾਰਨਾਮੇ ਤਹਿਤ ਇਸ ਕੰਪਨੀ ਵੱਲੋਂ ਸ਼?ਰੋਮਣੀ ਕਮੇਟੀ ਨੂੰ ਵਿਦਿਆ ਫੰਡ ਲਈ 1 ਕਰੋੜ ਰੁਪਏ ਸਾਲਾਨਾ (10% ਸਾਲਾਨਾ ਵਾਧੇ ਨਾਲ) ਦੇਣਾ ਤੈਅ ਹੋਇਆ ਸੀ, ਜਿਸ ਅਨੁਸਾਰ ਬਣਦੀ ਹੁਣ ਤਕ ਦੀ ਸਾਰੀ ਰਾਸ਼ੀ ਜਮ੍ਹਾਂ ਹੋ ਚੁੱਕੀ ਹੈ। ਮੁੱਖ ਮੰਤਰੀ ਨੂੰ ਘੇਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਬੇਹਦ ਸੰਜੀਦਾ ਹੈ, ਜਦਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸ 'ਤੇ ਰਾਜਨੀਤੀ ਕਰ ਰਹੇ ਹਨ। ਉਹ ਕਦੇ ਸੰਗਤਾਂ ਨੂੰ ਗੋਲਕਾਂ ਵਿਚ ਪੈਸੇ ਪਾਉਣਾ ਬੰਦ ਕਰਨ ਲਈ ਆਖਦੇ ਹਨ ਅਤੇ ਕਦੀ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਸਬੰਧੀ ਦੁਬਿਧਾ ਪੈਦਾ ਕਰਨ ਦਾ ਯਤਨ ਕਰਦੇ ਹਨ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ। ਮੋਹਨ ਸਿੰਘ ਨਾਗੋਕੇ ਅਤੇ ਮੋਹਨ ਸਿੰਘ ਤੁੜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਦੇ ਇਕੋ ਸਮੇਂ ਜਥੇਦਾਰ ਰਹੇ। ਮੁੱਖ ਮੰਤਰੀ ਮੀਰੀ ਪੀਰੀ ਦੇ ਸਿੱਖ ਸਿਧਾਂਤ ਤੋਂ ਨਾਵਾਕਿਫ ਹੋਣ ਕਰਕੇ ਅਜਿਹੀ ਬਿਆਨਬਾਜ਼ੀ ਕਰ ਰਹੇ ਹਨ।

# ਗੁਰਬਾਣੀ ਪ੍ਰਸਾਰਣ ਦਾ 11 ਸਾਲਾਂ ਤੋਂ ਚੱਲ ਰਿਹਾ ਸਮਝੌਤਾ ਜੁਲਾਈ 'ਚ ਹੋਵੇਗਾ ਖ਼ਤਮ!

ਲੁਧਿਆਣਾ : ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇਕ ਪ੍ਰਾਈਵੇਟ ਚੈਨਲ ਕੰਪਨੀ ਵੱਲੋਂ ਕੀਤੇ ਜਾ ਰਹੇ ਗੁਰਬਾਣੀ ਦੇ ਪ੍ਰਸਾਰਣ ਨੂੰ ਲੈ ਕੇ ਪਿਛਲੇ 11 ਸਾਲਾਂ ਤੋਂ ਆਪਣੀ ਮਨੋਪਲੀ ਬਣਾ ਕੇ ਚੱਲ ਰਹੇ ਚੈਨਲ ਬਾਰੇ ਪਿਛਲੇ ਸਮੇਂ ਤੋਂ ਸਿੱਖ ਸੰਗਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਬਿਆਨ ਦਿੱਤਾ ਕਿ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਖ਼ੁਦ ਚਲਾਵੇ ਪਰ ਮਾਮਲਾ ਹਰ ਵਾਰ ਟਲਦਾ ਰਿਹਾ। ਪਰ ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਲਈ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਸਹਾਇਤਾ ਅਤੇ ਆਧੁਨਿਕ ਟੈਕਨਾਲਜੀ ਯੰਤਰ ਲਗਾ ਕੇ ਸੰਸਾਰ ਭਰ ਵਿਚ ਵਸਦੇ ਸਿੱਖ ਧਰਮ ਦੇ ਲੋਕਾਂ ਨੂੰ ਸਾਰੇ ਚੈਨਲਾਂ 'ਤੇ ਗੁਰਬਾਣੀ ਪ੍ਰਸਾਰਣ ਦੀ ਗੱਲ ਆਖਣ 'ਤੇ ਅੱਜ ਜਦੋਂ ਸ਼੍ਰੋਮਣੀ ਕਮੇਟੀ ਦੇ ਜ. ਸਕੱਤਰ ਗੁਰਚਰਨ ਸਿੰਘ ਗਰੇਵਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ ਪਰ ਸਿੱਖ ਕੌਮ ਤੇ ਸ਼੍ਰੋਮਣੀ ਕਮੇਟੀ ਹਰ ਕਾਰਜ ਕਰਨ ਦੇ ਸਮਰੱਥ ਹੈ। ਫਿਰ ਵੀ 11 ਸਾਲਾਂ ਤੋਂ ਜੋ ਇਕਰਾਰਨਾਮਾ ਮੌਜੂਦਾ ਚੈਨਲ ਦਾ ਚੱਲਦਾ ਆ ਰਿਹਾ ਹੈ, ਉਹ ਆਉਂਦੀ ਜੁਲਾਈ ਮਹੀਨੇ ਖ਼ਤਮ ਹੋਣ ਜਾ ਰਿਹਾ ਹੈ।

ਸਿੱਖ ਸੰਗਤ ਗੁਰਬਾਣੀ ਦੇ ਪ੍ਰਸਾਰਣ ਸੰਬਧੀ ਜੋ ਸ਼੍ਰੋਮਣੀ ਕਮੇਟੀ ਨੂੰ ਹੁਕਮ ਦੇਵੇਗੀ, ਉਸ 'ਤੇ ਅਸੀਂ ਫੁੱਲ ਚੜ੍ਹਾਵਾਂਗੇ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਮੌਜੂਦਾ ਚੈਨਲ ਸ਼੍ਰੋਮਣੀ ਕਮੇਟੀ ਨੂੰ ਕੀ ਦਿੰਦਾ ਹੈ ਤਾਂ ਉਨ੍ਹਾਂ ਦੱਸਿਆ ਕਿ ਹਰ ਵਰ੍ਹੇ ਇਕ ਕਰੋੜ ਰੁਪਏ ਅਤੇ ਲਗਭਗ 100 ਦੇ ਕਰੀਬ ਦਰਬਾਰ ਸਾਹਿਬ ਤੋਂ ਲਾਈਵ ਪ੍ਰੋਗਰਾਮ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਆਪਣਾ ਚੈਨਲ ਕਿਉਂ ਨਹੀਂ ਚਲਾਉਂਦੇ ਤਾਂ ਉਨ੍ਹਾਂ ਕਿਹਾ ਕਿ ਇਸ ਵਾਰ ਇਸ ਸਬੰਧੀ ਫ਼ੈਸਲਾ ਹੋ ਜਾਵੇਗਾ। ਇਥੇ ਇਹ ਵੀ ਦੱਸਣਯੋਗ ਹੈ ਕਿ ਪਿਛਲੇ ਸਮੇਂ ਤੋਂ ਸਿੱਖ ਵਿਦਵਾਨ, ਬੁੱਧੀਜੀਵੀ, ਜਥੇਦਾਰ ਤੇ ਹੋਰ ਆਗੂ ਇਕ ਚੈਨਲ ਵੱਲੋਂ ਕੀਤੇ ਮਨੋਪਲੀ ਬਣਾ ਕੇ ਪ੍ਰਸਾਰਿਤ ਕਰਨ 'ਤੇ ਉਸ ਦੀ ਨੁਕਤਾਚੀਨੀ ਕਰਦੇ ਆ ਰਹੇ ਹਨ ਪਰ 11 ਸਾਲਾਂ ਦਾ ਇਕਰਾਰਨਾਮਾ ਖ਼ਤਮ ਹੋਣ ਕਰਕੇ ਇਸ ਦੇ ਪ੍ਰਸਾਰਿਤ ਕਰਤਾ ਨੂੰ ਬਦਲਣਾ ਮੁਸ਼ਕਲ ਸੀ ਪਰ ਹੁਣ ਜੁਲਾਈ ਮਹੀਨੇ ਵਿਚ ਨਵੇਂ ਸਿਰਿਓਂ ਸਿੱਖ ਕੌਮ, ਸ਼੍ਰੋਮਣੀ ਕਮੇਟੀ ਜਾਂ ਭਗਵੰਤ ਮਾਨ ਸਰਕਾਰ ਕੀ ਫ਼ੈਸਲਾ ਲੈਂਦੀ ਹੈ, ਇਹ ਅਜੇ ਸਮੇਂ ਦੇ ਗਰਭ ਵਿਚ ਹੈ।


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# ਨ਼ਫਰਤ ਤਾਂ ਹੀ ਜਿੱਤ ਸਕਦੀ ਹੈ ਜੇਕਰ ਅਸੀਂ ਇਸਨੂੰ ਆਪਣੇ ਦਿਲਾਂ ਅਤੇ ਮਨਾਂ ਵਿੱਚ ਥਾਂ ਦਿੰਦੇ ਹਾਂ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇੰਨੇ ਭਾਵੁਕ ਵੇਲ਼ੇ 'ਤੇ ਉਸਦਾ ਕੀ ਅਜਿਹਾ ਪੁੱਛਣਾ ਸਹੀ ਸੀ।

ਮਿਸਟਰ ਓ'ਨੀਲ ਨੇ ਖਾਲਸਾ ਵੱਲ ਦੇਖਿਆ ਅਤੇ ਕਿਹਾ, 'ਤੁਹਾਡਾ ਚੀਜ਼ਾਂ ਦੇਖਣ ਦਾ ਨਜ਼ਰੀਆ ਬਹੁਤ ਵਿਲੱਖਣ ਹੈ, ਸ੍ਰੀ ਖਾਲਸਾ ਕੀ ਨਹੀਂ ਹੈ।'

ਇਹ ਖ਼ਬਰ ਸਮੁੱਚੀ ਦੁਨੀਆਂ ਵਿੱਚ ਪਹੁੰਚ ਗਈ, ਸਾਨੂੰ ਸਾਰੇ ਧਰਮਾਂ ਦੇ ਦੂਰ ਨੇੜੇ ਦੇ ਲੋਕਾਂ ਤੋਂ ਪੱਤਰ ਪ੍ਰਾਪਤ ਹੋਏ। ਸਾਨੂੰ ਜਿਸ ਗੱਲ ਤੋਂ ਨਿਰਾਸ਼ਾ ਹੋਈ, ਉਹ ਇਹ ਸੀ ਕਿ ਸਾਨੂੰ ਸਥਾਨਕ ਰਾਜਨੀਤੀਵਾਨਾਂ ਤੋਂ ਕੁਝ ਵੀ ਸੁਣਨ ਨੂੰ ਨਹੀਂ ਮਿਲਿਆ। ਇਹ ਮੇਰੀ ਜ਼ਿੰਦਗੀ ਦੀ ਅਜਿਹੀ ਘਟਨਾ ਸੀ ਜਿਸਨੇ ਮੈਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇੰਗਲੈਂਡ ਵਿੱਚ ਮੇਰਾ ਕੀ ਹੋਵੇਗਾ, ਇਸ ਦੇਸ਼ ਵਿੱਚ ਮੇਰੇ ਬੱਚਿਆਂ ਦੀ ਕੀ ਥਾਂ ਹੋਵੇਗਾ? ਮੈਂ ਜਾਣਦਾ ਸੀ ਕਿ ਮੈਨੂੰ ਇਸ ਜਗ੍ਹਾ ਤੋਂ ਜਾਣ ਦੀ ਲੋੜ ਹੈ, ਜਿੱਥੇ ਮੇਰੇ ਪੈਦਾ ਹੋਣ ਵਾਲੇ ਬੱਚੇ ਇਹ ਸੋਚਣਗੇ ਕਿ ਉਹ ਇਸ ਥਾਂ ਨਾਲ ਸਬੰਧਿਤ ਹਨ। ਮੈਂ ਫੈਸਲਾ ਕੀਤਾ ਕਿ ਮੈਂ ਇੰਗਲੈਂਡ ਛੱਡ ਦੇਵਾਂਗਾ।

ਇੰਗਲੈਂਡ ਮੈਨੂੰ ਅਚਾਨਕ ਘਰ ਵਰਗਾ ਮਹਿਸੂਸ ਹੋਣ ਤੋਂ ਹਟ ਗਿਆ। ਇਹ ਸਾਰੀ ਝੂਠੀ ਉਮੀਦ ਅਤੇ ਸੁਪਨੇ ਸਨ। ਇਹ ਘਰ ਨਹੀਂ ਸੀ। ਜਦੋਂ ਮੈਂ ਇਸਨੂੰ ਛੱਡ ਦਿੱਤਾ ਤਾਂ ਮੈਨੂੰ ਘੱਟ ਤੋਂ ਘੱਟ ਅਜਿਹਾ ਮਹਿਸੂਸ ਹੋਇਆ। ਇਸ ਦਿਨ ਤੱਕ ਮੈਂ ਇਹ ਕਦੇ ਵੀ ਕਿਸੇ ਨਾਲ ਸਾਂਝਾ ਨਹੀਂ ਕੀਤਾ, ਪਰ ਇਸ ਇੱਕ ਘਟਨਾ ਨੇ ਮੈਨੂੰ ਬਦਲ ਦਿੱਤਾ। ਮੈਂ ਬਹੁਤ ਮਾਣ ਨਾਲ ਵੱਡਾ ਹੋਇਆ ਅਤੇ ਅਗਿਆਤ ਚਿਹਰਿਆਂ ਵੱਲੋਂ ਨਫ਼ਤਰ ਫੈਲਾਉਣ ਦੀ ਇਸ ਹਰਕਤ ਨੇ ਮੇਰੇ ਅੱਗੇ ਪੂਰੇ ਦੇਸ਼ ਨੂੰ ਦੋਸ਼ੀ ਬਣਾ ਦਿੱਤਾ। ਮੈਂ ਉਸ ਦਿਨ ਆਪਣੇ ਪਿਤਾ ਦੀ ਇੱਕ ਵੀ ਗੱਲ ਨਹੀਂ ਸੁਣੀ। ਮੈਂ ਗਿਆਨੀ ਨੌਨਿਹਾਲ ਸਿੰਘ ਦੇ ਸ਼ਬਦ ਸੁਣੇ। ਨਫ਼ਰਤ ਕੈਂਸਰ ਹੈ, ਬਹੁਤ ਖਤਰਨਾਕ ਕੈਂਸਰ। ਇਹ ਕਈ ਤਰੀਕਿਆਂ ਨਾਲ ਹਮਲਾ ਕਰਦਾ ਹੈ। ਇਸਨੇ ਮੇਰੇ 'ਤੇ ਹਮਲਾ ਕੀਤਾ। ਉਸ ਦਿਨ ਉਨ੍ਹਾਂ ਇੱਟਾਂ ਨੇ ਸਿਰਫ਼ ਗੁਰਦੁਆਰੇ ਦੀਆਂ ਖਿੜਕੀਆਂ ਦੇ ਸ਼ੀਸ਼ੇ ਹੀ ਨਹੀਂ ਤੋੜੇ ਸਨ, ਬਲਕਿ ਉਸਨੇ ਮੇਰੇ ਵਿਸ਼ਵਾਸ, ਮੇਰੇ ਲੋਕਾਂ ਵਿੱਚ ਵਿਸ਼ਵਾਸ, ਮੇਰਾ ਇਸ ਦੇਸ਼ ਵਿੱਚ ਵਿਸ਼ਵਾਸ ਅਤੇ ਮੇਰੇ ਆਪਣੇ ਵਿਸ਼ਵਾਸ ਦੀਆਂ ਸਿੱਖਿਆਵਾਂ ਦੀਆਂ ਖਿੜਕੀਆਂ ਤੋੜ ਦਿੱਤੀਆਂ ਸਨ। ਨਫ਼ਰਤ ਬਹੁਤ ਬੁਰੀ ਹੈ ਜਦੋਂ ਇਹ ਆਪਣੀਆਂ ਜੜ੍ਹਾਂ ਫੜ ਲੈਂਦੀ ਹੈ, ਫਿਰ ਇਹ ਕਿਸੇ ਨੂੰ ਵੀ ਨਹੀਂ ਬਖ਼ਸ਼ਦੀ। ਮੈਨੂੰ ਲੱਗਦਾ ਹੈ ਕਿ ਮੈਂ ਇਹ ਪਹਿਲੀ ਵਾਰ ਕਬੂਲ ਕਰ ਰਿਹਾ ਹਾਂ ਕਿ ਮੈਂ ਇਸ ਕਾਰਨ ਇੰਗਲੈਂਡ ਤੋਂ ਕੈਲੇਫੋਰਨੀਆ ਗਿਆ। ਮੇਰੇ ਮੋਢਿਆਂ 'ਤੇ ਹਮੇਸ਼ਾਂ ਮਾਣ ਰਹਿੰਦਾ ਹੈ, ਮੈਂ ਹਮੇਸ਼ਾਂ ਖੁਦ ਨੂੰ ਅੰਗਰੇਜ਼ਾਂ ਤੋਂ ਚੰਗਾ ਮਹਿਸੂਸ ਕਰਦਾ ਹਾਂ। ਮੇਰਾ ਮੌਨ ਵਿਰੋਧ, ਪਰ ਇਹ ਨਫ਼ਰਤ ਦੇ ਪ੍ਰਚਾਰ ਲਈ ਜ਼ਰੂਰ ਬੰਦ ਹੋਣਾ ਚਾਹੀਦਾ ਹੈ। ਨਫ਼ਰਤ ਝੂਠ ਨਹੀਂ ਬੋਲਦੀ। ਦੋਸ਼ ਨਫ਼ਰਤ ਵਿੱਚ ਹੈ। ਇਹ ਉਹ ਨਫ਼ਰਤ ਹੈ ਜਿਸਨੂੰ ਨਫ਼ਰਤ ਨਾਲ ਬਾਹਰ ਥੁੱਕਣਾ ਚਾਹੀਦਾ ਹੈ, ਨਫ਼ਤਰ ਦੀ ਜ਼ਹਿਰ ਨੂੰ ਬਾਹਰ ਕੱਢ ਦਿਓ। ਇਹ ਪੀੜਤ ਨੇ ਫੈਸਲਾ ਕਰਨਾ ਹੈ ਕਿ ਉਹ ਇਸਨੂੰ ਰੱਖੇਗਾ ਜਾਂ ਜ਼ਹਿਰ ਨੂੰ ਬਾਹਰ ਕੱਢੇਗਾ। ਦਹਾਕਿਆਂ ਬਾਅਦ ਜਦੋਂ ਮੈਂ ਇਹ ਕਿਤਾਬ ਲਿਖ ਰਿਹਾ ਹਾਂ, ਮੈਂ ਸਾਰੇ ਬਰਤਾਨੀਆ ਵਾਸੀਆਂ ਨੂੰ ਕਹਿੰਦਾ ਹਾਂ ਕਿ ਉਹ ਇਸ ਜ਼ਹਿਰ ਨੂੰ ਕੱਢ ਦੇਣ ਜਿਹੜਾ ਮੇਰੇ ਧਰਮ ਦਾ ਉਪਦੇਸ਼ ਹੈ।

ਨਫ਼ਰਤ ਤਾਂ ਹੀ ਜਿੱਤ ਸਕਦੀ ਹੈ ਜੇਕਰ ਅਸੀਂ ਇਸਨੂੰ ਆਪਣੇ ਦਿਲਾਂ ਅਤੇ ਮਨਾਂ ਵਿੱਚ ਥਾਂ ਦਿੰਦੇ ਹਾਂ, ਨਹੀਂ ਤਾਂ ਇਹ ਸ਼ਕਤੀਹੀਣ ਹੈ।

ਉਰਦੂ ਦੀ ਇੱਕ ਕਵਿਤਾ ਹੈ, 'ਯਕੀਨ ਕੇ ਨੂਰ ਸੇ ਰੌਸ਼ਨ ਹੈ ਰਾਸਤੇ ਅਪਨੇ, ਯਹ ਵੋਹ ਚਿਰਾਗ ਹੈ ਜਿਨ੍ਹੇ ਤੂਫ਼ਾਨ ਬੁਝਾ ਨਹੀਂ ਸਕਾ।' ਜਿੰਨਾ ਚਿਰ ਮਨੁੱਖ ਜਾਤੀ ਵਿੱਚ ਵਿਸ਼ਵਾਸ ਹੈ, ਇਹ ਹਰ ਤੂਫ਼ਾਨ ਤੋਂ ਉੱਠਣਾ ਜਾਰੀ ਰੱਖੇਗੀ, ਅੱਗੇ ਵਧੇਗੀ, ਇਸ ਦੇ ਸੁਪਨੇ ਲੈਣੇ ਜਾਰੀ ਰਹਿਣਗੇ, ਇਹ ਆਸ ਕਰਦੀ ਰਹੇਗੀ, ਇਹ ਭੁੱਲਣਾ ਵੀ ਜਾਰੀ ਰੱਖੇਗੀ। ਮਨੁੱਖ ਜਾਤੀ ਨਫ਼ਤਰ 'ਤੇ ਪੈਦਾ ਨਹੀਂ ਹੋਈ, ਇਹ ਇਸ ਵਿਚਾਰ 'ਤੇ ਪੈਦਾ ਹੋਈ ਕਿ ਮੌਤ ਇਸਦਾ ਅੰਤ ਨਹੀਂ ਹੈ। ਮਾਨਵਤਾ ਜਿਊਂਦੀ ਰਹਿੰਦੀ ਹੈ, ਇਹ ਮਨੁੱਖੀ ਜਾਤੀ ਕੀਮਤੀ ਤੋਹਫ਼ਾ ਹੈ ਅਤੇ ਇਸ ਨੂੰ ਚਲਦੇ ਰਹਿਣਾ ਚਾਹੀਦਾ ਹੈ। ਜੀਵਨ ਭਵਿੱਖ ਲਈ ਬਣਦਾ ਹੈ। ਜ਼ਿੰਦਗੀ ਇਹ ਨਹੀਂ ਦੇਖ ਸਕਦੀ ਕਿ ਇਸ ਵਿੱਚ ਕੀ ਛੁਪਿਆ ਹੋਇਆ ਹੈ, ਪਰ ਜ਼ਿੰਦਗੀ ਇਸ ਆਸ 'ਤੇ ਚੱਲਦੀ ਰਹਿੰਦੀ ਹੈ ਜਿਸ ਵਿੱਚ ਅੱਜ ਦੇ ਯਤਨਾਂ ਦਾ ਮੁੱਲ ਹੈ। ਵਿਸ਼ਵਾਸ ਸਾਨੂੰ ਮੁਸ਼ਕਲਾਂ ਦੇ ਹਰ ਤਰ੍ਹਾਂ ਦੇ ਤੂਫ਼ਾਨਾਂ ਨੂੰ ਪਾਸੇ ਕਰਕੇ ਅੱਗੇ ਵਧਣ ਦੀ ਤਾਕਤ ਦਿੰਦਾ ਹੈ।

ਖਿੜਕੀਆਂ ਤੋੜਨ ਦੇ ਜ਼ਖ਼ਮ ਹੁਣ ਭਰ ਚੁੱਕੇ ਸਨ। ਲੋਕਾਂ ਨੇ ਫਿਰ ਤੋਂ ਸੁਪਨਾ ਲੈਣਾ ਸ਼ੁਰੂ ਕੀਤਾ ਕਿ ਕਦੋਂ ਉਹ ਮਹੀਨੇ ਵਿੱਚ ਇੱਕ ਵਾਰ ਕਿਰਾਏ 'ਤੇ ਹਾਲ ਲੈਣ ਦੀ ਥਾਂ ਆਪਣੇ ਉਸ ਸਥਾਨ 'ਤੇ ਪ੍ਰਾਰਥਨਾ ਕਰ ਸਕਣਗੇ ਜਿੱਥੇ ਉਹ ਕਰਨਾ ਚਾਹੁੰਦੇ ਹਨ।

ਖਿੜਕੀਆਂ ਤੋੜਨ ਵਾਲੀ ਘਟਨਾ ਦੇ ਮਹੀਨੇ ਦਰਮਿਆਨ ਅਤੇ ਸ਼ੁਰੂਆਤੀ ਦਿਨ ਤੋਂ ਖਾਲਸਾ ਜੀ ਵੱਲੋਂ ਲਗਾਤਾਰ ਦਿੱਤੇ ਜਾ ਰਹੇ ਗਲਤ ਬਿਆਨਾਂ ਨੂੰ ਪਾਪਾ ਜੀ ਵੱਲੋਂ ਠੀਕ ਕਰਨ ਤੋਂ ਇਲਾਵਾ ਕਈ ਅਜਿਹੇ ਵਿਵਾਦ ਸਾਹਮਣੇ ਆਏ ਜਿਨ੍ਹਾਂ ਨੇ ਭਾਈਚਾਰੇ ਦਾ ਧਿਆਨ ਖਿੱਚਿਆ।

ਇੱਕ ਦਿਨ ਕਾਮਰੇਡਾਂ ਦਾ ਸਮੂਹ ਪਾਪਾ ਜੀ ਕੋਲ ਆਇਆ ਅਤੇ ਉਨ੍ਹਾਂ ਨੂੰ ਪ੍ਰਾਰਥਨਾ ਹਾਲ ਵਿੱਚ ਲੋਕਾਂ ਦੇ ਬੈਠਣ ਲਈ ਕਾਰਪੈਟ ਦੀ ਥਾਂ 'ਤੇ ਕੁਰਸੀਆਂ ਲਗਾਉਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਇਹ ਵੀਹਵੀਂ ਸਦੀ ਹੈ ਅਤੇ ਅਸੀਂ ਪੰਜਾਬ ਵਿੱਚ ਨਹੀਂ ਬਲਕਿ ਇੰਗਲੈਂਡ ਵਿੱਚ ਰਹਿ ਰਹੇ ਹਾਂ। ਅਸੀਂ ਕੁਰਸੀਆਂ 'ਤੇ ਬੈਠ ਸਕਦੇ ਹਾਂ।

ਪਾਪਾ ਜੀ ਹਮੇਸ਼ਾਂ ਸਭ ਦੀ ਸੁਣਦੇ ਅਤੇ ਉਸਦਾ ਕਾਰਨ ਲੱਭਦੇ ਅਤੇ ਜੇਕਰ ਕੋਈ ਤਰਕ ਨਾ ਮਿਲੇ ਤਾਂ ਉਹ ਦੂਜਿਆਂ ਨੂੰ ਇਸ 'ਤੇ ਕੰਮ ਕਰਨ ਲਈ ਕਹਿੰਦੇ, ਫਿਰ ਅੰਤ ਵਿੱਚ ਉਹ ਆਪਣਾ ਫੈਸਲਾ ਕਰਦੇ। ਜਦੋਂ ਉਹ ਆਪਣਾ ਇੱਕ ਵਾਰ ਫੈਸਲਾ ਕਰ ਲੈਂਦੇ ਸਨ, ਫਿਰ ਉਹ ਉਸਤੋਂ ਕਦੇ ਵੀ ਪਿੱਛੇ ਨਹੀਂ ਹਟੇ। ਉਹ ਹਮੇਸ਼ਾਂ ਦਰਵਾਜ਼ੇ ਵਿੱਚ ਖੜ੍ਹਦੇ ਅਤੇ ਦੋਵਾਂ ਪਾਸਿਆਂ ਨੂੰ ਦੇਖਦੇ, ਪਰ ਜਦੋਂ ਉਹ ਸਫ਼ਰ ਸ਼ੁਰੂ ਕਰ ਦਿੰਦੇ, ਫਿਰ ਉਹ ਕਦੇ ਵੀ ਪਿੱਛੇ ਮੁੜਕੇ ਨਹੀਂ ਦੇਖਦੇ ਸਨ। ਉਨ੍ਹਾਂ ਨੇ ਕਾਮਰੇਡਾਂ ਨੂੰ ਤਰਕ ਦਿੱਤਾ ਕਿ ਇਹ ਆਪਣਾ ਢੰਗ ਨਹੀਂ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਕਹਿਣ ਦੀ ਕੋਸ਼ਿਸ਼ ਕੀਤੀ ਕਿ ਕੁਝ ਚੀਜ਼ਾਂ ਹਨ ਜਿਹੜੀਆਂ ਬਦਲੀਆਂ ਨਹੀਂ ਜਾ ਸਕਦੀਆਂ। ਇਸਨੂੰ ਕੋਈ ਵੀ ਨਹੀਂ ਸੁਣੇਗਾ। ਉਨ੍ਹਾਂ ਨੇ ਉਨ੍ਹਾਂ ਦੀ ਸੁਣੀ ਅਤੇ ਫਿਰ ਖਾਲਸਾ ਨਾਲ ਵਿਚਾਰ ਵਟਾਂਦਰਾ ਕੀਤਾ ਕਿ ਜੇਕਰ ਇਸਦਾ ਕੋਈ ਕਾਰਨ ਹੈ ਤਾਂ ਅਸੀਂ ਕੁਰਸੀਆਂ ਕਿਉਂ ਰੱਖੀਏ।

ਖਾਲਸਾ ਦੀ ਪਹਿਲੀ ਪ੍ਰਤੀਕਿਰਿਆ ਸੀ, 'ਸਾਡੀ ਮਰਜ਼ੀ।'

(ਚਲਦਾ)



# 2019 ਲੋਕ ਸਭਾ ਚੋਣਾਂ ਸਾਡੇ ਫੌਜੀਆਂ ਦੀਆਂ ਲਾਸ਼ਾਂ 'ਤੇ ਲੜੀਆਂ ਗਈਆਂ: ਮਲਿਕ

## ਸਾਬਕਾ ਰਾਜਪਾਲ ਦਾ ਦਾਅਵਾ- ਹਮਲੇ ਦੀ ਜਾਂਚ ਹੁੰਦੀ ਤਾਂ ਤਤਕਾਲੀ ਗ੍ਰਹਿ ਮੰਤਰੀ ਨੂੰ ਦੇਣਾ ਪੈਂਦਾ ਅਸਤੀਫ਼ਾ, ਪ੍ਰਧਾਨ ਮੰਤਰੀ ਨੇ ਮੂੰਹ ਬੰਦ ਰੱਖਣ ਲਈ ਕਿਹਾ



ਜੈਪੁਰ : ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨੇ ਪੁਲਵਾਮਾ ਵਿੱਚ ਸੀਆਰਪੀਐੱਫ ਦੇ ਕਾਫ਼ਲੇ 'ਤੇ ਹੋਏ ਦਹਿਸ਼ਤੀ ਹਮਲੇ ਲਈ ਅੱਜ ਸਰਕਾਰ ਨੂੰ ਮੁੜ ਘੇਰਦਿਆਂ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ 'ਸਾਡੇ ਫੌਜੀਆਂ ਦੀਆਂ ਲਾਸ਼ਾਂ 'ਤੇ ਲੜੀਆਂ ਗਈਆਂ ਸਨ।' ਮਲਿਕ ਨੇ ਕਿਹਾ ਕਿ ਜੇਕਰ ਉਦੋਂ ਇਸ ਘਟਨਾ ਦੀ ਜਾਂਚ ਹੁੰਦੀ ਤਾਂ ਤਤਕਾਲੀ ਗ੍ਰਹਿ ਮੰਤਰੀ ਨੂੰ ਅਸਤੀਫ਼ਾ ਦੇਣਾ ਪੈਂਦਾ। ਸਾਬਕਾ ਰਾਜਪਾਲ ਨੇ ਦਾਅਵਾ ਕੀਤਾ ਕਿ ਦਹਿਸ਼ਤੀ ਹਮਲੇ ਤੋਂ ਫੌਰੀ ਮਗਰੋਂ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਬਾਰੇ ਸੂਚਿਤ ਕੀਤਾ ਸੀ, ਪਰ "ਉਨ੍ਹਾਂ ਮੈਨੂੰ ਮੂੰਹ ਬੰਦ ਰੱਖਣ ਲਈ ਆਖ ਦਿੱਤਾ।"

ਅਲਵਰ ਜ਼ਿਲ੍ਹੇ ਦੇ ਬਾਂਸੁਰ ਵਿਚ ਇਕ ਸਮਾਗਮ ਦੌਰਾਨ ਮਲਿਕ ਨੇ ਕਿਹਾ, "2019 ਦੀਆਂ ਲੋਕ ਸਭਾ ਚੋਣਾਂ ਸਾਡੇ ਫੌਜੀਆਂ ਦੀਆਂ ਲਾਸ਼ਾਂ 'ਤੇ ਲੜੀਆਂ ਗਈਆਂ ਤੇ ਦਹਿਸ਼ਤੀ ਹਮਲੇ ਦੀ ਕੋਈ ਜਾਂਚ ਨਹੀਂ ਹੋਈ। ਜੇਕਰ ਪੜਤਾਲ ਹੁੰਦੀ, ਤਾਂ ਤਤਕਾਲੀ ਗ੍ਰਹਿ ਮੰਤਰੀ (ਰਾਜਨਾਥ ਸਿੰਘ) ਨੂੰ ਅਸਤੀਫ਼ਾ ਦੇਣਾ ਪੈਂਦਾ। ਕਈ ਅਧਿਕਾਰੀਆਂ ਨੂੰ ਜੇਲ੍ਹ ਹੁੰਦੀ ਤੇ ਇਕ ਵੱਡਾ ਵਿਵਾਦ ਖੜ੍ਹਾ ਹੋ ਜਾਂਦਾ।" ਦੱਸ ਦੇਈਏ ਕਿ 14 ਫਰਵਰੀ 2019 ਨੂੰ ਸੀਆਰਪੀਐੱਫ ਦੇ ਕਾਫ਼ਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਦਹਿਸ਼ਤੀ ਹਮਲੇ ਮੌਕੇ ਸੱਤਿਆਪਾਲ ਮਲਿਕ ਜੰਮੂ ਕਸ਼ਮੀਰ ਦੇ ਰਾਜਪਾਲ ਸਨ।

ਐਤਵਾਰ ਨੂੰ ਹੋਏ ਸਮਾਗਮ ਦੌਰਾਨ ਮਲਿਕ ਨੇ ਕਿਹਾ ਕਿ ਜਦੋਂ ਪੁਲਵਾਮਾ ਹਮਲਾ ਹੋਇਆ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਦੋਂ ਉੱਤਰਾਖੰਡ ਦੇ ਜਿਮ ਕੋਰਬੈੱਟ ਨੈਸ਼ਨਲ ਪਾਰਕ ਵਿੱਚ ਦਸਤਾਵੇਜ਼ੀ ਦੀ ਸ਼ੂਟਿੰਗ ਕਰ ਰਹੇ ਸਨ। ਮਲਿਕ ਨੇ ਕਿਹਾ, "ਜਦੋਂ ਉਹ ਉਥੋਂ ਆਏ, ਮੈਨੂੰ ਉਨ੍ਹਾਂ ਵੱਲੋਂ ਕਾਲ ਆਈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਸਾਡੇ ਫੌਜੀ ਮਾਰੇ ਗਏ ਹਨ ਤੇ ਉਹ ਸਾਡੀ ਗ਼ਲਤੀ ਕਰਕੇ ਮਰੇ ਹਨ। ਉਨ੍ਹਾਂ ਮੈਨੂੰ ਮੂੰਹ ਬੰਦ ਰੱਖਣ ਲਈ ਆਖ ਦਿੱਤਾ।" ਕਾਬਿਲੇਗੌਰ ਹੈ ਕਿ ਸੀਬੀਆਈ ਨੇ ਬੀਮਾ ਘੁਟਾਲੇ ਮਾਮਲੇ ਵਿੱਚ ਅਜੇ ਪਿਛਲੇ ਦਿਨੀਂ ਮਲਿਕ ਤੋਂ ਪੁੱਛ-ਪੜਤਾਲ ਕੀਤੀ ਸੀ। ਸਾਬਕਾ ਰਾਜਪਾਲ ਨੇ ਦਾਅਵਾ ਕੀਤਾ ਸੀ ਕਿ ਬੀਮਾ ਸਕੀਮ ਨੂੰ ਲੈ ਕੇ ਉਨ੍ਹਾਂ ਨੂੰ 300 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਗਈ ਸੀ। ਮਲਿਕ ਅਡਾਨੀ ਮਸਲੇ 'ਤੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਦੇ ਰਹੇ ਹਨ।

ਮਲਿਕ ਨੇ ਕਿਹਾ, "ਮੈਂ ਗੋਆ ਵਿੱਚ ਸੀ। ਮੈਂ ਪ੍ਰਧਾਨ ਮੰਤਰੀ ਨੂੰ ਮੁੱਖ ਮੰਤਰੀ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਬਾਰੇ ਸ਼ਿਕਾਇਤ ਕੀਤੀ। ਨਤੀਜਾ ਇਹ ਹੋਇਆ ਕਿ ਮੈਨੂੰ ਰਾਜਪਾਲ ਦੇ ਅਹੁਦੇ ਤੋਂ ਹਟਾ ਦਿੱਤਾ ਤੇ ਮੁੱਖ ਮੰਤਰੀ ਆਪਣੀ ਕੁਰਸੀ 'ਤੇ ਕਾਇਮ ਰਿਹਾ। ਲਿਹਾਜ਼ਾ ਮੈਨੂੰ ਯਕੀਨ ਹੈ ਕਿ ਉਹ ਉਨ੍ਹਾਂ(ਪ੍ਰਧਾਨ ਮੰਤਰੀ) ਦੀ ਨੱਕ ਹੇਠ ਭ੍ਰਿਸ਼ਟਾਚਾਰ ਕਰ ਰਹੇ ਹਨ ਤੇ ਉਨ੍ਹਾਂ ਦੀ ਹਿੱਸੇਦਾਰੀ ਹੈ ਤੇ ਪੂਰਾ ਹਿੱਸਾ ਅਡਾਨੀ ਨੂੰ ਜਾਂਦਾ ਹੈ।" ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਬਦਲਣ। ਉਨ੍ਹਾਂ ਕਿਹਾ, "ਕਿਉਂਕਿ ਜੇਕਰ ਤੁਸੀਂ ਉਨ੍ਹਾਂ ਨੂੰ ਮੁੜ ਵੋਟ ਪਾਈ, ਤਾਂ ਫਿਰ ਤੁਹਾਨੂੰ ਮੁੜ ਵੋਟ ਪਾਉਣ ਦਾ ਮੌਕਾ ਨਹੀਂ ਮਿਲਣਾ। ਇਸ ਮਗਰੋਂ ਉਹ ਤੁਹਾਨੂੰ ਵੋਟ ਨਹੀਂ ਪਾਉਣ ਦੇਵੇਗਾ, ਉਹ ਕਹੇਗਾ ਕਿ ਹਰ ਵਾਰੀ ਮੈਂ ਹੀ ਜਿੱਤਦਾ ਹਾਂ, ਫਿਰ ਚੋਣਾਂ 'ਤੇ ਖਰਚਾ ਕਰਨ ਦੀ ਕੀ ਲੋੜ ਹੈ।"

# ਜਸਵੰਤ ਸਿੰਘ ਬਿਰਦੀ ਨੇ ਰਚਿਆ ਇਤਿਹਾਸ, ਬਰਤਾਨੀਆ ਦੇ ਸ਼ਹਿਰ ਕੋਵੈਂਟਰੀ ਦੇ ਪਹਿਲੇ ਦਸਤਾਧਾਰੀ ਲਾਰਡ ਮੇਅਰ ਬਣੇ





ਲੰਡਨ : ਬ੍ਰਿਟੇਨ ਦੇ ਸ਼ਹਿਰ ਕਾਵੈਂਟਰੀ ਵਿੱਚ ਰਹਿਣ ਵਾਲੇ ਇੱਕ ਸਥਾਨਕ ਬ੍ਰਿਟਿਸ਼ ਸਿੱਖ ਕੌਂਸਲਰ ਨੇ ਇੰਗਲੈਂਡ ਦੇ ਮੱਧ ਸ਼ਹਿਰ ਦਾ ਪਹਿਲਾ ਦਸਤਾਰਧਾਰੀ ਲਾਰਡ ਮੇਅਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਜਸਵੰਤ ਸਿੰਘ ਬਿਰਦੀ ਦਾ ਜਨਮ ਪੰਜਾਬ ਵਿੱਚ ਹੋਇਆ ਅਤੇ ਉਨ੍ਹਾਂ ਨੇ ਆਪਣੇ ਬਚਪਨ ਦਾ ਕੁਝ ਸਮਾਂ ਪੱਛਮੀ ਬੰਗਾਲ ਦੇ ਕੋਲਕਾਤਾ ਵਿੱਚ ਬਿਤਾਇਆ ਸੀ। 60 ਸਾਲ ਪਹਿਲਾਂ ਉਹ ਕਾਵੈਂਟਰੀ ਆ ਗਏ ਸਨ ਅਤੇ 16 ਸਾਲਾਂ ਤੱਕ ਸ਼ਹਿਰ ਵਿੱਚ ਸਥਾਨਕ ਕੌਂਸਲਰ ਵਜੋਂ ਸੇਵਾ ਨਿਭਾ ਚੁੱਕੇ ਹਨ।

ਉਨ੍ਹਾਂ ਨੇ ਹਾਲ ਹੀ ਵਿੱਚ ਲਾਰਡ ਮੇਅਰ ਦੇ ਰੂਪ ਵਿਚ ਆਪਣਾ ਨਵਾਂ ਅਹੁਦਾ ਸੰਭਾਲਿਆ ਅਤੇ ਉਨ੍ਹਾਂ ਦੀ ਪਤਨੀ ਕ੍ਰਿਸ਼ਨਾ ਲਾਰਡ ਮੇਅਰਸ ਬਣੀ। ਬਿਰਦੀ ਨੇ ਕਿਹਾ, 'ਮੈਨੂੰ ਆਪਣੇ ਗੋਦ ਲਏ ਗਏ ਸ਼ਹਿਰ ਦਾ ਲਾਰਡ ਮੇਅਰ ਬਣਨ 'ਤੇ ਬਹੁਤ ਮਾਣ ਹੈ। ਇਸਨੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਸਾਲਾਂ ਦੌਰਾਨ ਬਹੁਤ ਕੁਝ ਦਿੱਤਾ ਹੈ ਅਤੇ ਹੁਣ ਸ਼ਹਿਰ ਪ੍ਰਤੀ ਆਪਣਾ ਪਿਆਰ ਦਿਖਾ ਕੇ ਮੈਨੂੰ ਬਹੁਤ ਮਾਣ ਮਹਿਸੂਸ ਹੋਵੇਗਾ।' ਵਿਰਦੀ ਨੇ ਅੱਗੇ ਕਿਹਾਕ, 'ਇੱਕ ਸਿੱਖ ਹੋਣ ਦੇ ਨਾਤੇ 'ਚੇਨਜ਼ ਆਫ ਆਫਿਸ' ਨਾਲ ਦਸਤਾਰ ਸਜਾਉਣਾ ਮੇਰੇ ਲਈ ਬਹੁਤ ਮਾਇਨੇ ਰੱਖਦਾ ਹੈ। ਇਹ ਸਾਡੇ ਖੁਸ਼ਹਾਲ ਬਹੁ-ਸੱਭਿਆਚਾਰਕ ਸ਼ਹਿਰ ਨੂੰ ਦਰਸਾਏਗਾ ਅਤੇ ਸ਼ਾਇਦ ਦੂਜਿਆਂ ਨੂੰ ਵੀ ਇਸ ਲਈ ਪ੍ਰੇਰਿਤ ਕਰੇ।' ਕੌਂਸਲਰ ਹੋਣ ਤੋਂ ਇਲਾਵਾ, ਬਿਰਦੀ ਕਾਵੈਂਟਰੀ ਵਿੱਚ ਧਾਰਮਿਕ, ਸਮਾਜਿਕ ਅਤੇ ਭਾਈਚਾਰਕ ਪ੍ਰੋਜੈਕਟ ਸਥਾਪਤ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਰਹੇ ਹਨ। ਉਨ੍ਹਾਂ ਨੇ ਪਿਛਲੇ 12 ਮਹੀਨਿਆਂ ਤੋਂ ਡਿਪਟੀ ਲਾਰਡ ਮੇਅਰ ਦੇ ਤੌਰ 'ਤੇ ਸੇਵਾ ਕੀਤੀ। ਉਹ ਲਾਰਡ ਮੇਅਰ ਦੀ ਭੂਮਿਕਾ ਵਿਚ ਕੌਂਸਲਰ ਕੇਵਿਨ ਮੈਟਨ ਦੀ ਜਗ ?ਹਾ ਲੈਣਗੇ ਅਤੇ ਆਉਣ ਵਾਲੇ ਸਾਲ ਲਈ ਕੌਂਸਲਰ ਮਲ ਮੱਟਨ ਨੂੰ ਡਿਪਟੀ ਲਾਰਡ ਮੇਅਰ ਵਜੋਂ ਨਾਮਜ਼ਦ ਕੀਤਾ ਗਿਆ ਹੈ।

# ਜੇ ਭਗਵੰਤ ਮਾਨ ਵੱਲੋਂ ਲਗਾਏ ਦੋਸ਼ਾਂ 'ਚ ਸੱਚਾਈ ਹੈ ਤਾਂ ਮੇਰਾ ਕੱਖ ਨਾ ਰਹੇ: ਚੰਨੀ ਨੇ ਗੁਰਦੁਆਰੇ 'ਚ ਕੀਤੀ ਅਰਦਾਸ

ਚਮਕੌਰ ਸਾਹਿਬ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਬਾਅਦ ਦੁਪਹਿਰ ਇਥੋਂ ਦੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਪਹੁੰਚ ਕੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖਿਡਾਰੀ ਨੂੰ ਨੌਕਰੀ ਦੇਣ ਲਈ 2 ਕਰੋੜ ਰੁਪਏ ਮੰਗਣ ਦੇ ਲਗਾਏ ਗਏ ਦੋਸ਼ਾਂ ਸਬੰਧੀ ਕਿਹਾ ਕਿ ਉਨ੍ਹਾਂ ਨੂੰ ਅੱਜ ਤੱਕ ਜੋ ਮਿਲਿਆ ਹੈ ਉਹ ਚਮਕੌਰ ਸਾਹਿਬ ਦੇ ਸਿੰਘਾਂ ਸ਼ਹੀਦਾਂ ਦੇ ਅਸ਼ੀਰਵਾਦ ਅਤੇ ਹਲਕੇ ਦੇ ਲੋਕਾਂ ਦੇ ਪਿਆਰ ਸਤਿਕਾਰ ਸਦਕਾ ਮਿਲਿਆ ਹੈ। ਉਨ੍ਹਾਂ ਅਰਦਾਸ ਕਰਦਿਆਂ ਕਿਹਾ ਕਿ ਜੇ ਮੁੱਖ ਮੰਤਰੀ ਵੱਲੋਂ ਲਗਾਏ ਦੋਸ਼ਾਂ ਵਿੱਚ ਸੱਚਾਈ ਹੋਵੇ ਤਾਂ ਉਨ੍ਹਾਂ ਦਾ ਕੱਖ ਨਾ ਰਹੇ।



ਸ੍ਰੀ ਚੰਨੀ ਨੇ ਕਿਹਾ ਸੱਚੇ ਪਾਤਸ਼ਾਹ ਜੇ ਮੈਂ ਪੈਸੇ ਮੰਗੇ ਹੋਣ ਤਾਂ ਮੈਂ ਦੇਣਦਾਰ ਹਾਂ। ਅਰਦਾਸ ਕਰਨ ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਤਿੰਨ ਮਹੀਨਿਆਂ ਦੇ ਕਾਰਜਕਾਲ ਦੌਰਾਨ ਬਾਹੁਤ ਸਾਰੇ ਖਿਡਾਰੀਆਂ ਨੂੰ ਨੌਕਰੀਆਂ ਦਿੱਤੀਆਂ ਹਨ ਪਰ ਉਨ੍ਹਾਂ ਵਿੱਚੋਂ ਕੋਈ ਵੀ ਕਹਿ ਦੇਵੇ ਕਿ ਨੌਕਰੀ ਜਾਂ ਕਿਸੇ ਦੀ ਬਦਲੀ ਦੇ ਉਨ੍ਹਾਂ ਨੇ ਪੈਸੇ ਲਏ ਹਨ ਤਾਂ ਉਹ ਹਰ ਤਰ੍ਹਾਂ ਦੀ ਸਜ਼ਾ ਭੁਗਤਣ ਲਈ ਤਿਆਰ ਹਨ ਪਰ ਭਗਵੰਤ ਮਾਨ ਵਿਜੀਲੈਂਸ ਰਾਹੀਂ ਉਨ੍ਹਾਂ ਨੂੰ ਬਦਨਾਮ ਕਰ ਰਿਹਾ ਹੈ। ਉਨ੍ਹਾਂ ਸਰਕਾਰ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਕਦੇ ਵੀ ਕਿਸੇ ਵੀ ਤਰ੍ਹਾਂ ਦੀ ਜਾਂਚ ਤੋਂ ਨਾ ਪਿੱਛੇ ਹਟੇ ਹਨ ਅਤੇ ਨਾ ਹੀ ਉਹ ਸਰਕਾਰ ਵੱਲੋਂ ਉਨ੍ਹਾਂ ਨੂੰ ਜੇਲ੍ਹ ਭੇਜਣ ਤੋਂ ਡਰਦੇ ਹਨ। ਉਹ ਹੰਕਾਰੀ ਅਤੇ ਝੂਠੇ ਮੁੱਖ ਮੰਤਰੀ ਦਾ ਸਬਰ ਨਾਲ ਸਾਹਮਣਾ ਕਰਨਗੇ। ਇਸ ਮੌਕੇ ਬਲਾਕ ਪ੍ਰਧਾਨ ਦਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੇਰਾ, ਸਮਿਤੀ ਮੈਂਬਰ ਜਸਵੀਰ ਸਿੰਘ ਜਟਾਣਾ, ਰੋਹਿਤ ਸੱਭਰਵਾਲ, ਡਾ ਬਲਵਿੰਦਰ ਸਿੰਘ, ਰਾਣਾ ਮਨਮੋਹਨ ਸਿੰਘ, ਸਾਬਕਾ ਸਰਪੰਚ ਇਕਬਾਲ ਸਿੰਘ ਅਤੇ ਬੰਤ ਸਿੰਘ ਕਲਾਰਾਂ ਹਾਜ਼ਰ ਸਨ।

# ਭਾਜਪਾ 'ਤੇ ਭਾਰੀ ਪਿਆ ਗਾਰੰਟੀਆਂ ਦਾ ਦੌਰ, ਵਿਰੋਧੀਆਂ ਦੀ ਗੁਗਲੀ ਅੱਗੇ ਪਾਰਟੀ ਨੇ ਟੇਕੇ ਗੋਡੇ



ਜਲੰਧਰ : ਹਾਲ ਹੀ 'ਚ ਕਰਨਾਟਕ 'ਚ ਸੰਪੰਨ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਭਾਜਪਾ ਲਈ ਬਹੁਤੇ ਚੰਗੇ ਨਹੀਂ ਰਹੇ ਪਰ ਇਨ੍ਹਾਂ ਚੋਣਾਂ ਤੋਂ ਬਾਅਦ 2024 ਲਈ ਕਈ ਸੂਬਿਆਂ ਦੀਆਂ ਭਾਜਪਾ ਇਕਾਈਆਂ ਦੇ ਹੌਂਸਲੇ ਡਿੱਗਣ ਲੱਗੇ ਹਨ। ਖ਼ਾਸ ਕਰ ਕੇ ਕਰਨਾਟਕ ਚੋਣਾਂ 'ਚ ਜੋ ਪੰਜ ਗਾਰੰਟੀਆਂ ਦਿੱਤੀਆਂ ਗਈਆਂ, ਉਨ੍ਹਾਂ ਤੋਂ ਬਾਅਦ ਪੰਜਾਬ ਵਰਗੇ ਸੂਬੇ 'ਚ ਭਾਜਪਾ ਕੋਲ ਇਸ ਵੇਲੇ ਮੁਕਾਬਲਾ ਕਰਨ ਲਈ ਕੋਈ ਹਥਿਆਰ ਨਹੀਂ ਹੈ।

**ਪੰਜਾਬ 'ਚ ਵੀ ਗਾਰੰਟੀ ਦੇ ਕੇ ਸਫ਼ਲ ਹੋਈ 'ਆਪ'** : ਪੰਜਾਬ 'ਚ ਜੇਕਰ ਕਾਂਗਰਸ ਇਸ ਤਰ੍ਹਾਂ ਦੀਆਂ ਆਕਰਸ਼ਕ ਗਾਰੰਟੀਆਂ ਲੈ ਕੇ ਆਉਂਦੀ ਹੈ ਤਾਂ ਸੂਬੇ 'ਚ ਭਾਜਪਾ ਅਤੇ ਅਕਾਲੀ ਦਲ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਭੁਗਤਣਾ ਪਵੇਗਾ। ਆਮ ਆਦਮੀ ਪਾਰਟੀ ਸੂਬੇ 'ਚ ਸੱਤਾ 'ਚ ਹੈ ਅਤੇ ਪਾਰਟੀ ਪਹਿਲਾਂ ਤੋਂ ਹੀ ਮੁਫ਼ਤ ਬਿਜਲੀ, ਲੋਕਾਂ ਨੂੰ ਰੁਜ਼ਗਾਰ ਵਰਗੇ ਮੁੱਦਿਆਂ 'ਤੇ ਸੂਬੇ ਦੇ ਲੋਕਾਂ ਨੂੰ ਤੋਹਫ਼ੇ ਦੇ ਚੁੱਕੀ ਹੈ। ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦਾ ਵਾਅਦਾ ਵੀ ਮਾਨ ਸਰਕਾਰ ਜਲਦ ਪੂਰਾ ਕਰਨ ਲਈ ਤਿਆਰੀਆਂ 'ਚ ਲੱਗੀ ਹੋਈ ਹੈ ਪਰ ਭਾਜਪਾ ਕੋਲ ਪੰਜਾਬ 'ਚ ਲੋਕਾਂ ਵਿਚਕਾਰ ਜਾ ਕੇ ਦੱਸਣ ਲਈ ਕੁਝ ਨਹੀਂ ਹੈ। ਜਲੰਧਰ ਦੇ ਲੋਕ ਸਭਾ ਉਪ ਚੋਣਾਂ 'ਚ ਵੀ ਇਲਾਕੇ ਨੂੰ ਲੈ ਕੇ ਕੋਈ ਖ਼ਾਸ ਰੋਡਮੈਪ ਭਾਜਪਾ ਕੋਲ ਨਹੀਂ ਸੀ। ਪਾਰਟੀ ਦੇ ਲੋਕ ਆਮ ਆਦਮੀ ਪਾਰਟੀ ਸਰਕਾਰ ਦੀਆਂ ਖਾਮੀਆਂ 'ਤੇ ਹੀ ਲੰਮੇ-ਚੌੜੇ ਭਾਸ਼ਣ ਦਿੰਦੇ ਰਹੇ ਪਰ ਖ਼ੁਦ ਕੀ ਕੀਤਾ ਜਾਂ ਕੀ ਕਰਨ ਦੀ ਯੋਜਨਾ ਹੈ, ਉਹ ਸਭ ਦੱਸਣ ਲਈ ਭਾਜਪਾ ਕੋਲ ਕੁਝ ਨਹੀਂ ਸੀ। ਇਹੀ ਹਾਲ ਅਕਾਲੀ ਦਾ ਵੀ ਸੀ।

**ਕਾਂਗਰਸ ਦੀ ਗੁਗਲੀ ਅੱਗੇ ਭਾਜਪਾ ਨੇ ਟੇਕੇ ਗੋਡੇ** : ਕਰਨਾਟਕ ਚੋਣਾਂ 'ਚ ਕਾਂਗਰਸ ਨੇ 5 ਗਾਰੰਟੀਆਂ ਦਿੱਤੀਆਂ ਸਨ, ਜਿਸ 'ਚ 200 ਯੂਨਿਟ ਬਿਜਲੀ, ਔਰਤਾਂ ਨੂੰ 2000 ਰੁਪਏ ਪ੍ਰਤੀ ਮਹੀਨਾ, ਬੀ. ਪੀ. ਐੱਲ. ਪਰਿਵਾਰਾਂ ਨੂੰ 10 ਕਿਲੋ ਮੁਫ਼ਤ ਚੌਲ, ਬੇਰੁਜ਼ਗਾਰ ਗ੍ਰੈਜੂਏਟ ਨੂੰ 2 ਸਾਲਾਂ ਤੱਕ 3000 ਰੁਪਏ ਪ੍ਰਤੀ ਮਹੀਨਾ ਅਤੇ ਡਿਪਲੋਮਾ ਹੋਲਡਰਾਂ ਨੂੰ 2 ਸਾਲਾਂ ਲਈ 1500 ਰੁਪਏ ਪ੍ਰਤੀ ਮਹੀਨਾ ਅਤੇ ਔਰਤਾਂ ਲਈ ਮੁਫ਼ਤ ਬੱਸ ਸੇਵਾ ਦੀਆਂ ਸਹੂਲਤਾਂ ਦੇਣਾ ਸ਼ਾਮਲ ਹੈ। ਕਾਂਗਰਸ ਦੇ ਇਸ ਗੁਗਲੀ ਦੇ ਅੱਗੇ ਭਾਜਪਾ ਦੀ ਕਰਨਾਟਕ 'ਚ ਇਕ ਨਹੀਂ ਚੱਲੀ। ਇਹੀ ਗਾਰੰਟੀਆਂ ਲੈ ਕੇ ਕਾਂਗਰਸ ਹੁਣ ਹੋਰ ਸੂਬਿਆਂ 'ਚ ਚੋਣਾਂ 'ਚ ਉਤਰ ਰਹੀ ਹੈ ਪਰ ਇਹ ਵੀ ਚਰਚਾ ਹੈ ਕਿ 2024 ਦੇ ਚੋਣਾਂ 'ਚ ਵੀ ਇਸ ਤਰ੍ਹਾਂ ਦੀਆਂ ਗਾਰੰਟੀਆਂ ਲੈ ਕੇ ਕਾਂਗਰਸ ਮੈਦਾਨ 'ਚ ਉਤਰ ਸਕਦੀ ਹੈ।

**ਆਉਣ ਵਾਲੀਆਂ ਚੋਣਾਂ 'ਚ ਵੀ ਚੱਲੇਗਾ ਗਾਰੰਟੀਆਂ ਦਾ ਦੌਰ** : 2023 'ਚ 5 ਹੋਰ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿੱਥੇ ਕਾਂਗਰਸ ਇਨ੍ਹਾਂ 5 ਗਾਰੰਟੀਆਂ ਨਾਲ ਮੈਦਾਨ 'ਚ ਉਤਰ ਸਕਦੀ ਹੈ। ਵੈਸੇ, ਇਨ੍ਹਾਂ ਗਾਰੰਟੀਆਂ ਦੇ ਆਧਾਰ 'ਤੇ ਕਾਂਗਰਸ ਕਰਨਾਟਕ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ 'ਚ ਵੀ ਪ੍ਰਵੇਸ਼ ਕਰ ਚੁੱਕੀ ਸੀ ਅਤੇ ਪਾਰਟੀ ਨੂੰ ਕਾਮਯਾਬੀ ਮਿਲੀ ਸੀ। ਇਸ ਸਭ ਦੇ ਮੱਦੇਨਜ਼ਰ ਭਾਜਪਾ 'ਚ ਇਸ ਗੱਲ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ ਕਿ ਪਾਰਟੀ ਦੀ ਅਗਵਾਈ ਵਾਲੀ ਸੂਬਿਆਂ ਦੀਆਂ ਸਰਕਾਰਾਂ 'ਚ ਅਜਿਹੀਆਂ ਯੋਜਨਾਵਾਂ ਨੂੰ ਲੈ ਕੇ ਯੋਜਨਾ ਬਣਾਈ ਜਾਵੇ ਅਤੇ ਉਨ੍ਹਾਂ ਨੂੰ ਲਾਗੂ ਕਰਵਾਇਆ ਜਾਵੇ। ਪੰਜਾਬ 'ਚ ਆਮ ਆਦਮੀ ਪਾਰਟੀ ਹੋਵੇ ਜਾਂ ਹਿਮਾਚਲ 'ਚ ਕਾਂਗਰਸ। 'ਲੋਕ-ਲੁਭਾਊ' ਯੋਜਨਾਵਾਂ ਨੇ ਯਕੀਨੀ ਤੌਰ 'ਤੇ ਭਾਜਪਾ ਨੂੰ ਮੁਸ਼ਕਲ 'ਚ ਜ਼ਰੂਰ ਪਾ ਦਿੱਤਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਪਾਰਟੀ ਹੁਣ ਭਾਜਪਾ ਦੀ ਅਗਵਾਈ ਵਾਲੇ ਸੂਬਿਆਂ 'ਚ ਅਜਿਹੀਆਂ ਕੁਝ ਸਕੀਮਾਂ ਸ਼ੁਰੂ ਕਰਨ ਦੀਆਂ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ। ਇਸ ਦੇ ਲਈ ਭਾਜਪਾ ਦੀਆਂ ਮੌਜੂਦਾ ਸਕੀਮਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਕਾਂਗਰਸ ਜਾਂ ਆਮ ਆਦਮੀ ਪਾਰਟੀ ਵੱਲੋਂ ਪੇਸ਼ ਕੀਤੀਆਂ ਗਈਆਂ ਸਕੀਮਾਂ ਵਾਂਗ ਵਰਤਿਆ ਜਾ ਸਕੇ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪਹਿਲਵਾਨਾਂ ਦੇ ਹੱਕ ਵਿੱਚ ਸੰਸਦ ਅੱਗੇ 28 ਨੂੰ ਔਰਤਾਂ ਦੀ ਪੰਚਾਇਤ

## ਰੋਹਤਕ 'ਚ ਖਾਪਾਂ ਦੀ ਮਹਾਪੰਚਾਇਤ ਵਿਚ ਲਿਆ ਗਿਆ ਫ਼ੈਸਲਾ





ਨਵੀਂ ਦਿੱਲੀ : ਖਾਪ ਮਹਾਪੰਚਾਇਤ ਨੇ ਐਲਾਨ ਕੀਤਾ ਹੈ ਕਿ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਹਮਾਇਤ ਕਰ ਰਹੀਆਂ ਔਰਤਾਂ 28 ਮਈ ਨੂੰ ਸੰਸਦ ਦੀ ਨਵੀਂ ਇਮਾਰਤ ਦੇ ਅੱਗੇ ਪੰਚਾਇਤ ਕਰਨਗੀਆਂ। ਜ਼ਿਕਰਯੋਗ ਹੈ ਕਿ ਇਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਇਮਾਰਤ ਦਾ ਉਦਘਾਟਨ ਕਰਨਾ ਹੈ। ਦੱਸਣਯੋਗ ਹੈ ਕਿ ਰੋਹਤਕ ਵਿਚ ਅੱਜ ਖਾਪ ਪੰਚਾਇਤਾਂ ਦੇ ਆਗੂਆਂ ਦੀ ਇਕ ਬੈਠਕ ਰੱਖੀ ਗਈ ਸੀ ਜਿਸ ਵਿਚ 'ਕੋਈ ਵੱਡਾ ਫ਼ੈਸਲਾ' ਹੋਣ ਦੀ ਸੰਭਾਵਨਾ ਸੀ। ਪਰ ਕਈ ਘੰਟਿਆਂ ਦੀ ਵਿਚਾਰ-ਚਰਚਾ ਤੋਂ ਬਾਅਦ ਸੰਸਦ ਵੱਲ ਕੂਚ ਕਰਨ ਦਾ ਫ਼ੈਸਲਾ ਲਿਆ ਗਿਆ। ਮੁਜ਼ਾਹਰਾਕਾਰੀ ਪਹਿਲਵਾਨਾਂ ਵਿਚੋਂ ਅੱਜ ਸਾਕਸ਼ੀ ਮਲਿਕ ਤੇ ਉਸ ਦੇ ਪਤੀ ਸੱਤਿਆਵਰਤ ਕਾਦੀਆਂ ਨੇ ਮਹਾਪੰਚਾਇਤ ਵਿਚ ਹਿੱਸਾ ਲਿਆ ਜਦਕਿ ਬਜਰੰਗ ਪੂਨੀਆ ਤੇ ਵਿਨੇਸ਼ ਫੋਗਾਟ ਜੰਤਰ-ਮੰਤਰ 'ਤੇ ਧਰਨੇ ਵਾਲੀ ਥਾਂ ਡਟੇ ਰਹੇ। ਪੂਨੀਆ ਨੇ ਦੱਸਿਆ ਕਿ ਉਨ੍ਹਾਂ ਚਾਰ ਫ਼ੈਸਲੇ ਲਏ ਹਨ ਜਿਸ ਵਿਚ 28 ਮਈ ਨੂੰ ਸੰਸਦ ਅੱਗੇ ਪੰਚਾਇਤ ਕਰਨ ਦਾ ਫ਼ੈਸਲਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਮੰਗਲਵਾਰ (23 ਮਈ) ਨੂੰ ਜੰਤਰ ਮੰਤਰ ਤੋਂ ਇੰਡੀਆ ਗੇਟ ਤੱਕ ਮੋਮਬੱਤੀ ਮਾਰਚ ਕੀਤਾ ਜਾਵੇਗਾ।

ਮਹਾਪੰਚਾਇਤ ਨੇ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਅੱਜ ਮੁੜ ਦੁਹਰਾਈ ਤੇ ਵਾਅਦਾ ਕੀਤਾ ਕਿ ਪਹਿਲਵਾਨਾਂ ਦੇ ਸੱਦੇ ਉਤੇ ਖਾਪਾਂ ਮੁਜ਼ਾਹਰੇ ਵਾਲੀ ਥਾਂ ਪੰਜ ਘੰਟਿਆਂ ਦੇ ਅੰਦਰ-ਅੰਦਰ ਪਹੁੰਚ ਜਾਣਗੀਆਂ। ਪੂਨੀਆ ਨੇ ਕਿਹਾ ਕਿ ਪੰਚਾਇਤ ਲਈ ਮਹਿਲਾਵਾਂ ਦੇ ਨਾਲ ਪੁਰਸ਼ਾਂ ਦੇ ਜਾਣ ਸਬੰਧੀ ਫ਼ੈਸਲਾ ਹਾਲੇ ਰੁਕ ਕੇ ਲਿਆ ਜਾਵੇਗਾ। ਇਸ ਫ਼ੈਸਲੇ ਦਾ ਮਤਲਬ ਇਹ ਕੱਢਿਆ ਜਾ ਰਿਹਾ ਹੈ ਕਿ ਪਹਿਲਵਾਨਾਂ ਨੇ ਹੁਣ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਵਿਰੁੱਧ ਆਪਣੀ ਲੜਾਈ ਦੇ ਵਿਸਤਾਰ ਦਾ ਮਨ ਬਣਾ ਲਿਆ ਹੈ। ਜ਼ਿਕਰਯੋਗ ਹੈ ਕਿ ਮਹਿਲਾ ਪਹਿਲਵਾਨ ਬ੍ਰਿਜ ਭੂਸ਼ਣ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾ ਰਹੀਆਂ ਹਨ। ਭਾਰਤੀ ਉਲੰਪਿਕ ਐਸੋਸੀਏਸ਼ਨ, ਜਿਸ ਨੂੰ ਕੁਸ਼ਤੀ ਫ਼ੈਡਰੇਸ਼ਨ ਦੇ ਪ੍ਰਬੰਧ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਵੱਲੋਂ 20 ਜੂਨ ਨੂੰ ਏਸ਼ੀਅਨ ਖੇਡਾਂ ਦੇ ਟਰਾਇਲ ਲਏ ਜਾਣ ਦੀ ਸੰਭਾਵਨਾ ਹੈ। ਮੁਜ਼ਾਹਰਾਕਾਰੀ ਪਹਿਲਵਾਨਾਂ ਨੂੰ ਅਭਿਆਸ ਲਈ ਬਿਲਕੁਲ ਵੀ ਸਮਾਂ ਨਹੀਂ ਮਿਲਿਆ ਹੈ ਤੇ ਜੇਕਰ ਉਹ ਟਰਾਇਲ ਵਿਚ ਹਿੱਸਾ ਲੈਣ ਦਾ ਫੈਸਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਆਪੋ-ਆਪਣੇ ਵਰਗਾਂ ਵਿਚ ਮੁਕਾਬਲੇਬਾਜ਼ਾਂ ਨੂੰ ਟੱਕਰ ਦੇਣੀ ਬਹੁਤ ਔਖੀ ਹੋਵੇਗੀ। ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਨੇ ਕਿਹਾ, "ਮੈਂ ਨਾਰਕੋ ਟੈਸਟ ਕਰਵਾਉਣ ?ਲਈ ਤਿਆਰ ਹਾਂ, ਬਸ਼ਰਤੇ ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ ਵੀ ਮੇਰੇ ਨਾਲ ਟੈਸਟ ਕਰਵਾਉਣ।" ਪੂਨੀਆ ਨੇ ਕਿਹਾ, 'ਇਸ ਸੰਘਰਸ਼ ਲਈ ਮੈਂ ਉਲੰਪਿਕ ਤਗਮਾ ਤੱਕ ਕੁਰਬਾਨ ਕਰਨ ਲਈ ਵੀ ਤਿਆਰ ਹਾਂ।' ਹਾਲੇ ਇਸ ਮਾਮਲੇ ਵਿਚ ਦਿੱਲੀ ਪੁਲੀਸ ਨੇ ਬ੍ਰਿਜ ਭੂਸ਼ਣ ਵਿਰੁੱਧ ਦੋ ਐਫਆਈਆਰਜ਼ ਦਰਜ ਕੀਤੀਆਂ ਹਨ।

# ਪੰਜਾਬ ਆਰਮਡ ਪੁਲਿਸ ਮੈਸ ਦੇ ਬਾਹਰੋਂ 300 ਕਿਲੋ ਦੀ ਵਿਰਾਸਤੀ ਤੋਪ ਚੋਰੀ



ਚੰਡੀਗੜ੍ਹ : ਪੰਜਾਬ ਆਰਮਡ ਪੁਲਿਸ ਦੀ 82 ਬਟਾਲੀਅਨ, ਸੈਕਟਰ 1, ਚੰਡੀਗੜ੍ਹ ਦੇ ਜੀਓ ਮੈਸ ਦੇ ਗੇਟ ਤੋਂ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਲਗਭਗ 300 ਕਿਲੋ ਵਜ਼ਨ ਅਤੇ ਲਗਭਗ 3 ਫੁੱਟ ਲੰਬਾਈ ਵਾਲੀ ਇਤਿਹਾਸਕ ਤੋਪ ਚੋਰੀ ਹੋ ਗਈ। ਇਹ ਤੋਪ 5 ਮਈ ਦੀ ਰਾਤ ਨੂੰ ਚੋਰੀ ਹੋ ਗਈ ਸੀ। ਕੇਸ ਦਰਜ ਕਰ ਲਿਆ ਹੈ। ਇਸ ਚੋਰੀ ਵਿੱਚ ਕਰੀਬ 5 ਲੋਕਾਂ ਦੇ ਸ਼ਾਮਲ ਹੋਣ ਦਾ ਸ਼ੱਕ ਹੈ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਹ ਪੁਰਾਤਨ ਤੋਪ ਪਿੱਤਲ ਦੀ ਬਣੀ ਹੋਈ ਹੈ, ਇਸ ਦਾ ਭਾਰ ਲਗਭਗ 200 ਤੋਂ 300 ਕਿਲੋ ਹੈ। ਬਟਾਲੀਅਨ ਕਮਾਂਡੈਂਟ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। 82 ਬਟਾਲੀਅਨ ਪੰਜਾਬ ਦੇ ਵੀਵੀਆਈਪੀ ਲੋਕਾਂ ਦੀ ਸੁਰੱਖਿਆ ਦਾ ਧਿਆਨ ਰੱਖਦੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਤੋਪ ਬਹੁਤ ਭਾਰੀ ਹੈ ਅਤੇ ਕੋਈ ਵੀ ਵਿਅਕਤੀ ਇਸ ਨੂੰ ਚੋਰੀ ਨਹੀਂ ਕਰ ਸਕਦਾ। ਇਸ ਵਿੱਚ 4 ਤੋਂ 5 ਲੋਕਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਚੋਰੀ ਦੀ ਇਹ ਘਟਨਾ 5 ਅਤੇ 6 ਮਈ ਦੀ ਰਾਤ ਦੀ ਦੱਸੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਇਹ ਵਿਰਾਸਤੀ ਤੋਪ ਪੰਜਾਬ ਆਰਮਡ ਪੁਲਿਸ ਦੀ ਬਹੁਤ ਹੀ ਮਹੱਤਵਪੂਰਨ ਵਿਰਾਸਤ ਸੀ। ਇਸ ਨੂੰ ਕਰੀਬ ਡੇਢ ਸਾਲ ਪਹਿਲਾਂ 82 ਬਟਾਲੀਅਨ ਦੇ ਸਟੋਰ ਰੂਮ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਇਸਨੂੰ ਇੱਕ ਵਾਰ ਫਿਰ ਲੋਕਾਂ ਦੇ ਸਾਹਮਣੇ ਪ੍ਰਦਰਸ਼ਿਤ ਕੀਤਾ ਗਿਆ। ਜਿਸ ਥਾਂ ਇਸ ਤੋਪ ਨੂੰ ਰੱਖਿਆ ਗਿਆ ਸੀ, ਉੱਥੇ ਕੋਈ ਸੀਸੀਟੀਵੀ ਕੈਮਰਾ ਨਹੀਂ ਸੀ। ਅਜਿਹੇ 'ਚ ਪੁਲਸ ਲਈ ਦੋਸ਼ੀਆਂ ਨੂੰ ਲੱਭਣਾ ਮੁਸ਼ਕਿਲ ਹੋ ਗਿਆ ਹੈ।

# ਪਹਿਲਵਾਨਾਂ ਵੱਲੋਂ ਇੰਡੀਆ ਗੇਟ 'ਤੇ ਮੋਮਬੱਤੀ ਮਾਰਚ

*ਜੰਤਰ ਮੰਤਰ 'ਤੇ ਲਾਏ ਧਰਨੇ ਨੂੰ ਇਕ ਮਹੀਨਾ ਪੂਰਾ ਹੋਇਆ; ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਤੱਕ ਧਰਨਾ ਜਾਰੀ ਰੱਖਣ ਦਾ ਐਲਾਨ*



ਨਵੀਂ ਦਿੱਲੀ : ਜਿਨਸੀ ਸ਼ੋਸ਼ਣ ਮਾਮਲੇ ਵਿੱਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਪਹਿਲਵਾਨਾਂ ਵੱਲੋਂ ਜੰਤਰ-ਮੰਤਰ 'ਤੇ ਲਾਏ ਧਰਨੇ ਨੂੰ ਅੱਜ ਇਕ ਮਹੀਨਾ ਪੂਰਾ ਹੋ ਗਿਆ। ਪਹਿਲਵਾਨ ਅੱਜ ਸ਼ਾਮੀਂ ਜੰਤਰ-ਮੰਤਰ ਤੋਂ ਇੰਡੀਆ ਗੇਟ ਤੱਕ ਪੈਦਲ ਮਾਰਚ ਕਰਕੇ ਪੁੱਜੇ ਤੇ ਉਥੇ ਮੋਮਬੱਤੀ ਮਾਰਚ ਕੱਢਿਆ। ਮਾਰਚ ਵਿੱਚ ਪਹਿਲਵਾਨ ਸਾਕਸ਼ੀ ਮਲਿਕ, ਵਿਨੇਸ਼ ਫੋਗਾਟ, ਬਜਰੰਗ ਪੂਨੀਆ, ਸੰਗੀਤਾ ਪੂਨੀਆ, ਸਤਿਆਵਰਤ ਸਣੇ ਹੋਰ ਪਹਿਲਵਾਨ ਸ਼ਾਮਲ ਹੋਏ। ਪਹਿਲਵਾਨਾਂ ਨੇ ਸਾਫ਼ ਕਰ ਦਿੱਤਾ ਕਿ ਇਨਸਾਫ਼ ਮਿਲਣ ਤਕ ਸੰਘਰਸ਼ ਜਾਰੀ ਰਹੇਗਾ।

ਪੈਦਲ ਮਾਰਚ ਵਿੱਚ ਪਹਿਲਵਾਨਾਂ ਦੇ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹੱਥਾਂ ਵਿੱਚ ਕੌਮੀ ਝੰਡੇ ਸਣੇ ਵੱਖ ਵੱਖ ਜਥੇਬੰਦੀਆਂ ਦੇ ਝੰਡੇ ਲੈ ਕੇ ਤੁਰੇ। ਮਾਰਚ ਵਿੱਚ ਆਲ ਇੰਡੀਆ ਸਟੇਟ ਗਵਰਨਮੈਂਟ ਐਂਪਲਾਈਜ਼ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸੁਭਾਸ਼ ਲਾਂਬਾ ਦੀ ਅਗਵਾਈ ਵਿਚ ਵੱਖ ਵੱਖ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਆਏ ਮੁਲਾਜ਼ਮ ਜਥੇਬੰਦੀਆਂ ਦੇ ਮੈਂਬਰ ਸ਼ਾਮਲ ਹੋਏ। ਪੈਦਲ ਮਾਰਚ ਦੇ ਮੱਦੇਨਜ਼ਰ ਦਿੱਲੀ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਇੰਡੀਆ ਗੇਟ ਪੁੱਜੇ ਪਹਿਲਵਾਨਾਂ ਨੇ ਮੋਮਬੱਤੀਆਂ ਜਗਾ ਕੇ ਇਨਸਾਫ਼ ਦੀ ਲੜਾਈ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ। ਪਹਿਲਵਾਨ ਸਾਕਸ਼ੀ ਮਲਿਕ ਨੇ ਕਿਹਾ ਕਿ ਉਨ੍ਹਾਂ ਮੋਮਬੱਤੀਆਂ ਜਗਾ ਕੇ ਬ੍ਰਿਜ ਭੂਸ਼ਣ ਵੱਲੋਂ ਫੈਲਾਏ ਹਨੇਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਹਿਲਾ ਪਹਿਲਵਾਨ ਨੇ ਕਿਹਾ ਕਿ ਉਨ੍ਹਾਂ ਦੇ ਧਰਨੇ ਨੂੰ ਅੱਜ ਇਕ ਮਹੀਨਾ ਹੋ ਗਿਆ ਹੈ, ਪਰ ਉਨ੍ਹਾਂ ਨੂੰ ਯਕੀਨ ਹੈ ਕਿ ਇਨਸਾਫ਼ ਦੀ ਇਸ ਲੜਾਈ ਵਿੱਚ ਸੱਚਾਈ ਦੀ ਜਿੱਤ ਹੋਵੇਗੀ। ਵਿਨੇਸ਼ ਫੋਗਾਟ ਨੇ ਸਾਫ਼ ਕਰ ਦਿੱਤਾ ਕਿ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਤੱਕ ਧਰਨਾ ਤੇ ਸੰਘਰਸ਼ ਜਾਰੀ ਰਹੇਗਾ।

# ਸੈਰ ਕਰਦਿਆਂ ਅੱਗਿਓਂ ਆਉਂਦੇ ਇੱਕ..



ਸੈਰ ਕਰਦਿਆਂ ਅੱਗਿਓਂ ਆਉਂਦੇ ਇੱਕ ਹੌਲੀ ਉਮਰ ਦੇ ਮੁੰਡੇ ਨੂੰ ਪੁੱਛ ਲਿਆ ਕਿਥੋਂ ਏਂ..?

ਆਖਣ ਲੱਗਾ ਜੀ ਸੰਗਰੂਰ ਤੋਂ..!

ਮੂਹੋਂ ਸਹਿ ਸੁਭਾ ਹੀ ਨਿੱਕਲ ਗਿਆ ਕੇ ਤਿੰਨ ਦਹਾਕੇ ਪਹਿਲੋਂ ਤੁਹਾਡੇ ਬੱਡਰੁੱਖੇ ਪਿੰਡ ਨਾਲੇ ਦੇ ਕੰਢੇ ਇੱਕ ਮਿੱਤਰ ਪਿਆਰਾ ਫੜ ਕੇ ਝੂਠੇ ਮੁਕਾਬਲੇ ਵਿਚ ਮੁਕਾ ਦਿੱਤਾ ਗਿਆ ਸੀ..!

ਸ਼ਸ਼ੋਪੰਝ ਵਿਚ ਪੈ ਗਿਆ..ਸ਼ਾਇਦ ਸਮਝ ਨਹੀਂ ਸੀ ਲੱਗੀ..ਪੁੱਛ ਲਿਆ ਕੇ ਤੈਨੂੰ ਨਹੀਂ ਪਤਾ ਝੂਠਾ ਮੁਕਾਬਲਾ ਕੀ ਹੁੰਦਾ?

ਆਖਣ ਲੱਗਾ ਜੀ ਝੂਠਾ ਸੱਚਾ ਤਾਂ ਛੱਡੋ..ਮੈਨੂੰ ਤੇ ਐਸੇ ਮੁਕਾਬਲੇ ਬਾਰੇ ਕਿਸੇ ਨੇ ਅਜੇ ਤੱਕ ਦੱਸਿਆ ਹੀ ਨਹੀਂ ਜਿਥੇ ਬੰਦਾ ਮੁਕਾ ਵੀ ਦਿੱਤਾ ਜਾਂਦਾ..ਅਸੀਂ ਤੇ ਜਿਉਂ ਜੰਮੇ ਬੱਸ ਟਰੈਕਟਰ ਟੋਚਨ ਅਤੇ ਸੁੰਦਰਤਾ ਮੁਕਾਬਲੇ ਹੁੰਦੇ ਹੀ ਵੇਖੇ ਨੇ..! ਮਨ ਵਿਚ ਆਇਆ ਕੇ ਊੜਾ ਜੂੜਾ ਤੇ ਵਰਤਮਾਨ ਦੇ ਨਿਸ਼ਾਨੇ ਤੇ ਹੈ ਹੀ ਸੀ ਪਰ ਮਣਾਂ ਮੂਹੀਂ ਕੂੜਾ ਵੀ ਪੰਡਾਂ ਬੰਨ ਬੰਨ ਅਚੇਤ ਮਨਾਂ ਅੰਦਰ ਲਗਾਤਾਰ ਭਰਿਆ ਜਾ ਰਿਹਾ ਏ!

**- ਹਰਪ੍ਰੀਤ ਸਿੰਘ ਜਵੰਦਾ**

# ਸਿੱਧਾਰਮਈਆ ਨੇ ਕਰਨਾਟਕ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

## ਕਰਨਾਟਕ 'ਚ ਨਵੀਂ ਅਤੇ ਇਕ ਮਜ਼ਬੂਤ ਸਰਕਾਰ ਹੈ : ਖੜਗੇ



ਬੈਂਗਲੁਰੂ : ਕਰਨਾਟਕ ਵਿਧਾਨ ਸਭਾ ਚੋਣਾਂ 'ਚ ਜਿੱਤ ਤੋਂ ਬਾਅਦ ਸਿੱਧਰਮਈਆ ਨੇ ਅੱਜ ਦੂਜੀ ਵਾਰ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾਂ ਨਾਲ ਡੀ.ਕੇ ਸ਼ਿਵਕੁਮਾਰ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਸਥਾਨਕ ਸ੍ਰੀ ਕਾਂਤੀਰਵਾ ਸਟੇਡੀਅਮ 'ਚ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਸਹੁੰ ਚੁੱਕਣ ਦੇ ਨਾਲ-ਨਾਲ ਸਿੱਧਰਮਈਆ ਦੇ ਕੈਬਨਿਟ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਲਈ ਬੈਂਗਲੁਰੂ ਪਹੁੰਚੇ। ਹਵਾਈ ਅੱਡੇ 'ਤੇ ਡੀ. ਕੇ ਸ਼ਿਵਕੁਮਾਰ ਨੇ ਉਨ੍ਹਾਂ ਦਾ ਸਵਾਗਤ ਕੀਤਾ। ਓਧਰ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਕਾਂਗਰਸ ਵਿਧਾਇਕ ਪ੍ਰਿਯੰਕਾ ਖੜਗੇ, ਡਾਕਟਰ ਜੀ ਪਰਮੇਸ਼ਵਰ ਅਤੇ ਡੀਕੇ ਸ਼ਿਵਕੁਮਾਰ ਦੇ ਭਰਾ ਸੰਸਦ ਮੈਂਬਰ ਡੀਕੇ ਸੁਰੇਸ਼ ਬੈਂਗਲੁਰੂ ਦੇ ਸ੍ਰੀ ਕਾਂਤੀਰਵਾ ਸਟੇਡੀਅਮ ਵਿਚ ਸਮਾਗਮ ਵਾਲੀ ਥਾਂ ਪੁੱਜੇ।

ਦੱਸ ਦੇਈਏ ਕਿ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜੇ 13 ਮਈ ਨੂੰ ਆਏ ਸਨ। ਕਾਂਗਰਸ ਨੇ 135, ਭਾਜਪਾ ਨੇ 66 ਅਤੇ ਜਨਤਾ ਦਲ ਸੈਕੂਲਰ (ਜੇ. ਡੀ. ਐਸ) ਨੇ 19 ਸੀਟਾਂ ਜਿੱਤੀਆਂ ਹਨ। ਕਾਂਗਰਸ 'ਚ ਮੁੱਖ ਮੰਤਰੀ ਅਹੁਦੇ ਦੀ ਦਾਅਵੇਦਾਰੀ ਨੂੰ ਲੈ ਕੇ ਸਿੱਧਰਮਈਆ ਅਤੇ ਡੀਕੇ ਸ਼ਿਵਕੁਮਾਰ ਵਿਚਾਲੇ ਟਕਰਾਅ ਕਈ ਦਿਨਾਂ ਤੱਕ ਜਾਰੀ ਰਿਹਾ। ਹਾਲਾਂਕਿ ਹਾਈਕਮਾਂਡ ਵੱਲੋਂ ਕਈ ਦਿਨਾਂ ਦੀ ਮੀਟਿੰਗ ਅਤੇ ਮਨਾਉਣ ਤੋਂ ਬਾਅਦ ਦੋਵਾਂ ਆਗੂਆਂ ਵਿਚਾਲੇ ਸਹਿਮਤੀ ਬਣ ਸਕੀ। ਸਹੁੰ ਚੁੱਕਣ ਦੇ ਮੌਕੇ 'ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਮੁੱਖ ਮੰਤਰੀ, ਉਪ ਮੁੱਖ ਮੰਤਰੀ ਸਮੇਤ ਅੱਠ ਵਿਧਾਇਕ ਮੰਤਰੀ ਦੇ ਅਹੁਦੇ ਲਈ ਸਹੁੰ ਚੁੱਕੀ। ਮੈਂ ਵੀ ਇਸ ਵਿਚ ਹਿੱਸਾ ਲੈਣ ਲਈ ਉੱਥੇ ਪਹੁੰਚਿਆ ਹਾਂ। ਇਹ ਖ਼ੁਸ਼ੀ ਦੀ ਗੱਲ ਹੈ ਕਿ ਕਰਨਾਟਕ ਵਿਚ ਨਵੀਂ ਸਰਕਾਰ ਹੈ, ਇਕ ਮਜ਼ਬੂਤ ਸਰਕਾਰ ਹੈ। ਇਸ ਨਾਲ ਕਰਨਾਟਕ ਦਾ ਵਿਕਾਸ ਹੋਵੇਗਾ ਅਤੇ ਇਸ ਦੇ ਨਾਲ ਹੀ ਦੇਸ਼ ਵਿਚ ਚੰਗਾ ਮਾਹੌਲ ਬਣੇਗਾ।

# ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਵੱਲੋਂ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ



ਚੰਡੀਗੜ੍ਹ : ਕੈਨੇਡਾ ਦੇ ਸਾਬਕਾ ਸਿਹਤ ਮੰਤਰੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਉੱਜਲ ਦੁਸਾਂਝ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ ਗਈ। ਸੰਧਵਾਂ ਦੀ ਸਰਕਾਰੀ ਰਿਹਾਇਸ਼ 'ਤੇ ਇਸ ਮੁਲਾਕਾਤ ਦੌਰਾਨ ਦੋਹਾਂ ਆਗੂਆਂ ਵਿਚਕਾਰ ਪਰਵਾਸੀ ਪੰਜਾਬੀਆਂ ਨਾਲ ਸਬੰਧਤ ਮਸਲਿਆਂ ਨੂੰ ਸੁਲਝਾਉਣ ਲਈ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਸੰਧਵਾਂ ਨੇ ਕੈਨੇਡੀਅਨ ਆਗੂ ਦੁਸਾਂਝ ਕੋਲ ਕੈਨੇਡਾ 'ਚ ਪੜ੍ਹਨ ਗਏ ਪੰਜਾਬੀ ਵਿਦਿਆਰਥੀਆਂ ਦੇ ਆਰਥਿਕ ਸ਼ੋਸ਼ਣ ਦਾ ਮਸਲਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਆਰਥਿਕ ਸ਼ੋਸ਼ਣ ਕਾਰਨ ਕੈਨੇਡਾ ਵਿਚ ਰਹਿ ਰਹੇ ਪੰਜਾਬੀ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਉਲਟ ਅਸਰ ਪੈ ਰਿਹਾ ਹੈ, ਇਸ ਲਈ ਕੈਨੇਡੀਅਨ ਸਰਕਾਰ ਨੂੰ ਇਸ ਮਸਲੇ 'ਤੇ ਜਲਦ ਕਦਮ ਚੁੱਕਣ ਦੀ ਲੋੜ ਹੈ। ਸਪੀਕਰ ਨੇ ਕਿਹਾ ਕਿ ਪੰਜਾਬੀ ਵਿਦਿਆਰਥੀਆਂ ਦੀ ਇਸ ਮਾਮਲੇ 'ਚ ਮਦਦ ਕੀਤੀ ਜਾਵੇ। ਦੁਸਾਂਝ ਨੇ ਅਜਿਹੇ ਮਾਮਲਿਆਂ ਨੂੰ ਜਲਦ ਕੈਨੇਡੀਅਨ ਸਰਕਾਰ ਕੋਲ ਚੁੱਕਣ ਦਾ ਭਰੋਸਾ ਦਿਵਾਇਆ। ਉੱਜਲ ਦੁਸਾਂਝ ਵੱਲੋਂ ਵੀ ਕੈਨੇਡਾ ਵਸਦੇ ਪੰਜਾਬੀਆਂ ਨਾਲ ਸਬੰਧਤ ਸੂਬੇ ਦੇ ਮਾਮਲੇ ਵੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਧਿਆਨ ਵਿੱਚ ਲਿਆਂਦੇ ਗਏ, ਜਿਨ੍ਹਾਂ ਨੂੰ ਜਲਦ ਹੱਲ ਕਰਨ ਲਈ ਸੰਧਵਾਂ ਨੇ ਅੱਗੇ ਸਰਕਾਰ ਨੂੰ ਭੇਜਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵਸਦੇ ਭੈਣ-ਭਰਾਵਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਪੰਜਾਬ ਸਰਕਾਰ ਸਦਾ ਯਤਨਸ਼ੀਲ ਹੈ। ਇਸ ਮੌਕੇ ਟੋਰਾਂਟੋ ਵਿੱਚ ਬੈਰਿਸਟਰ ਤੇ ਸੌਲਿਸਿਟਰ ਜਨਰਲ ਹਿੰਮਤ ਸਿੰਘ ਸ਼ੇਰਗਿੱਲ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜੀਬੀਐੱਸ ਢਿੱਲੋਂ ਵੀ ਮੌਜੂਦ ਸਨ।

# ਲਾਰੈਂਸ ਗਰੋਹ ਦੇ ਚਾਰ ਸ਼ੂਟਰ ਅਸਲੇ ਸਣੇ ਕਾਬੂ

## *ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਵਿਰੋਧੀ ਗਰੋਹ 'ਤੇ ਹਮਲਾ ਕਰਨ ਦੀ ਸੀ ਸਾਜ਼ਿਸ਼: ਡੀਜੀਪੀ*



ਐਸਏਐਸ ਨਗਰ (ਮੁਹਾਲੀ) : ਪੰਜਾਬ ਪੁਲੀਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ਼) ਨੇ ਅੱਜ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੋਹ ਦੇ ਚਾਰ ਮੁੱਖ ਸ਼ੂਟਰਾਂ ਨੂੰ ਨਾਜਾਇਜ਼ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਮਹਿਫ਼ੂਜ਼ ਉਰਫ਼ ਵਿਸ਼ਾਲ ਖ਼ਾਨ ਵਾਸੀ ਸੈਦਪੁਰਾ ਡੇਰਾਬੱਸੀ, ਮਨਜੀਤ ਸਿੰਘ ਉਰਫ਼ ਗੁਰੀ ਵਾਸੀ ਖੇੜੀ ਗੁੱਜਰਾਂ ਡੇਰਾਬੱਸੀ, ਅੰਕਿਤ ਵਾਸੀ ਨਰੈਣਪੁਰ ਪੰਚਕੂਲਾ ਤੇ ਗੋਲਡੀ ਵਾਸੀ ਖੇੜੀ ਪੰਚਕੂਲਾ ਵਜੋਂ ਹੋਈ ਹੈ। ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਮੁਹਾਲੀ ਸਥਿਤ ਏਜੀਟੀਐਫ਼ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਮੁਲਜ਼ਮ ਲਾਰੈਂਸ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਵਿਰੋਧੀ ਗਰੋਹ ਦੇ ਮੈਂਬਰਾਂ 'ਤੇ ਹਮਲਾ ਕਰਨ ਦੀ ਸਾਜ਼ਿਸ਼ ਘੜ ਰਹੇ ਸਨ। ਏਡੀਜੀਪੀ ਪ੍ਰਮੋਦ ਬਾਨ ਨੇ ਦੱਸਿਆ ਕਿ ਮੁਲਜ਼ਮ ਮਹਿਫ਼ੂਜ਼ ਉਰਫ਼ ਵਿਸ਼ਾਲ ਛੇ ਪਿਸਤੌਲਾਂ ਦੀ ਬਰਾਮਦਗੀ ਦੇ ਇੱਕ ਕੇਸ ਵਿੱਚ ਲੋੜੀਂਦਾ ਸੀ। ਇਸ ਕੇਸ ਵਿੱਚ ਉਸ ਦੇ ਇੱਕ ਸਾਥੀ ਨਿਤੀਸ਼ ਰਾਣਾ ਨੂੰ ਢਕੋਲੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਤੇ ਵਿਸ਼ਾਲ ਉਸ ਸਮੇਂ ਮੌਕੇ ਤੋਂ ਫ਼ਰਾਰ ਹੋਣ ਵਿੱਚ ਸਫ਼ਲ ਰਿਹਾ ਸੀ। ਮੁਲਜ਼ਮ ਵਿਸ਼ਾਲ ਮਾਰਚ 2022 'ਚ ਮੁਹਾਲੀ ਸਥਿਤ ਇੱਕ ਪੱਬ ਐਂਡ ਰੈਸਟੋਰੈਂਟ ਬ੍ਰਿਊ ਬ੍ਰੋਸ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਵੀ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਨੇ ਜਬਰੀ ਪੈਸੇ ਵਸੂਲਣ ਲਈ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਗੋਲੀਬਾਰੀ ਕੀਤੀ ਸੀ।

**ਪਹਿਲਾਂ ਹੀ ਮੁਲਜ਼ਮਾਂ 'ਤੇ ਦਰਜ ਹਨ ਕਈ ਕੇਸ**

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ 6 ਪਿਸਤੌਲਾਂ ਸਮੇਤ 26 ਕਾਰਤੂਸ ਬਰਾਮਦ ਹੋਏ ਹਨ। ਉਨ੍ਹਾਂ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਏਡੀਜੀਪੀ ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏਆਈਜੀ ਸੰਦੀਪ ਗੋਇਲ ਦੀ ਅਗਵਾਈ ਵਾਲੀ ਟੀਮ ਨੇ ਉਕਤ ਚਾਰ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਮੁਲਜ਼ਮ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਵਿਰੋਧੀ ਗੈਂਗ ਦੇ ਮੈਂਬਰਾਂ 'ਤੇ ਹਮਲਾ ਕਰਨ ਦੀ ਸਾਜ਼ਿਸ਼ ਘੜ ਰਹੇ ਸਨ। ਉਪਰੋਕਤ ਚਾਰੇ ਮੁਲਜ਼ਮ ਪੁਰਾਣੇ ਅਪਰਾਧਕ ਪਿਛੋਕੜ ਵਾਲੇ ਹਨ ਤੇ ਪੰਜਾਬ ਸਮੇਤ ਹਰਿਆਣਾ ਅਤੇ ਹੋਰ ਗੁਆਂਢੀ ਰਾਜਾਂ ਵਿੱਚ ਇਰਾਦਾ-ਏ-ਕਤਲ, ਲਗਜ਼ਰੀ ਕਾਰਾਂ ਖੋਹਣ, ਜਬਰਨ ਵਸੂਲੀ, ਅਸਲਾ ਐਕਟ ਅਤੇ ਹੋਰ ਗੰਭੀਰ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।

## *ਸਕਾਟਲੈਂਡ ਬਣਿਆ ਵਿਦਿਆਰਥੀਆਂ ਦੀ ਪਹਿਲੀ ਪਸੰਦ*

# ਅਰਥਵਿਵਵਸਥਾ 'ਚ ਲਗਭਗ 5 ਬਿਲੀਅਨ ਪੌਂਡ ਦਾ ਵਾਧਾ



ਗਲਾਸਗੋ : ਵਿਦੇਸ਼ਾਂ 'ਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਦੇ ਪਸੰਦੀਦਾ ਸਥਾਨਾਂ ਵਿੱਚ ਸਕਾਟਲੈਂਡ ਦਾ ਨਾਂ ਵੀ ਸ਼ੁਮਾਰ ਹੋਇਆ ਹੈ। ਸਕਾਟਲੈਂਡ ਦੀਆਂ ਯੂਨੀਵਰਸਿਟੀਆਂ ਵਿੱਚ ਪਹਿਲੇ ਸਾਲ ਦੇ ਇੱਕ ਤਿਹਾਈ ਤੋਂ ਵੱਧ ਅੰਡਰਗਰੈਜੂਏਟ ਵਿਦੇਸ਼ਾਂ ਤੋਂ ਹਨ। ਇੱਕ ਅਧਿਐਨ ਵਿੱਚ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਕਰਨ ਆਉਣ ਦੇ ਨਾਲ-ਨਾਲ ਅਰਥਵਿਵਸਥਾ ਲਈ ਬਿਲੀਅਨਾਂ ਪੌਂਡ ਲਿਆ ਰਹੇ ਹਨ। 2021-22 ਅਕਾਦਮਿਕ ਸਾਲ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਅਥਾਹ ਵਾਧਾ ਹੋਇਆ ਹੈ। ਗਲਾਸਗੋ, ਐਡਿਨਬਰਾ, ਐਬਰਡੀਨ ਅਤੇ ਡੰਡੀ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨਾਲ ਸਕਾਟਿਸ਼ ਅਰਥਵਿਵਸਥਾ ਵਿੱਚ £4.75 (ਪੌਣੇ ਪੰਜ) ਬਿਲੀਅਨ ਪੌਂਡ ਦਾ ਵਾਧਾ ਹੋਇਆ ਹੈ।

ਯੂਨੀਵਰਸਿਟੀਜ਼ ਯੂਕੇ ਇੰਟਰਨੈਸ਼ਨਲ, ਹਾਇਰ ਐਜੂਕੇਸ਼ਨ ਪਾਲਿਸੀ ਇੰਸਟੀਚਿਊਟ ਅਤੇ ਕੈਪਲਨ ਇੰਟਰਨੈਸ਼ਨਲ ਦੁਆਰਾ ਲੰਡਨ ਇਕਨਾਮਿਕਸ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਅਕਾਦਮਿਕ ਸਾਲ ਵਿੱਚ ਸਕਾਟਲੈਂਡ ਵਿੱਚ 44,085 ਪਹਿਲੇ ਸਾਲ ਦੇ ਅੰਤਰਰਾਸ਼ਟਰੀ ਵਿਦਿਆਰਥੀ ਸਨ, ਜਿਸਦਾ ਮਤਲਬ ਹੈ ਕਿ 2021-22 ਦੇ ਦਾਖਲੇ ਵਿੱਚੋਂ 34 ਫੀਸਦੀ ਵਿਦੇਸ਼ੀ ਵਿਦਿਆਰਥੀ ਸਨ। ਜਦਕਿ 2018-19 ਦੇ ਸਾਲ ਦੌਰਾਨ ਇਹ ਅੰਕੜਾ 29730 ਸੀ। ਯੂਕੇ ਦੀ ਔਸਤ 2021-22 ਵਿੱਚ ਵਿਦੇਸ਼ਾਂ ਤੋਂ ਆਏ ਪਹਿਲੇ ਸਾਲ ਦੇ ਵਿਦਿਆਰਥੀਆਂ ਦਾ 30 ਪ੍ਰਤੀਸ਼ਤ ਹੈ, ਪਰ ਲੰਡਨ ਵਿੱਚ ਇਹ 40 ਪ੍ਰਤੀਸ਼ਤ ਸੀ ਅਤੇ ਉੱਤਰੀ ਆਇਰਲੈਂਡ ਵਿੱਚ 36 ਪ੍ਰਤੀਸ਼ਤ ਨਵੇਂ ਅੰਡਰਗਰੈਜੂਏਟ ਅੰਤਰਰਾਸ਼ਟਰੀ ਸਨ। 89 ਸਫਿਆਂ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ। ਸਕਾਟਲੈਂਡ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਅਨੁਪਾਤ ਆਪਣੇ ਆਪ ਵਿੱਚ ਹੈਰਾਨ ਕਰਨ ਵਾਲਾ ਵੀ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਫੀਸਾਂ ਜ਼ਰੀਏ ਘਰੇਲੂ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਹੋਰ ਵਧੇਰੇ ਸਹੂਲਤਾਂ ਮੁਹੱਈਆ ਕਰਵਾਉਣ ਦੇ ਵਸੀਲੇ ਪੈਦਾ ਹੋਣਗੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂਕੇ ਦੇ 59 ਸੰਸਦੀ ਹਲਕਿਆਂ ਵਿੱਚੋਂ ਹਰ ਇੱਕ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਕਾਰਨ £71 ਮਿਲੀਅਨ ਪੌਂਡ ਜਾਂ ਪ੍ਰਤੀ ਵਿਦਿਆਰਥੀ ਲਗਭਗ £750 ਪੌਂਡ ਦਾ ਫ਼ਾਇਦਾ ਹੋਇਆ ਹੈ। ਰਿਪੋਰਟ ਵਿੱਚ ਸਕਾਟਲੈਂਡ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਗਲਾਸਗੋ ਸੈਂਟਰਲ, ਐਡਿਨਬਰਾ ਈਸਟ, ਏਬਰਡੀਨ ਉੱਤਰੀ, ਗਲਾਸਗੋ ਉੱਤਰੀ ਅਤੇ ਡੰਡੀ ਵੈਸਟ ਵਿੱਚ ਰਹਿਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਸਭ ਤੋਂ ਵੱਡਾ ਵਿੱਤੀ ਯੋਗਦਾਨ ਪਾ ਰਹੇ ਹਨ।

ਇਕੱਲੇ ਗਲਾਸਗੋ ਸੈਂਟਰਲ ਦੀ ਗੱਲ ਕਰੀਏ ਤਾਂ 2021-22 ਦੇ ਪੜ੍ਹਨ ਆਏ ਗਰੁੱਪ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਿੱਤੀ ਲਾਭ ਨੇ ਲਗਭਗ £292 ਮਿਲੀਅਨ ਪੌਂਡ ਦਾ ਯੋਗਦਾਨ ਪਾਇਆ ਹੈ। ਇਹ ਰਾਸ਼ੀ ਇਸ ਖੇਤਰ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਵੱਲੋਂ ਔਸਤਨ ਪਾਏ ਜਾਣ ਵਾਲੇ £2,720 ਦੇ ਯੋਗਦਾਨ ਦੇ ਬਰਾਬਰ ਹੈ। ਰਿਪੋਰਟ ਦੇ ਲੇਖਕਾਂ ਨੇ ਕਿਹਾ ਕਿ ਹਰ ਨੌਂ ਯੂਰਪੀ ਸੰਘ ਵਿਦਿਆਰਥੀ ਅਤੇ ਹਰ 11 ਗੈਰ ਯੂਰਪੀਅਨ ਵਿਦਿਆਰਥੀਆਂ ਨੇ ਆਪਣੇ ਕੋਰਸਾਂ ਦੀ ਮਿਆਦ ਦੌਰਾਨ ਯੂਕੇ ਦੀ ਆਰਥਿਕਤਾ ਲਈ £1 ਮਿਲੀਅਨ ਪੌਂਡ ਦਾ ਸ਼ੁੱਧ ਆਰਥਿਕ ਯੋਗਦਾਨ ਪਾਇਆ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਸਿਰੋਂ ਆਰਥਿਕ ਵਿਕਾਸ ਦਰ ਦਾ ਉੱਪਰ ਵੱਲ ਜਾਣਾ ਕੋਈ ਲੁਕੀ ਛੁਪੀ ਗੱਲ ਨਹੀਂ ਹੈ। ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਲਈ ਸੱਦਣ ਵਾਲੇ ਮੁਲਕ ਸਿਰਫ ਫੀਸਾਂ, ਰਿਹਾਇਸ਼ ਜਾਂ ਖਾਣ ਪੀਣ ਦੀਆਂ ਵਸਤਾਂ ਜਰੀਏ ਹੀ ਉਹਨਾਂ ਦੀਆਂ ਜੇਬਾਂ 'ਚੋਂ ਮਾਇਆ ਨਹੀਂ ਕਢਵਾਉਂਦੇ, ਬਲਕਿ ਉਮਰ ਭਰ ਲਈ ਆਪਣੇ ਕਾਮੇ ਪੈਦਾ ਵੀ ਕਰਦੇ ਹਨ। ਬਹੁਤ ਥੋੜ੍ਹੇ ਵਿਦਿਆਰਥੀ ਹੁੰਦੇ ਹਨ ਜੋ ਵਾਪਸ ਆਪਣੇ ਮੁਲਕਾਂ ਨੂੰ ਪਰਤਦੇ ਹਨ, ਨਹੀਂ ਤਾਂ ਜ਼ਿਆਦਾਤਰ ਵਿਦਿਆਰਥੀ ਉਹਨਾਂ ਮੁਲਕਾਂ ਵਿੱਚ ਹੀ ਨੌਕਰੀਆਂ ਲੱਭ ਕੇ ਰਹਿਣ ਨੂੰ ਤਰਜੀਹ ਦਿੰਦੇ ਹਨ। ਨੌਕਰੀਆਂ 'ਤੇ ਲੱਗੇ ਸਿੱਖਿਅਤ ਕਾਮੇ (ਜੋ ਵਿਦਿਆਰਥੀ ਬਣ ਕੇ ਆਏ ਸਨ) ਰਿਟਾਇਰਮੈਂਟ ਤੱਕ ਕਮਾਊ ਨਾਗਰਿਕ ਬਣ ਕੇ ਟੈਕਸ ਰਾਹੀਂ ਉਸੇ ਮੁਲਕ ਦੀ ਅਰਥ ਵਿਵਸਥਾ ਨੂੰ ਕਾਇਮ ਰੱਖਣ ਵਿੱਚ ਲੱਗੇ ਰਹਿੰਦੇ ਹਨ।

# ਸੁਪਰੀਮ ਕੋਰਟ ਦੀ ਕਮੇਟੀ ਵੱਲੋਂ ਅਡਾਨੀ ਸਮੂਹ ਨੂੰ ਕਲੀਨ ਚਿੱਟ

## *ਵੱਖਰੀ ਜਾਂਚ ਵਿੱਚ ਮਾਰਕੀਟ ਰੈਗੂਲੇਟਰ 'ਸੇਬੀ' ਦੇ ਹੱਥ ਵੀ ਖਾਲੀ*




ਨਵੀਂ ਦਿੱਲੀ : ਸੁਪਰੀਮ ਕੋਰਟ ਵੱਲੋਂ ਗਠਿਤ ਮਾਹਿਰਾਂ ਦੀ ਕਮੇਟੀ ਨੇ ਅਰਬਪਤੀ ਕਾਰੋਬਾਰੀ ਗੌਤਮ ਅਡਾਨੀ ਨੂੰ ਕਲੀਟ ਚਿੱਟ ਦੇ ਦਿੱਤੀ ਹੈ। ਕਮੇਟੀ ਨੇ ਕਾਰੋਬਾਰੀ ਨੂੰ ਵੱਡੀ ਰਾਹਤ ਦਿੰਦਿਆਂ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਕਿ ਉਸ ਨੂੰ ਅਡਾਨੀ ਸਮੂਹ ਦੀਆਂ ਕੰਪਨੀਆਂ 'ਤੇ ਸ਼ੇਅਰਾਂ ਦੀ ਹੇਰਾਫੇਰੀ ਨੂੰ ਲੈ ਕੇ ਦੋਸ਼ਾਂ ਬਾਰੇ ਕੋਈ ਸਬੂਤ ਨਹੀਂ ਮਿਲਿਆ ਤੇ ਕਾਰੋਬਾਰੀ ਨੇ ਪ੍ਰਚੂਨ ਨਿਵੇਸ਼ਕਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਸਾਡੇ ਜ਼ਰੂਰੀ ਕਦਮ ਚੁੱਕੇ। ਉਧਰ ਵਿਦੇਸ਼ੀ ਐਂਟਿਟੀਜ਼ ਤੋਂ ਫੰਡਾਂ ਦੇ ਲੈਣ-ਦੇਣ ਦੀ ਕਥਿਤ ਉਲੰਘਣਾ ਦੀ ਵੱਖਰੀ ਜਾਂਚ 'ਚ ਸੇਬੀ ਦੇ ਹੱਥ-ਪੱਲੇ ਕੁਝ ਨਹੀਂ ਲੱਗਿਆ। ਛੇ ਮੈਂਬਰੀ ਟੀਮ ਨੇ ਹਾਲਾਂਕਿ ਕਿਹਾ ਕਿ ਅਮਰੀਕਾ ਦੀ ਵਿੱਤੀ ਖੋਜ ਤੇ ਨਿਵੇਸ਼ ਕੰਪਨੀ ਹਿੰਡਨਬਰਗ ਰਿਸਰਚ ਦੀ ਰਿਪੋਰਟ ਤੋਂ ਪਹਿਲਾਂ ਅਡਾਨੀ ਸਮੂਹ ਦੇ ਸ਼ੇਅਰਾਂ 'ਚ ਸ਼ਾਰਟ ਪੁਜੀਸ਼ਨ ਬਣਾਉਣ ਦਾ ਇੱਕ ਸਬੂਤ ਸੀ ਅਤੇ ਹਿੰਡਨਬਰਗ ਰਿਪੋਰਟ ਨਸ਼ਰ ਹੋਣ ਮਗਰੋਂ ਭਾਅ ਡਿੱਗਣ 'ਤੇ ਇਨ੍ਹਾਂ ਸੌਦਿਆਂ 'ਚ ਮੁਨਾਫਾ ਦਰਜ ਕੀਤਾ ਗਿਆ। ਕਮੇਟੀ ਨੇ ਸੁਪਰੀਮ ਕੋਰਟ ਨੂੰ ਸੌਂਪੀ ਰਿਪੋਰਟ 'ਚ ਕਿਹਾ, "ਅਜਿਹੇ 'ਚ ਅੰਕੜਿਆਂ ਦੇ ਆਧਾਰ 'ਤੇ ਸੇਬੀ ਦੇ ਸਪੱਸ਼ਟੀਕਰਨ ਨੂੰ ਧਿਆਨ 'ਚ ਰਖਦਿਆਂ ਕਮੇਟੀ ਲਈ ਇਹ ਨਤੀਜਾ ਕੱਢਣਾ ਸੰਭਵ ਨਹੀਂ ਹੋਵੇਗਾ ਕਿ ਕੀਮਤਾਂ 'ਚ ਹੇਰਾਫੇਰੀ ਦੇ ਦੋਸ਼ਾਂ 'ਚ ਕਿਸੇ ਤਰ੍ਹਾਂ ਦੀ ਰੈਗੂਲੇਟਰੀ ਨਾਕਾਮੀ ਰਹੀ ਹੈ।' ਰਿਪੋਰਟ 'ਚ ਅੱਗੇ ਕਿਹਾ ਗਿਆ ਕਿ ਇਕ ਅਸਰਦਾਰ ਐਨਫੋਰਸਮੈਂਟ ਨੀਤੀ ਦੀ ਲੋੜ ਹੈ, ਜੋ ਸੇਬੀ ਦੀ ਕਾਨੂੰਨੀ ਸਥਿਤੀ ਮੁਤਾਬਕ ਹੋਵੇ। ਕਮੇਟੀ ਨੇ ਕਿਹਾ, "ਅਸੀਂ ਇਹ ਨਹੀਂ ਕਹਿ ਸਕਦੇ ਕਿ ਘੱਟੋ ਘੱਟ ਜਨਤਕ ਸ਼ੇਅਰ ਧਾਰਨ ਕਰਨ ਦੇ ਨਿਯਮਾਂ ਨੂੰ ਲੈ ਕੇ ਸੇਬੀ ਨਾਕਾਮ ਰਹੀ ਹੈ।" ਚੇਤੇ ਰਹੇ ਕਿ ਸੇਬੀ ਵੱਲੋਂ ਅਡਾਨੀ ਸਮੂਹ ਖ਼ਿਲਾਫ਼ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਸੀ ਜਦੋਂਕਿ ਉਸ ਦੇ ਬਰਾਬਰ ਸੁਪਰੀਮ ਕੋਰਟ ਨੇ ਜਾਂਚ ਲਈ ਵੱਖਰੀ ਕਮੇਟੀ ਨਿਯੁਕਤ ਕੀਤੀ ਸੀ। ਹਿੰਡਨਬਰਗ ਦੇ ਦੋਸ਼ਾਂ ਮਗਰੋਂ ਅਡਾਨੀ ਸਮੂਹ ਦੇ ਸ਼ੇਅਰਾਂ 'ਚ ਭਾਰੀ ਗਿਰਾਵਟ ਵੇਖਣ ਨੂੰ ਮਿਲੀ ਸੀ। ਹਾਲਾਂਕਿ ਅਡਾਨੀ ਸਮੂਹ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਸੀ। ਵਿਸ਼ੇਸ਼ ਕਮੇਟੀ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਏਐੱਮ ਸਪਰੇ ਨੇ ਕੀਤੀ ਤੇ ਕਮੇਟੀ ਵਿੱਚ ਓਪੀ ਭੱਟ, ਕੇਵੀ ਕਾਮਤ, ਨੰਦਨ ਨੀਲਕੇਨੀ ਤੇ ਸੋਮਸ਼ੇਖਰ ਸੁੰਦਰੇਸ਼ਨ ਵੀ ਸ਼ਾਮਲ ਸਨ। ਕਮੇਟੀ ਨੇ 173 ਸਫਿਆਂ ਦੀ ਆਪਣੀ ਰਿਪੋਰਟ 'ਚ ਕਿਹਾ, "ਅਡਾਨੀ ਦੀਆਂ ਸੂਚੀਬੱਧ ਕੰਪਨੀਆਂ 'ਚ ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ (ਐੱਫਪੀਆਈ) ਦੀ ਹਿੱਸੇਦਾਰੀ ਦੀ ਜਾਂਚ ਸੇਬੀ ਦੇ ਇਸ ਸ਼ੱਕ ਕਰ ਕੇ ਹੋਈ ਕਿ ਅਡਾਨੀ ਸਮੂਹ 'ਚ ਹਿੱਸੇਦਾਰੀ ਰੱਖਣ ਵਾਲੀਆਂ 13 ਵਿਦੇਸ਼ੀ ਸੰਸਥਾਵਾਂ ਦੀ ਮਾਲਕੀ ਦੀ ਆਖਰੀ ਲੜੀ ਸਪੱਸ਼ਟ ਨਹੀਂ ਸੀ।" ਸੇਬੀ ਨੂੰ 13 ਵਿਦੇਸ਼ੀ ਸੰਸਥਾਵਾਂ ਦੇ ਪ੍ਰਬੰਧਨ ਤਹਿਤ ਜਾਇਦਾਦ 'ਚ 42 ਯੋਗਦਾਨ ਪਾਉਣ ਵਾਲਿਆਂ ਦੀ ਗੱਲ ਪਤਾ ਲੱਗੀ ਹੈ ਅਤੇ ਇਸ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਰਿਪੋਰਟ ਅਨੁਸਾਰ, "ਸੇਬੀ ਨੂੰ ਲੰਮੇ ਸਮੇਂ ਤੋਂ ਸ਼ੱਕ ਰਿਹਾ ਹੈ ਕਿ ਕੁਝ ਜਨਤਕ ਸ਼ੇਅਰ ਧਾਰਕ ਅਸਲ ਵਿੱਚ ਜਨਤਕ ਸ਼ੇਅਰ ਧਾਰਕ ਨਹੀਂ ਹਨ ਅਤੇ ਇਨ੍ਹਾਂ ਕੰਪਨੀਆਂ ਉੱਤੇ ਐਨਫੋਰਸਮੈਂਟ ਦਾ ਮੁਖੌਟਾ ਹੋ ਸਕਦਾ ਹੈ।" ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਆਮਦਨ ਕਰ ਵਿਭਾਗ ਦੀ ਮਦਦ ਨਾਲ ਜਾਂਚ ਕਰਨ ਦੇ ਬਾਵਜੂਦ ਸੇਬੀ ਇਨ੍ਹਾਂ 13 ਸੰਸਥਾਵਾਂ ਦੀ ਆਖਰੀ ਮਾਲਕੀ ਤੈਅ ਨਹੀਂ ਕਰ ਸਕਿਆ। ਕਮੇਟੀ ਨੇ ਕਿਹਾ ਕਿ ਬਾਜ਼ਾਰ ਨੇ ਅਡਾਨੀ ਦੇ ਸ਼ੇਅਰਾਂ ਦਾ ਮੁੜ ਮੁਲਾਂਕਣ ਕੀਤਾ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਇਹ ਸ਼ੇਅਰ 24 ਜਨਵਰੀ ਤੋਂ ਪਹਿਲਾਂ ਵਾਲੇ ਪੱਧਰ 'ਤੇ ਨਹੀਂ ਮੁੜੇ ਪਰ ਨਵੇਂ ਪੱਧਰ 'ਤੇ ਸਥਿਰ ਹਨ। ਜ਼ਿਕਰਯੋਗ ਹੈ ਕਿ ਇਸ ਹਫ਼ਤੇ ਦੀ ਸ਼ੁਰੂਆਤ 'ਚ ਅਡਾਨੀ ਸਮੂਹ ਦੇ ਖ਼ਿਲਾਫ਼ ਦੋਸ਼ਾਂ ਦੀ ਜਾਂਚ ਪੂਰੀ ਕਰਨ ਲਈ ਸੁਪਰੀਮ ਕੋਰਟ ਨੇ ਸੇਬੀ ਨੂੰ 14 ਅਗਸਤ ਤੱਕ ਦਾ ਸਮਾਂ ਦਿੱਤਾ ਹੈ।

# ਐਕਯੂਪ੍ਰੈਸ਼ਰ ਦੇ ਚਮਤਕਾਰ

**ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ–ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:–**








ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ–ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ–ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ–ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

**ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ**






ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ–ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ–ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

## ਸਿੰਘ ਹੋਮਿਓਪੈਥੀ: Ph : 209 -505-1988

Call Only 9am to 6pm

We Accept All major Credit Cards

*Homeopathy Medicine Not FDA Approved*

Pad Advertisement

# ਗੁਰੂ ਘਰਾਂ 'ਚ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦਾ ਪਿੱਛਾ ਅੰਤਲੇ ਪੜਾ ਤੱਕ ਹੋਵੇ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ



ਅੰਮ੍ਰਿਤਸਰ : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਗ ਬੇਦੀ ਵੱਲੋਂ ਜਾਰੀ ਇਕ ਬਿਆਨ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਗੁਰਬਾਣੀ ਦੀਆਂ ਬੇਅਦਬੀ ਸਬੰਧੀ ਵਾਪਰ ਰਹੀਆਂ ਹਿਰਦੇਵੇਧਕ ਘਟਨਾਵਾਂ ਅਤਿ ਨਿੰਦਣਯੋਗ ਤੇ ਅਫਸ਼ੋਸਜਨਕ ਹਨ। ਉਨ੍ਹਾਂ ਸਮੂਹ ਬੁੱਢਾ ਦਲ ਅਤੇ ਤਰਨਾਦਲ ਦੇ ਗੁਰ ਅਸਥਾਨਾਂ ਦੇ ਸੇਵਾਦਾਰਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਭ ਗੁਰੂ ਘਰਾਂ ਦੀ ਸੁਰੱਖਿਆ ਲਾਜ਼ਮੀ ਤੇ ਸਰਧਾ ਪੂਰਵਕ ਚੇਤੰਨਤਾ ਨਾਲ ਨਿਭਾਈ ਜਾਵੇ। ਉਨ੍ਹਾਂ ਕਿਹਾ ਕਿ ਸਿੱਖਾਂ ਦੇ 'ਪ੍ਰਗਟਿ ਗੁਰਾ ਦੀ ਦੇਹਿ, ਗੁਰੂ ਗ੍ਰੰਥ ਸਾਹਿਬ ਜਾਂ ਗੁਰੂਘਰਾਂ 'ਚ ਗੁਰਬਾਣੀ ਦੀਆਂ ਬੇਅਦਬੀ ਘਟਨਾਵਾਂ ਨੂੰ ਠੱਲ੍ਹ ਕਿਉਂ ਨਹੀਂ ਪੈ ਰਹੀ। ਹਾਲਾਂਕਿ ਪਟਿਆਲੇ 'ਚ ਬੇਅਦਬੀ ਦੀ ਘਟਨਾ ਨੂੰ ਅੰਜ਼ਾਮ ਦੇਣ ਦਾ ਸਿੱਟਾ ਕੀ ਨਿਕਲਿਆ, ਉਸਦਾ ਸਾਰਿਆਂ ਨੂੰ ਪਤਾ ਹੈ। ਉਨ੍ਹਾਂ ਕਿਹਾ ਪ੍ਰੰਤੂ ਅਗਲੇ ਹੀ ਦਿਨ ਇਹ ਘਟਨਾ ਨੇੜਲੇ ਸ਼ਹਿਰ ਰਾਜਪੁਰਾ ਤੇ ਫਿਰ ਉਵੇਂ ਹੀ ਗੁ: ਹੱਟ ਸਾਹਿਬ ਸੁਲਤਾਨਪੁਰ ਲੋਧੀ ਜਿਲ੍ਹਾ ਕਪੂਰਥਲਾ'ਚ ਵਾਪਰੀ ਹੈ। ਭਾਵੇਂ ਦੋਵੇਂ ਦੋਸ਼ੀਆਂ ਨੂੰ ਕਿਸੇ ਅਤਿ ਮੰਦਭਾਗੀ ਘਟਨਾ ਤੋਂ ਪਹਿਲਾ ਹੀ ਕਾਬੂ ਕਰ ਲਿਆ ਗਿਆ ਹੈ, ਪ੍ਰੰਤੂ ਕਾਬੂ ਆਉਣ ਤੇ ਹੈਰਾਨਗੀ ਵਾਲੀ ਗੱਲ ਹੈ ਕਿ ਘਰ ਵਾਲੇ ਤੁਰੰਤ ਅੱਗੇ ਆ ਜਾਂਦੇ ਹਨ, ਕਿ ਇਹ ਤਾਂ ਮਾਨਸਿਕ ਰੋਗੀ ਹੈ। ਉਨ੍ਹਾਂ ਅਫਸੋਸ ਤੇ ਚਿੰਤਾ ਜ਼ਾਹਿਰ ਕਰਦਿਆ ਕਿਹਾ 1 ਜੂਨ 2015 ਤੋਂ ਬਾਅਦ 175 ਦੇ ਕਰੀਬ ਬੇਅਦਬੀ ਦੀਆਂ ਘਟਨਾਵਾਂ ਹੋ ਚੁੱਕੀਆਂ ਹਨ, ਪ੍ਰੰਤੂ ਫੜੇ ਗਏ ਮਾਨਸਿਕ ਰੋਗੀਆਂ ਬਾਰੇ ਪੁਲਿਸ ਤੰਤਰ ਨੇ ਕੀ ਸਿੱਟਾ ਕੱਢਿਆ। ਉਨ੍ਹਾਂ ਕਿਹਾ ਸੱਚ ਤੇ ਕੂੜ ਦੀ ਜੰਗ ਭਾਵੇਂ ਰਹਿੰਦੀ ਦੁਨੀਆ ਤੱਕ ਰਹਿਣੀ ਹੈ। ਇਨ੍ਹਾਂ ਨੂੰ ਠੱਲ੍ਹ ਉਦੋਂ ਪੈਣੀ ਹੈ, ਜਦੋਂ ਅਸਲ ਸਾਜਿਸ਼ ਕਰਤਾ ਤੇ ਉਸਦੇ ਮਿਸ਼ਨ ਦਾ ਪਤਾ ਲਗਾਉਣ ਵਿਚ ਸਿੱਖ ਸਫਲ ਹੋ ਜਾਣਗੇ। ਉਨ੍ਹਾਂ ਕਿਹਾ ਇਸ ਲਈ ਜਿਹੜਾ ਦੋਸ਼ੀ ਫੜਿਆ ਜਾਂਦਾ ਹੈ, ਉਸ ਦੋਸ਼ੀ ਦਾ ਅੰਤਲੇ ਪੜਾਅ ਤੱਕ ਪਿੱਛਾ ਕੀਤਾ ਜਾਣਾ ਲਾਜ਼ਮੀ ਹੈ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਨੇ ਬੇਅਦਬੀ ਸਬੰਧੀ ਵਾਪਰ ਰਹੀਆਂ ਘਟਨਾਵਾਂ ਨੂੰ ਠੱਲਣ ਲਈ ਸਭ ਸਿੰਘਾਂ ਨੂੰ ਲਾਮਬੰਦ ਹੋਣ ਲਈ ਕਿਹਾ ਹੈ।

# ਬੁੱਢਾ ਦਲ ਦੇ ਚੌਥੇ ਮੁੱਖੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ 305 ਵਾਂ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁੱਖੀ ਰਹੇ ਯੁਧਵੀਰ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ 305 ਵਾਂ ਜਨਮ ਦਿਹਾੜਾ ਬੁੱਢਾ ਦਲ ਦੇ 14 ਵੇਂ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਬੁੱਢਾ ਦਲ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪੂਰਨ ਸਰਧਾ ਸਤਿਕਾਰ ਸਹਿਤ ਅਤੇ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ।

ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਬੰਦੀ ਛੋੜ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਫਾਉਡੇਸ਼ਨ ਦੇ ਪ੍ਰਧਾਨ ਸ. ਹਰਪਾਲ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਮੁੱਚੀ ਫੈਡਰੇਸ਼ਨ ਤੇ ਸ਼ਹਿਰੀ ਸੰਗਤ ਨੇ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕਰਕੇ ਮੂਲ ਮੰਤਰ ਸਿਮਰਨ ਕੀਤਾ। ਅਰਦਾਸ ਬੁੱਢਾ ਦਲ ਦੇ ਮੁੱਖ ਪ੍ਰਚਾਰਕ ਭਾਈ ਸੁਖਜੀਤ ਸਿੰਘ ਕਨੱਈਆ ਨੇ ਕੀਤੀ। ਉਪਰੰਤ ਬਾਬਾ ਜੱਸਾ ਸਿੰਘ ਆਹਲੂਵਾਲੀਆ ਚੌਂਕ ਵਿਖੇ ਆਹਲੂਵਾਲੀਆ ਦੇ ਲੱਗੇ ਬੁੱਤ ਤੇ ਫੁੱਲਾਂ ਦੇ ਹਾਰ ਪਾ ਕੇ ਖਾਲਸਾਈ ਜੈਕਾਰੇ ਗੁੰਜਾਏ ਗਏ। ਇਸ ਮੌਕੇ ਵਿਸ਼ੇਸ਼ ਤੌਰ ਤੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਬੁੱਢਾ ਦਲ ਦੇ ਚੌਥੇ ਮੁੱਖੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਪਰਮਵੀਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਗੁਰੂ ਘਰ ਵਿੱਚ ਪਾਲਣ ਪੋਸ਼ਣ ਹੋਇਆ। ਹਰ ਤਰ੍ਹਾਂ ਦੀ ਸਿੱਖਿਆ ਉਸ ਨੇ ਮਾਤਾ ਸੁੰਦਰੀ ਜੀ ਤੋਂ ਗ੍ਰਹਿਣ ਕੀਤੀ ਅਤੇ ਸਿੱਖ ਕੌਮ ਦਾ ਮਹਾਨ ਯੋਧਾ ਬਣ ਕੇ ਉਸ ਸਮੇਂ ਅਗਵਾਈ ਕੀਤੀ।

ਇਸ ਮੌਕੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਮੁੱਖੀ ਬੁੱਢਾ ਦਲ ਵੱਲੋਂ ਉਨ੍ਹਾਂ ਦੇ ਜਨਮ ਦਿਨ ਤੇ ਸਮੂੰਹ ਸੰਗਤਾਂ ਨੂੰ ਵਧਾਈ ਦਿਤੀ ਤੇ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਦੀ ਅਪੀਲ ਵੀ ਕੀਤੀ ਹੈ। ਸ. ਹਰਪਾਲ ਸਿੰਘ ਆਹਲੂਵਾਲੀਆ, ਸ. ਹਰਪ੍ਰੀਤ ਸਿਮਘ ਆਹਲੂਵਾਲੀਆ ਨੇ ਸਾਂਝੇ ਤੌਰ ਤੇ ਕਿਹਾ ਕਿ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ 305 ਵਾਂ ਜਨਮ ਦਿਹਾੜਾ ਬੁੱਢਾ ਦਲ ਦੀ ਅਗਵਾਈ ਵਿੱਚ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਫੈਡਰੇਸ਼ਨ ਵੱਲੋਂ ਮਨਾਇਆ ਗਿਆ ਹੈ। ਜਿਸ ਕੌਮ ਵਿੱਚ ਅਜਿਹੇ ਸ਼ਾਨਦਾਰ ਮਾਣਮਤੇ ਯੋਧੇ ਸੂਰਬੀਰ ਹੋਏ ਹੋਣ ਉਨ੍ਹਾਂ ਦਾ ਇਤਿਹਾਸ ਹਮੇਸ਼ਾ ਸ਼ਾਨਾਮੱਤਾ ਹੁੰਦਾ ਹੈ। ਸ. ਮਨਮੋਹਨ ਸਿੰਘ ਆਹਲੂਵਾਲੀਆ ਵੱਲੋਂ ਠੰਡੀ ਮਿੱਠੀ ਲੱਸੀ ਦੀ ਛਬੀਲ ਵੀ ਲਗਾਈ ਗਈ।

ਇਸ ਮੌਕੇ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਸ. ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਸ. ਨਵਦੀਪ ਸਿੰਘ ਜਿੰਮੀਂ ਆਹਲੂਵਾਲੀਆ, ਸ. ਰਾਜਿੰਦਰ ਸਿੰਘ ਮਰਵਾਹ ਸ਼ਹਿਰੀ ਪ੍ਰਧਾਨ ਮੰਤਰੀ, ਸ. ਗੁਰਪ੍ਰਤਾਪ ਸਿੰਘ ਟਿੱਕਾ ਸ਼ਹਿਰੀ ਪ੍ਰਧਾਨ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਪਰਮਜੀਤ ਸਿੰਘ ਬਾਜਵਾ, ਸ. ਨਰਿੰਦਰ ਸਿੰਘ ਧੰਜਲ, ਸ. ਅਮਰਬੀਰ ਸਿੰਘ ਢੋਟ ਫੈਡਰੇਸ਼ਨ ਆਗੂ, ਸ. ਜਗਦੀਸ਼ ਸਿੰਘ ਵਡਾਲਾ, ਸ. ਮਧੂਪਾਲ ਸਿੰਘ ਗੋਗਾ, ਸ. ਰਣਜੀਤ ਸਿੰਘ ਦੋਸਾਂਝ, ਸ. ਹਰਿੰਦਰ ਸਿੰਘ ਸ਼ਹਿ, ਸ. ਸੁਖਪਾਲ ਸਿੰਘ ਬਾਜਵਾ, ਪਿ ?ਰੰਸ ਸੋਢੀ, ਸ. ਹਰਪ੍ਰੀਤ ਸਿੰਘ ਸੋਢੀ, ਸ. ਬਲਜੀਤ ਸਿੰਘ ਆਹਲੂਵਾਲੀਆ, ਇੰਜਿਨਰ ਸ. ਨਰਿੰਦਰਪਾਲ ਸਿੰਘ ਆਹਲੂਵਾਲੀਆ, ਸ. ਮਨਦੀਪ ਸਿੰਘ ਲੱਕੀ, ਐਡਵੋਕੇਟ ਪੀ. ਐਸ. ਤੇਗ, ਐਸ.ਐਸ ਤੇਗ, ਸ. ਕੋਮਲਪ੍ਰੀਤ ਸਿੰਘ ਰੋਜ਼ਾ, ਸ. ਜਤਿੰਦਰ ਸਿੰਘ ਵਾਲੀਆ, ਸ. ਪ੍ਰਭਜੋਤ ਸਿੰਘ ਆਹਲੂਵਾਲੀਆ, ਸ. ਅਮਰਜੀਤ ਸਿੰਘ, ਸ. ਸਿਮਰਨਜੀਤ ਸਿੰਘ ਆਹਲੂਵਾਲੀਆ, ਬਾਬਾ ਭਗਤ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਗੁਰਲਾਲ ਸਿੰਘ ਆਦਿ ਹਾਜ਼ਰ ਸਨ।

# ਸੀਬੀਆਈ ਵੱਲੋਂ 1984 ਕਤਲੇਆਮ ਮਾਮਲੇ 'ਚ ਸ਼ਾਮਲ ਜਗਦੀਸ਼ ਟਾਈਟਲਰ ਖਿਲਾਫ਼ ਚਾਰਜਸ਼ੀਟ ਪੇਸ਼ ਕਰਨਾ ਸਵਾਗਤ ਫੈਸਲਾ

## *ਸਿੱਖ ਵਿਰੋਧੀ ਦੰਗਿਆਂ 'ਚ ਸ਼ਾਮਲ ਜਗਦੀਸ਼ ਟਾਈਟਲਰ ਹੁਣ ਆਇਆ ਸ਼ਿਕੰਜੇ 'ਚ: ਜਥੇਦਾਰ ਬਾਬਾ ਬਲਬੀਰ ਸਿੰਘ*



ਅੰਮ੍ਰਿਤਸਰ : 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਸ਼ਾਮਲ ਕਾਂਗਰਸ ਦੇ ਸੀਨੀਅਰ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਸੀਬੀਆਈ ਵੱਲੋਂ ਚਾਰਜਸ਼ੀਟ ਪੇਸ਼ ਕੀਤੇ ਜਾਣ ਦਾ ਸ਼ੋ ?ਮਣੀ ਪੰਥ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਫੈਸਲੇ ਨੂੰ ਸਵਾਗਤਯੋਗ ਕਰਾਰ ਦਿੰਦਿਆਂ ਕਿਹਾ ਕਿ ਹੁਣ ਕਾਨੂੰਨ ਨੂੰ ਸਜ਼ਾ ਸੁਣਾਉਣ ਦਾ ਕੰਮ ਵੀ ਜਲਦ ਕਰ ਦੇਣਾ ਚਾਹੀਦਾ ਹੈ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਬਿਆਨ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਜਗਦੀਸ਼ ਟਾਈਟਲਰ ਖਿਲਾਫ਼ ਨਾਨਾਵਤੀ ਕਮਿਸ਼ਨ ਤਹਿਤ 2015 ਵਿਚ ਮਾਮਲਾ ਦਰਜ ਕੀਤਾ ਗਿਆ, ਪ੍ਰੰਤੂ ਕਿਵੇਂ ਨਾ ਕਿਵੇਂ ਦੇਸ਼ ਵਿਚ ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਦੀ ਹਕੂਮਤ ਨੇ ਹਮੇਸ਼ਾ ਸਿੱਖ ਕਤਲੇਆਮ ਵਿਚ ਸ਼ਾਮਲ ਰਹੇ ਜਗਦੀਸ਼ ਟਾਈਟਲਰ ਨੂੰ ਬਚਾਉਣ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਉਲਟ ਕਾਂਗਰਸ ਨੇ ਹਮੇਸ਼ਾ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਭੁਕਣ ਦਾ ਕੰਮ ਕੀਤਾ ਹੈ ਜਗਦੀਸ਼ ਟਾਈਟਲਰ ਨੂੰ ਕਦੇ ਮੰਤਰੀ ਪਦ 'ਤੇ ਬਿਠਾਇਆ ਅਤੇ ਕਦੇ ਚੋਣਾਂ ਦੌਰਾਨ ਸਟਾਰ ਕੰਪੇਨਰ ਵੀ ਬਣਾਇਆ ਗਿਆ, ਜਿਸ ਨਾਲ ਕਾਂਗਰਸ ਦਾ ਸਿੱਖ ਵਿਰੋਧੀ ਚਿਹਰਾ ਵੀ ਬੇਨਕਾਬ ਹੁੰਦਾ ਗਿਆ। ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ 40 ਸਾਲਾਂ ਤੱਕ ਸਿੱਖ ਦੰਗਿਆਂ ਦਾ ਸ਼ਿਕਾਰ ਪੀੜਤ ਪਰਿਵਾਰ ਨੇ ਜਗਦੀਸ਼ ਟਾਈਟਲਰ ਨੂੰ ਸਜ਼ਾ ਦਿਵਾਉਣ ਲਈ ਲੰਮੀ ਜੱਦੋ ਜਹਿਦ ਕੀਤੀ ਅਤੇ ਇਨਸਾਫ ਲੈਣ ਲਈ ਅਦਾਲਤਾਂ ਦੇ ਦਰਵਾਜ਼ੇ ਖੜਕਾਏ ਅਤੇ ਸਰਕਾਰਾਂ ਤੋਂ ਇਨਸਾਫ ਮੰਗਿਆ, ਪ੍ਰੰਤੂ ਕਾਂਗਰਸ ਪਾਰਟੀ ਵੱਲੋਂ ਹਮੇਸ਼ਾ ਹੀ ਜਗਦੀਸ਼ ਨੂੰ ਟਾਈਟਲਰ ਨੂੰ ਬਚਾਉਣ ਲਈ ਕਦੇ ਫਾਈਲਾਂ ਵਿਚ ਮਾਮਲਾ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤੇ ਉਸ ਨੂੰ ਹਮੇਸ਼ਾਂ ਕਲੀਨ ਚਿੱਟ ਦਿੱਤੀ ਅਤੇ ਗਈ। ਉਨ੍ਹਾਂ ਕਿਹਾ ਕਿ ਜਗਦੀਸ਼ ਟਾਈਟਲਰ ਖਿਲਾਫ਼ ਸੀਬੀਆਈ ਵੱਲੋਂ ਪੇਸ਼ ਕੀਤੀ ਚਾਰਜਸ਼ੀਟ ਨੇ ਪੀੜਤ ਪਰਿਵਾਰਾਂ ਦੇ ਦਰਦ ਨੂੰ ਘੱਟ ਕਰਨ ਦਾ ਕੰਮ ਕੀਤਾ ਅਤੇ ਆਸ ਬੱਝ ਗਈ ਹੈ ਕਿ ਕਾਨੂੰਨ ਅਨੁਸਾਰ ਜਗਦੀਸ਼ ਟਾਈਟਲਰ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

# ਬਾਬਾ ਕੁਲਦੀਪ ਸਿੰਘ ਮਾਣਕ ਦੀ ਦਸਤਾਰ ਬੰਦੀ ਮੌਕੇ ਕੋਈ ਅਣਸੁਖਾਵੀ ਘਟਨਾ ਨਹੀਂ ਵਾਪਰੀ



ਤਰਨਤਾਰਨ : ਨਿਹੰਗ ਸਿੰਘਾਂ ਦੀ ਤਰਨਾ ਦਲ ਨਾਮੀ ਜਥੇਬੰਦੀ ਝਾੜ ਸਾਹਿਬ ਦੇ ਮੁਖੀ ਜਥੇਦਾਰ ਬਾਬਾ ਤਾਰਾ ਸਿੰਘ ਦੇ ਦੁਸਹਿਰੇ ਮੌਕੇ ਉਪਰੰਤ ਉਨ੍ਹਾਂ ਦੇ ਉਤਰਾਧਿਕਾਰੀ ਬਾਬਾ ਕੁਲਦੀਪ ਸਿੰਘ ਮਾਣਕ ਦੀ ਦਸਤਾਰ ਬੰਦੀ ਸਮੇਂ ਸਟੇਜ ਬੈਠ ਜਾਣ ਕਾਰਨ ਸੰਗਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਦਲਾਂ ਦੇ ਮੁਖੀ ਜਥੇਦਾਰਾਂ ਬਾਰੇ ਤੌਖਲੇ ਪਾਏ ਜਾ ਰਹੇ ਹਨ ਅਤੇ ਹਾਲਚਾਲ ਜਾਨਣ ਲਈ ਲਗਾਤਾਰ ਫੋਨ ਸੁਨੇਹੇ ਆ ਰਹੇ ਹਨ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਪੁਰਖ ਦੇ ਬਖਸ਼ਿਸ਼ ਸਦਕਾ ਸਟੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਬਿਲਕੁਲ ਹਿਲਜੁਲ ਨਹੀਂ ਹੋਈ। ਗੁਰੂ ਮਹਾਰਾਜ ਦੀ ਤਾਬਿਆ ਬੈਠੇ ਸਿੰਘ ਵੀ ਬਿਲਕੁਲ ਸੁਰੱਖਿਅਤ ਹੈ। ਉਨ੍ਹਾਂ ਦਸਿਆ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕੋਰੜੀ ਮੁਖੀ ਬੁੱਢਾ ਦਲ ਦੇ ਨਾਲ ਬਾਕੀ ਦਲਾਂ ਦੇ ਮੁਖੀ ਵੀ ਸਟੇਜ ਤੇ ਸ਼ਾਮਲ ਸਨ। ਗੁਰੂ ਮਹਾਰਾਜ ਦੀ ਅਪਾਰ ਬਖਸ਼ਿਸ਼ ਸਦਕਾ ਸਾਰੇ ਹੀ ਸਿੰਘ ਸੁਰੱਖਿਅਤ ਠੀਕ ਠਾਕ ਹਨ ਕਿਸੇ ਨੂੰ ਝਰੀਟ ਤੱਕ ਵੀ ਨਹੀਂ ਆਈ। ਉਨ੍ਹਾਂ ਸਭ ਸੰਗਤਾਂ ਦਾ ਧੰਨਵਾਦ ਕੀਤਾ ਹੈ ਕਿ ਜਿਨ੍ਹਾਂ ਨੇ ਨਿਹੰਗ ਸਿੰਘਾਂ ਦੇ ਮੁਖੀ ਸਤਿਕਾਰਤ ਸਿੰਘ ਸਾਹਿਬਾਂ ਸਬੰਧੀ ਪਿਆਰ ਸਤਿਕਾਰ ਦਾ ਅਭਾਰ ਪ੍ਰਗਟ ਕੀਤਾ ਹੈ।

# ਪੰਜਾਬ ਨਸ਼ਿਆਂ ਕਾਰਨ ਨੌਜਵਾਨਾਂ ਲਈ ਮੌਤ ਦੀ ਮੰਡੀ ਬਣ ਰਿਹਾ: ਦਿਲਜੀਤ ਸਿੰਘ ਬੇਦੀ



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਅਤੇ ਉਘੇ ਸਿੱਖ ਚਿੰਤਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਲਾਜਮਾਂ ਦੀ ਸੇਵਾਮੁਕਤ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਪੰਜਾਬ ਅੰਦਰਲੇ ਦੁਖਦ ਪਹਿਲੂਆਂ ਤੇ ਚਿੰਤਾ ਵਿਅਕਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਹਨੇਰੀ ਰੁਕਣ ਦੀ ਥਾਂ ਹਰ ਰੋਜ਼ ਹੋਰ ਜੋਰ ਫੜਦੀ ਜਾ ਰਹੀ ਹੈ ਬੇਰੁਜਗਾਰੀ ਤੇ ਹੋਰ ਮਾਨਸਿਕ ਸਮੱਸਿਆਵਾਂ ਵਿਚ ਫਸੇ ਨੌਜਵਾਨ ਨਸ਼ਿਆਂ ਦੀ ਭੇਂਟ ਚੜ੍ਹ ਰਹੇ ਹਨ। ਉਨ੍ਹਾਂ ਦੁਖ ਤੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਨਿੱਤ ਓਵਰਡੋਜ਼ ਨਾਲ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਖੌਫ਼ਨਾਕ ਦਿਲ ਹਿਲਾ ਦੇਣ ਵਾਲਾ ਮੰਜ਼ਰ ਹੈ ਜੋ ਇੱਕ ਚਿੰਤਾ ਜਨਕ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਮਹੱਲਿਆਂ ਕਸਬਿਆਂ ਅੰਦਰ ਵਿਰਾਨ ਪਈਆਂ ਜਗ੍ਹਾ ਅਤੇ ਪਖ਼ਾਨੇ ਨਸ਼ਾ ਪੀਣ ਵਾਲਿਆਂ ਲਈ ਸਹਾਈ ਸਿਧ ਹੋ ਰਹੀਆਂ ਹਨ। ਨਸ਼ੇ ਦੇ ਟੀਕਿਆਂ ਦੀ ਵਰਤੋਂ ਕਰਨ ਵਾਲੇ ਨੌਜਵਾਨ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਵਿਚ 18 ਤੋਂ 42 ਸਾਲ ਦੀ ਉਮਰ ਦੇ ਲੋਕ ਸ਼ਾਮਲ ਹਨ, ਪਹਿਲਾਂ ਕੇਵਲ ਮਰਦ ਸ਼੍ਰੇਣੀ ਹੀ ਇਸ ਦਾ ਸ਼ਿਕਾਰ ਸੀ ਪਰ ਹੁਣ ਕੁੜੀਆਂ/ਔਰਤਾਂ ਵੀ ਸ਼ਾਮਲ ਹਨ। ਇਨ੍ਹਾਂ ਦੀਆਂ ਵੀਡੀਓ ਵਾਇਰਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਪੰਜਾਬ ਮੌਤ ਦੀ ਮੰਡੀ ਬਣ ਰਿਹਾ ਹੈ ਪਰ ਸਰਕਾਰਾਂ ਰਾਜਨੀਤਕ ਬਿਆਨਾਂ ਦੀ ਖੇਡ ਵਿਚ ਮਸਤ ਹਨ ਪਰਿਵਾਰਾਂ ਅੰਦਰ ਵੈਣਾਂ ਕੀਰਨਿਆਂ ਦਾ ਚੀਕ ਚਿਹਾੜਾ ਹੈ। ਉਨ੍ਹਾਂ ਕਿਹਾ ਜੇਕਰ ਇਹ ਵਰਤਾਰਾ ਏਵੇਂ ਹੀ ਜਾਰੀ ਰਿਹਾ ਤਾਂ ਪੰਜਾਬ ਅੰਦਰੋਂ ਨੌਜਵਾਨੀ ਢੂੰਡਣ ਨੂੰ ਵੀ ਨਹੀਂ ਮਿਲੇਗੀ। ਮਾਪੇ ਬੇਵਸ ਹਨ ਤੇ ਮਾਨਸਿਕ ਰੋਗੀ ਹੋ ਰਹੇ ਹਨ। ਉਨ੍ਹਾਂ ਕਿਹਾ ਗੁਆਂਢੀ ਦੇਸ਼ ਵੱਲੋਂ ਆਉਂਦੇ ਨਸ਼ੇ ਦੀ ਰੋਕਥਾਮ ਅਤੇ ਨਸ਼ਾ ਤਸਕਰਾਂ ਨਾਲ ਲੰਮੇ ਹੱਥੀ ਨਜਿਠਣ ਲਈ ਸਰਕਾਰ ਨੂੰ ਆਪਣੇ ਤੰਤਰ ਨੂੰ ਤੁਰੰਤ ਜਵਾਬ ਦੇਹ ਬਨਾਉਣਾ ਚਾਹੀਦਾ ਹੈ। ਇਸ ਕਾਰਜ ਨੂੰ ਠੱਲਣ ਲਈ ਕੰਮ ਕਰ ਰਹੀਆਂ ਸੰਸਥਾਵਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹੇ

## ਪਹਿਲੇ ਦਿਨ ਦੋ ਹਜ਼ਾਰ ਸ਼ਰਧਾਲੂ ਹੋਏ ਨਤਮਸਤਕ; ਸਾਲਾਨਾ ਯਾਤਰਾ ਦਾ ਰਸਮੀ ਆਗਾਜ਼

ਅੰਮ੍ਰਿਤਸਰ : ਉਤਰਾਖੰਡ ਵਿੱਚ ਲਗਪਗ 15 ਹਜ਼ਾਰ ਫੁੱਟ ਦੀ ਉਚਾਈ ’ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਅੱਜ ਸਿੱਖ ਸੰਗਤ ਲਈ ਖੋਲ੍ਹ ਦਿੱਤੇ ਗਏ ਹਨ ਅਤੇ ਗੁਰਮਤਿ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰੇ ਦੇ ਕਿਵਾੜ ਖੁੱਲ੍ਹਣ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਰਸਮੀ ਸ਼ੁਰੂਆਤ ਹੋ ਗਈ ਹੈ। ਪੰਜ ਪਿਆਰਿਆਂ ਦੀ ਅਗਵਾਈ ਹੇਠ ਸਿੱਖ ਸੰਗਤ ਦੇ ਜੈਕਾਰਿਆਂ ਦੀ ਗੂੰਜ ਵਿੱਚ ਪਾਵਨ ਸਰੂਪ ਨੂੰ ਗੁਰਦੁਆਰੇ ਵਿੱਚ ਪ੍ਰਕਾਸ਼ ਕਰਨ ਲਈ ਲਿਆਂਦਾ ਗਿਆ। ਪ੍ਰਕਾਸ਼ ਕਰਨ ਮਗਰੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਪਹਿਲੀ ਅਰਦਾਸ ਤੇ ਪਹਿਲਾ ਹੁਕਮਨਾਮਾ ਲਿਆ ਗਿਆ। ਇਸ ਮਗਰੋਂ ਗੁਰਬਾਣੀ ਦਾ ਕੀਰਤਨ ਜਾਰੀ ਰਿਹਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਅੱਜ ਲਗਪਗ ਦੋ ਹਜ਼ਾਰ ਸਿੱਖ ਸ਼ਰਧਾਲੂ ਦਰਸ਼ਨਾਂ ਲਈ ਪੁੱਜੇ। ਉਤਰਾਖੰਡ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਵੀ ਯਾਤਰਾ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਅੱਜ ਤੜਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੰਗਤ ਨੇ ਗੁਰਦੁਆਰਾ ਗੋਬਿੰਦ ਧਾਮ ਤੋਂ ਅਗਲੇ ਪੜਾਅ ਲਈ ਪੈਦਲ ਯਾਤਰਾ ਸ਼ੁਰੂ ਕੀਤੀ ਸੀ ਅਤੇ ਲਗਪਗ 6 ਕਿਲੋਮੀਟਰ ਦੀ ਸਿੱਧੀ ਚੜ੍ਹਾਈ ਮਗਰੋਂ ਸੰਗਤ ਗੁਰਦੁਆਰਾ ਹੇਮਕੁੰਟ ਸਾਹਿਬ ਪੁੱਜੀ, ਜਿਥੇ ਗੁਰਮਤਿ ਮਰਿਆਦਾ ਅਨੁਸਾਰ ਗੁਰਦੁਆਰੇ ਦੇ ਕਿਵਾੜ ਖੋਲ੍ਹੇ ਗਏ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।



# ਭਾਜਪਾ ਨੇ ਦੇਸ਼ ਨੂੰ ਹੋਰ ਪੱਛੜੀਆਂ ਸ਼੍ਰੇਣੀਆਂ ’ਚੋਂ ਪਹਿਲਾ ਪ੍ਰਧਾਨ ਮੰਤਰੀ ਦਿੱਤਾ: ਸ਼ਾਹ

## ਕੇਂਦਰੀ ਗ੍ਰਹਿ ਮੰਤਰੀ ਨੇ ਕਾਂਗਰਸ ’ਤੇ ਓਬੀਸੀਜ਼ ਦਾ ਅਪਮਾਨ ਅਤੇ ਅਣਗੌਲਿਆਂ ਕਰਨ ਦੇ ਦੋਸ਼ ਲਗਾਏ

ਅਹਿਮਦਾਬਾਦ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੋਸ਼ ਲਗਾਇਆ ਕਿ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਹੋਣ ਵੇਲੇ ਕਾਂਗਰਸ ਨੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਤੰਗ-ਪ੍ਰੇਸ਼ਾਨ ਅਤੇ ਉਨ੍ਹਾਂ ਦਾ ਅਪਮਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਇਹ ਭਾਜਪਾ ਸੀ ਜਿਸ ਨੇ ਨਰਿੰਦਰ ਮੋਦੀ ਦੇ ਰੂਪ ਵਿੱਚ ਦੇਸ਼ ਨੂੰ ਇਸ ਭਾਈਚਾਰੇ ’ਚੋਂ ਪਹਿਲਾ ਪ੍ਰਧਾਨ ਮੰਤਰੀ ਦਿੱਤਾ।



ਇੱਥੇ ਮੋਦੀ ਭਾਈਚਾਰੇ ਦੇ ਇਕ ਕੌਮੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਉਨ੍ਹਾਂ ਦਾ ਬਣਦਾ ਮਾਣ-ਸਤਿਕਾਰ ਦਿਵਾਇਆ ਅਤੇ ਦੇਸ਼ ਦੇ ਗਰੀਬ ਨਾਗਰਿਕਾਂ ਦਾ ਦਰਦ ਸਮਝਿਆ ਕਿਉਂਕਿ ਉਹ ਖ਼ੁਦ ਅਜਿਹੇ ਪਰਿਵਾਰ ਵਿੱਚ ਪੈਦਾ ਹੋਏ ਸਨ। ਮੋਦੀ ਉਪ ਨਾਮ ਬਾਰੇ ਕੀਤੀ ਟਿੱਪਣੀ ਸਬੰਧੀ 2019 ਦੇ ਅਪਰਾਧਿਕ ਮਾਣਹਾਨੀ ਕੇਸ ’ਚ ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਦੋਸ਼ੀ ਪਾਏ ਜਾਣੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਕਿਸੇ ਇਕ ਦਾ ਅਪਮਾਨ ਕਰਦਾ ਹੈ ਤਾਂ ਇਹ ਕੋਈ ਵੱਡੀ ਗੱਲ ਨਹੀਂ ਪਰ ਜੇਕਰ ਕੋਈ ਸਮੁੱਚੇ ਭਾਈਚਾਰੇ ਅਤੇ ਪ੍ਰਧਾਨ ਮੰਤਰੀ ਦਾ ਅਪਮਾਨ ਕਰਦਾ ਹੈ ਤਾਂ ਇਹ ਸਾਰੇ ਦੇਸ਼ ਦਾ ਅਪਮਾਨ ਹੈ।

ਸ੍ਰੀ ਸ਼ਾਹ ਨੇ ਕਿਹਾ, “ਕੇਂਦਰ ਵਿੱਚ ਆਪਣੀ ਸਰਕਾਰ ਹੋਣ ਸਮੇਂ ਕਾਂਗਰਸ ਨੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਸਿਰਫ਼ ਅਣਗੌਲਿਆਂ ਤੇ ਤੰਗ-ਪ੍ਰੇਸ਼ਾਨ ਕੀਤਾ ਅਤੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਜਿਵੇਂ ਹੀ ਭਾਜਪਾ ਸੱਤਾ ਵਿੱਚ ਆਈ ਪ੍ਰਧਾਨ ਮੰਤਰੀ ਨੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਉਨ੍ਹਾਂ ਦਾ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਇਹ ਭਾਜਪਾ ਹੀ ਸੀ ਜਿਸ ਨੇ ਦੇਸ਼ ਨੂੰ ਮੋਦੀ ਦੇ ਰੂਪ ਵਿੱਚ ਹੋਰ ਪੱਛੜੀਆਂ ਸ਼੍ਰੇਣੀਆਂ ’ਚੋਂ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਦਿੱਤਾ।

ਉਨ੍ਹਾਂ ਮੋਦੀ ਭਾਈਚਾਰੇ ਦੇ ਮੈਂਬਰਾਂ ਨੂੰ ਦੱਸਿਆ ਕਿ ਭਾਜਪਾ ਨੇ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਈ ਮੁੱਖ ਮੰਤਰੀ ਦਿੱਤੇ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਲਈ ਕੇਂਦਰੀ ਤੇ ਨਵੋਦਿਆ ਵਿਦਿਆਲਿਆ ਸਕੂਲਾਂ, ਕੌਮੀ ਯੋਗਤਾ-ਕਮ-ਦਾਖਲਾ ਪ੍ਰੀਖਿਆ (ਨੀਟ) ’ਚ ਰਾਖਵਾਂਕਰਨ ਸ਼ੁਰੂ ਕੀਤਾ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉੱਦਮੀਆਂ ਲਈ ਇਕ ਉੱਦਮ ਪੂੰਜੀ ਫੰਡ ਕਾਇਮ ਕੀਤਾ।

ਕੇਂਦਰੀ ਮੰਤਰੀ ਨੇ ਕਿਹਾ, “ਕਾਂਗਰਸ ਨੇ ਦੇਸ਼ ’ਚ ਕਰੀਬ 56 ਸਾਲ ਰਾਜ ਕੀਤਾ ਪਰ ਇਸ ਨੇ ਕਦੇ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਕੁਝ ਨਹੀਂ ਕੀਤਾ। ਦੂਜੇ ਪਾਸੇ, ਮੋਦੀ ਜੀ ਨੇ ਨੌਂ ਸਾਲਾਂ ’ਚ ਹੀ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਐਨਾ ਕੁਝ ਕਰ ਦਿੱਤਾ।” ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਸਿਸਟਮ ਵਿੱਚੋਂ ਭ੍ਰਿਸ਼ਟਾਚਾਰ ਤੇ ਵਿਚੋਲੀਆਂ ਨੂੰ ਖ਼ਤਮ ਕਰਨ ਲਈ ਤਕਨਾਲੋਜੀ ਦਾ ਇਸਤੇਮਾਲ ਕੀਤਾ। ਉਨ੍ਹਾਂ ਕਿਹਾ, “ਤੁਹਾਨੂੰ ਸਾਰਿਆਂ ਨੂੰ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਕਿ ਮੋਦੀ ਜੀ ਤੁਹਾਡੇ ਭਾਈਚਾਰੇ ਨਾਲ ਸਬੰਧਤ ਹਨ। ਇਹ ਹਰੇਕ ਭਾਰਤੀ ਲਈ ਕਾਫੀ ਖ਼ੁਸ਼ੀ ਤੇ ਮਾਣ ਵਾਲੀ ਗੱਲ ਹੈ ਕਿਉਂਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਮੋਦੀ ਜੀ ਦੇ ਆਟੋਗ੍ਰਾਫ ਮੰਗੇ। ਬਾਇਡਨ ਨੇ ਮੋਦੀ ਜੀ ਨੂੰ ਕਿਹਾ ਕਿ ਉਹ ਅਮਰੀਕਾ ਵਿੱਚ ਕਾਫੀ ਪ੍ਰਸਿੱਧ ਹਨ। ਇਸ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵੱਡੇ ਭਰਾ ਸੋਮਾਭਾਈ ਮੋਦੀ ਅਤੇ ਸੂਰਤ ਤੋਂ ਭਾਜਪਾ ਵਿਧਾਇਕ ਪੁਰਨੇਸ਼ ਮੋਦੀ ਵੀ ਹਾਜ਼ਰ ਸਨ।

# ਜੋਸ਼ੀਮਠ ’ਚ ਤਰੇੜਾਂ ਤੋਂ ਬਾਅਦ ਹੁਣ ਨਵੀਂ ਸਮੱਸਿਆ, ਬਦਰੀਨਾਥ ’ਚ 1 ਫੁੱਟ ਤਕ ਧਸੀ ਜ਼ਮੀਨ

ਦੇਹਰਾਦੂਨ- ਉੱਤਰਾਖੰਡ ’ਚ ਜ਼ਮੀਨ ਧਸਣ ਦੀ ਆਫ਼ਤ ਰੁਕਣ ਦਾ ਨਾਂ ਨਹੀਂ ਲੈ ਰਹੀ। ਜੋਸ਼ੀਮਠ ’ਚ ਤਰੇੜਾਂ ਤੋਂ ਬਾਅਦ ਹੁਣ 45 ਕਿਲੋਮੀਟਰ ਦੂਰ ਬਦਰੀਨਾਥ ’ਚ ਜ਼ਮੀਨ ਧਸਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਬਦਰੀਨਾਥ ਦੇ ਮੁੱਖ ਬਾਜ਼ਾਰ ’ਚ ਜ਼ਮੀਨ ਧਸਣ ਕਾਰਨ ਕੁਝ ਦੁਕਾਨਾਂ ਨੂੰ ਹਟਾਇਆ ਗਿਆ ਹੈ। ਕੁਝ ਥਾਵਾਂ ’ਤੇ ਬੈਰੀਕੇਡਿੰਗ ਲਗਾ ਕੇ ਆਵਾਜਾਈ ਨੂੰ ਰੋਕਿਆ ਗਿਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਦਰੀਨਾਥ ’ਚ 424 ਕਰੋੜ ਰੁਪਏ ਦੇ ਮਾਸਟਰ ਪਲਾਨ ਤਹਿਤ ਪੁਰਾਣੀਆਂ ਇਮਾਰਤਾਂ ਦੀ ਤੋੜ-ਭੰਨ ਕਾਰਨ ਲਗਭਗ 1 ਫੁੱਟ ਤਕ ਜ਼ਮੀਨ ਧਸਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਮਾਸਟਰ ਪਲਾਨ ਤਹਿਤ ਅਲਕਨੰਦਾ ਰਿਵਰ ਫਰੰਟ ਡਿਵੈਲਪਮੈਂਟ ਦਾ ਕੰਮ ਚੱਲ ਰਿਹਾ ਹੈ। ਲੋਕਾਂ ਦਾ ਦੋਸ਼ ਹੈ ਕਿ ਨਦੀ ਦੇ ਕਿਨਾਰੇ ’ਤੇ ਸੁਰੱਖਿਆ ਕੰਧ ਦੇ ਨਿਰਮਾਣ ’ਚ ਦੇਰੀ ਕਾਰਨ ਜ਼ਮੀਨ ਧਸ ਰਹੀ ਹੈ। ਇਸ ਵਿਚਕਾਰ ਬਦਰੀਨਾਥ ਮੰਦਰ ਕਮੇਟੀ ਦੇ ਚੇਅਰਮੈਨ ਅਜੇਂਦਰ ਅਜੈ ਮੁਤਾਬਕ, ਆਫਤ ਪ੍ਰਬੰਧਨ ਟੀਮ ਨੇ ਜਾਇਜ਼ਾ ਲਿਆ ਹੈ। ਚਾਰਧਾਮ ਯਾਤਰਾ ’ਤੇ ਕੋਈ ਖਤਰਾ ਨਹੀਂ ਹੈ। ਜ਼ਮੀਨ ਯਾਤਰਾ ਵਾਲੇ ਖਤਰ ’ਚ ਨਹੀਂ ਧਸ ਰਹੀ। 17,271 ਤੀਰਥ ਯਾਤਰੀਆਂ ਨੇ ਮੰਗਲਵਾਰ ਨੂੰ ਬਦਰੀਨਾਥ ਧਾਮ ਦੇ ਦਰਸ਼ਨ ਕੀਤੇ।



# ਪੰਜਾਬੀ ਕਵੀ ਅਤੇ ਗੀਤਕਾਰ ਸੁੱਖੀ ਧਾਲੀਵਾਲ ਅਤੇ ਪਰਿਵਾਰ ਨੂੰ ਪਿਤਾ ਸ. ਗੁਰਚਰਨ ਸਿੰਘ ਧਾਲੀਵਾਲ ਦੇ ਅਕਾਲ ਚਲਾਣੇ ’ਤੇ ਸਦਮਾ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀਂ ਕਰਮਨ ਨਿਵਾਸੀ ਕਵੀ ਅਤੇ ਗੀਤਕਾਰ ਸੁੱਖੀ ਧਾਲੀਵਾਲ ਅਤੇ ਸਮੂੰਹ ਧਾਲੀਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਗੁਰਚਰਨ ਸਿੰਘ ਧਾਲੀਵਾਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਨਾਂ ਦੀ ਉਮਰ ਲਗਭਗ 88 ਸਾਲ ਸੀ ਅਤੇ ਪੰਜਾਬ ਤੋਂ ਪਿਛਲਾ ਪਿੰਡ ਬੱਧਨੀ ਖੁਰਦ, ਜਿਲ੍ਹਾਂ ਮੋਗਾ ਸੀ। ਪਿਛਲੇ ਲਗਭਗ 32 ਸਾਲਾਂ ਤੋਂ ਵਧੀਕ ਸਮੇਂ ਤੋਂ ਉਹ ਪਰਿਵਾਰ ਸਮੇਤ ਕਰਮਨ ਸ਼ਹਿਰ ਵਿੱਚ ਰਹਿ ਰਹੇ ਸਨ। ਉਹ ਸੰਤ ਸੁਭਾਅ ਦੇ ਮਾਲਕ ਅਤੇ ਮਿਹਨਤ ਕਰਨ ਵਾਲੇ ਇਨਸਾਨ ਸਨ। ਜਿਨ੍ਹਾਂ ਨੇ ਪਹਿਲਾਂ ਪੰਜਾਬ ਵਿੱਚ ਖੇਤੀਬਾੜੀ ਕੀਤੀ ਅਤੇ ਕੈਲੇਫੋਰਨੀਆਂ ਆ ਕੇ ਵੀ ਆਪਣੀ ਸਖਤ ਮਿਹਨਤ ਅਤੇ ਲਗਨ ਨਾਲ ਬੱਚਿਆਂ ਨੂੰ ਪੜਾਈ ਵੱਲ ਪ੍ਰੇਰਿਤ ਕਰਦੇ ਹੋਏ ਆਪਣੇ ਪਰਿਵਾਰ ਨੂੰ ਕਾਮਯਾਬ ਕੀਤਾ। ਉਹ ਆਪਣੇ ਪਿੱਛੇ ਪਤਨੀ, ਇੱਕ ਪੁੱਤਰ ਅਤੇ ਦੋ ਧੀਆਂ ਦੀ ਹੱਸਦੀ-ਖੇਡਦੀ ਪਰਿਵਾਰਕ ਫੁੱਲਵਾੜੀ ਛੱਡ ਗਏ।

ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ “ਸਾਂਤ ਭਵਨ ਪੰਜਾਬੀ ਫਿਊਨਰਲ ਹੋਮ” ਵਿਖੇ 31 ਮਈ, 2023 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਅਨੰਦਗੜ੍ਹ ਸਾਹਿਬ, ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. Vineland Ave. Kerman, CA 93630 ਹੈ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਸੁੱਖੀ ਧਾਲੀਵਾਲ ਨਾਲ ਫੋਨ ਨੰਬਰ (559) 283-2298 ’ਤੇ ਸੰਪਰਕ ਕਰ ਸਕਦੇ ਹੋ।



ਸਵ. ਗੁਰਚਰਨ ਸਿੰਘ ਧਾਲੀਵਾਲ

# ਮੰਤਰੀ ਧਾਲੀਵਾਲ ਨੇ ਛੁਡਵਾਈ 264 ਕਰੋੜ ਦੀ 176 ਏਕੜ ਸਰਕਾਰੀ ਪੰਚਾਇਤੀ ਜ਼ਮੀਨ

ਚੰਡੀਗੜ੍ਹ : ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਮੋਹਾਲੀ ਜ਼ਿਲ੍ਹੇ ਦੇ ਮਾਜਰੀ ਬਲਾਕ ਦੇ ਪਿੰਡ ਫਤਹਿਗੜ੍ਹ ਦੀ 176 ਏਕੜ ਪੰਚਾਇਤੀ ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਮੁਕਤ ਕਰਵਾਈ ਹੈ। ਇਸ ਜ਼ਮੀਨ ਦੀ ਬਾਜ਼ਾਰੀ ਕੀਮਤ 264 ਕਰੋੜ ਰੁਪਏ ਬਣਦੀ ਹੈ। ਇਸ ਜ਼ਮੀਨ ’ਤੇ 9 ਲੋਕਾਂ ਨੇ ਕਬਜ਼ਾ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਸਰਕਾਰੀ ਪੰਚਾਇਤੀ ਜ਼ਮੀਨਾਂ ‘ਤੇ ਜਿਨ੍ਹਾਂ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਹ ਹਾਲੇ ਵੀ 31 ਮਈ ਤੱਕ ਖ਼ੁਦ ਜ਼ਮੀਨ ਤੋਂ ਆਪਣਾ ਕਬਜ਼ਾ ਛੱਡ ਸਕਦੇ ਹਨ, ਅਜਿਹੇ ਲੋਕਾਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਨਾਜਾਇਜ਼ ਕਬਜ਼ਿਆਂ ਤੋਂ ਜ਼ਮੀਨਾਂ ਨੂੰ ਮੁਕਤ ਕਰਵਾਉਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜਿਨ੍ਹਾਂ ਰਸੂਖਵਾਨ ਲੋਕਾਂ ਨੇ ਨਿਯਮਾਂ ਨੂੰ ਛਿੱਕੇ ਟੰਗ ਕੇ ਮਹਿੰਗੀਆਂ ਸਰਕਾਰੀ ਜ਼ਮੀਨਾਂ ‘ਤੇ ਨਾਜਾਇਜ਼ ਕਬਜ਼ੇ ਕੀਤੇ ਹਨ, ਉਨ੍ਹਾਂ ਨੂੰ ਬਖ਼ਸ਼ਿਆਂ ਨਹੀਂ ਜਾਵੇਗਾ।

ਦੂਜੇ ਪੜਾਅ ਵਿਚ ਹੁਣ ਤੱਕ 761 ਏਕੜ ਸਰਕਾਰੀ ਜ਼ਮੀਨ ਕਬਜ਼ਾ ਮੁਕਤ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ 10 ਜੂਨ ਤੱਕ 6000 ਏਕੜ ਜ਼ਮੀਨ ਖਾਲੀ ਕਰਵਾਉਣ ਦਾ ਟੀਚਾ ਹੈ। ਧਾਲੀਵਾਲ ਨੇ ਕਿਹਾ ਕਿ ਪਿਛਲੇ ਸਾਲ ਵੀ 9030 ਏਕੜ ਜ਼ਮੀਨ ਕਬਜ਼ਾ ਮੁਕਤ ਕਰਵਾਈ ਗਈ ਸੀ ਜਿਸ ਦੀ ਔਸਤਨ ਬਾਜ਼ਾਰੀ ਕੀਮਤ 2709 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਖ਼ੁਦ ਅੱਗੇ ਆ ਕੇ ਸਰਕਾਰੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੱਡੇ ਜਾਣ ਤਾਂ ਜੋ ਇਸ ਜ਼ਮੀਨ ਤੋਂ ਇਕੱਠਾ ਹੁੰਦਾ ਮਾਲੀਆ ਪੰਜਾਬ ਦੀ ਭਲਾਈ ਲਈ ਵਰਤਿਆਂ ਜਾ ਸਕੇ।

ਮੰਤਰੀ ਧਾਲੀਵਾਲ ਨੇ ਆਖਿਆ ਕਿ ਇਹ ਜ਼ਮੀਨ ਕਿਸੇ ਦੀ ਜੱਦੀ ਜਾਇਦਾਦ ਨਹੀਂ ਹੈ ਸਗੋਂ ਇਹ ਸਾਰੇ ਪੰਜਾਬ ਦੀ ਸਾਂਝੀ ਜ਼ਮੀਨ ਹੈ ਅਤੇ ਇਸ ਜ਼ਮੀਨ ਤੋਂ ਹੁੰਦੀ ਆਮਦਨ ਸਾਰੇ ਸੂਬਾ ਵਾਸੀਆਂ ਲਈ ਖ਼ਰਚ ਕੀਤੀ ਜਾਣੀ ਹੈ। ਧਾਲੀਵਾਲ ਨੇ ਕਿਹਾ ਕਿ ਪਿਛਲੇ ਸਾਲ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਪੀਲ ਉੱਤੇ 3396 ਏਕੜ ਜ਼ਮੀਨ ਲੋਕਾਂ ਨੇ ਖ਼ੁਦ ਛੱਡ ਦਿੱਤੀ ਸੀ। ਉਨ੍ਹਾਂ ਸਭਨਾਂ ਨੂੰ ਇਹ ਬੇਨਤੀ ਵੀ ਕੀਤੀ ਹੈ ਕਿ ਪੰਜਾਬ ਦੀ ਭਲਾਈ ਲਈ ਅਤੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਨਾਜਾਇਜ਼ ਕਬਜ਼ਾਕਾਰ ਖ਼ੁਦ ਅੱਗੇ ਆ ਕੇ ਇਹ ਜ਼ਮੀਨਾਂ ਪੰਜਾਬ ਸਰਕਾਰ ਦੇ ਹਵਾਲੇ ਕਰਨ।



## ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ

# ਸਾਬਕਾ ਵਿਧਾਇਕ ਕਿੱਕੀ ਢਿੱਲੋਂ 14 ਦਿਨਾਂ ਦੇ ਜੁਡੀਸ਼ੀਅਲ ਰਿਮਾਂਡ ’ਤੇ

ਫਰੀਦਕੋਟ : ਫਰੀਦਕੋਟ ਤੋਂ ਸਾਬਕਾ ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਪਿਛਲੇ ਦਿਨੀਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ’ਚ ਅਦਾਲਤ ਨੇ ਅੱਜ 14 ਦਿਨ ਦੇ ਜੁਡੀਸ਼ੀਅਲ ਰਿਮਾਂਡ ’ਤੇ ਭੇਜ ਦਿੱਤਾ ਹੈ। ਦੱਸ ਦੇਈਏ ਕਿ ਸਾਬਕਾ ਵਿਧਾਇਕ ਦਾ 2 ਦਿਨਾਂ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਅੱਜ ਮੁੜ ਤੋਂ ਫਰੀਦਕੋਟ ਅਦਾਲਤ ’ਚ ਪੇਸ਼ ਕੀਤਾ ਗਿਆ ਸੀ, ਜਿੱਥੇ ਮਾਨਯੋਗ ਅਦਾਲਤ ਨੇ ਉਨ੍ਹਾਂ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ ਹੈ। ਇਸ ਮੌਕੇ ਗੱਲ ਕਰਦਿਆਂ ਸਾਬਕਾ ਵਿਧਾਇਕ ਕਿੱਕੀ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਮਾਣਯੋਗ ਅਦਾਲਤ ’ਤੇ ਪੂਰਾ ਭਰੋਸਾ ਹੈ।



ਜ਼ਿਕਰਯੋਗ ਹੈ ਕਿ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ 16 ਮਈ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ’ਚ ਫਿਰੋਜ਼ਪੁਰ ਵਿਜੀਲੈਂਸ ਵਿਭਾਗ ਵੱਲੋਂ ਗ੍ਰਿਫ਼ਤਾਰ ਕੀਤਾ ਸੀ। ਜਿਸ ਤੋਂ ਬਾਅਦ ਉਨ੍ਹਾਂ ਨੂੰ 17 ਮਈ ਨੂੰ ਫਰੀਦਕੋਟ ਅਦਾਲਤ ’ਚ ਪੇਸ਼ ਕਰਕੇ 5 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਸੀ। ਇਹ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਵਿਜੀਲੈਂਸ ਵੱਲੋਂ ਹੋਰ ਪੁੱਛਗਿੱਛ ਕਰਨ ਦਾ ਹਵਾਲਾ ਦੇ ਕੇ 22 ਮਈ ਨੂੰ ਹੋਰ 2 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ ਸੀ। ਅੱਜ ਇਹ ਰਿਮਾਂਡ ਖ਼ਤਮ ਹੋਣ ’ਤੇ ਸਾਬਕਾ ਵਿਧਾਇਕ ਨੂੰ ਮੁੜ ਤੋਂ ਅਦਾਲਤ ’ਚ ਪੇਸ਼ ਕੀਤਾ ਗਿਆ।

### ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ

# ਸ਼ੇਰਗਿੱਲ ਪ੍ਰਵਾਰ ਨੂੰ ਭਾਰੀ ਸਦਮਾ

# ਨੌਜਵਾਨ ਪੁੱਤਰ ਸ੍ਰ. ਮਨਜਿੰਦਰ ਸਿੰਘ ਸ਼ੇਰਗਿੱਲ ਨਹੀਂ ਰਹੇ



**ਸਵ. ਸ੍ਰ. ਮਨਜਿੰਦਰ ਸਿੰਘ ਸ਼ੇਰਗਿੱਲ**

(15 ਦਸੰਬਰ 1987 - 20 ਮਈ 2023)

ਮਡੇਰਾ/ਕੈਲੀਫੋਰਨੀਆ : ਕਮਿਉਨਟੀ ਦੇ ਸਤਿਕਾਰਯੋਗ ਨੌਜਵਾਨ ਆਪਣੇ ਸਭਿਆਚਾਰ ਅਤੇ ਖੇਡ ਕਬੱਡੀ ਨੂੰ ਹਮੇਸ਼ਾ ਪ੍ਰਮੋਟ ਕਰਨ ਵਾਲੇ 36 ਸਾਲਾ ਹੱਸਮੁਖ ਨੌਜਵਾਨ ਸ੍ਰ. ਮਨਜਿੰਦਰ ਸਿੰਘ ਸ਼ੇਰਗਿੱਲ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪ੍ਰਵਾਰ ਅਤੇ ਸੱਜਣਾਂ ਮਿੱਤਰਾਂ ਨਾਲ ਹੱਸਦਿਆਂ ਖੇਡਦਿਆਂ ਰਾਤ ਨੂੰ ਸੁੱਤੇ ਪਰ ਸਵੇਰੇ ਉਨ੍ਹਾਂ ਨੂੰ ਮੁੜ ਜਾਗ ਨਾ ਆਈ ਅਤੇ ਹੱਸਦਾ ਖੇਡਦਾ ਨੌਜਵਾਨ ਸਦਾ ਲਈ ਅਲਵਿਦਾ ਕਹਿ ਗਿਆ।

ਉਨ੍ਹਾਂ ਦੇ ਅਕਾਲ ਚਲਾਣੇ 'ਤੇ ਸਮੂਹ ਸੱਜਣਾਂ ਮਿੱਤਰਾਂ ਅਤੇ ਪਿਆਰ ਕਰਨ ਵਾਲਿਆਂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਨੌਜਵਾਨ ਬੱਚੇ ਸ੍ਰ. ਮਨਜਿੰਦਰ ਸਿੰਘ ਸ਼ੇਰਗਿੱਲ ਦੀ ਮੌਤ ਦੀ ਖਬਰ ਪੂਰੇ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਹੈ ਤੇ ਖੇਡ ਪ੍ਰਮੋਟਰਾਂ, ਸਪੋਰਟਸ ਕਲੱਬਾਂ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ। ਐਨ ਆਰ ਸਭਾ ਅਮਰੀਕਾ ਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ ਐਸ ਏ ਅਤੇ ਸਹਿਯੋਗੀ ਸਮੂਹ ਕਲੱਬਾਂ, ਖੇਡ ਪ੍ਰੇਮੀਆਂ, ਖਿਡਾਰੀਆਂ ਸਪਾਂਸਰਾਂ ਤੇ ਸਹਿਯੋਗੀਆਂ ਦੇ ਨਾਲ ਸਮੁੱਚੇ ਭਾਈਚਾਰੇ ਨੇ ਹਮਦਰਦੀ ਜਾਹਿਰ ਕਰਦਿਆਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਅਕਾਲ ਪੁਰਖ ਦੇ ਚਰਨਾ 'ਚ ਅਰਦਾਸ ਕੀਤੀ ਕਿ ਵਾਹਿਗੁਰੂ ਬੱਚੇ ਨੂੰ ਆਪਣੇ ਚਰਨਾ 'ਚ ਸਦੀਵੀ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਅੰਤਿਮ ਸੰਸਕਾਰ**

**ਮੰਗਲਵਾਰ, 30 ਮਈ 2023 ਨੂੰ 12 PM**

**Lakewood Funeral Home**

**900 Santa FE Ave, Hughson, CA, 95326**

**ਸ੍ਰੀ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ**

**Sikh Temple Modesto**

**5743 E Hatch Rd, Hughson, CA, 95325**

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਮਨਦੀਪ ਸਿੰਘ ਸ਼ੇਰਗਿੱਲ (209) 678-8819**

**ਅਬੀ ਬੈਂਸ (916) 747-8819**

*19 ਮਈ 1939 ਨੂੰ ਸ਼ਹੀਦੀ ਦਿਹਾੜੇ ਤੇ ਵਿਸ਼ੇਸ਼*

# ਬੱਬਰ ਅਕਾਲੀ ਲਹਿਰ ਦੇ ਸ਼ਹੀਦ : ਗਿਆਨੀ ਗੁਰਦਿੱਤ ਸਿੰਘ 'ਦਲੇਰ'

**ਫਰੀਦਾ ਬਾਰ ਪਰਾਏ ਬੈਸਣਾ ਸਾਂਈ ਮੁਝੈ ਨਾ ਦੇਹਿ॥**
**ਜੇ ਤੂੰ ਏਵੈਂ ਰਖਸੀ ਜੀਉ ਸਰੀਰਹੁ ਲੇਹਿ॥**

ਬਬਰ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ ਗਿਆਨੀ ਗੁਰਦਿੱਤ ਸਿੰਘ "ਦਲੇਰ" ਜਿਨ੍ਹਾਂ ਨੂੰ ਗ਼ੱਦਾਰ ਅਨੂਪ ਸਿੰਘ ਮਾਨੋਕੇ ਅਤੇ ਉਸਦੇ ਪੁੱਤ ਦੇ ਕਤਲ ਵਿਚ, 19 ਮਈ 1939 ਨੂੰ ਮੁਲਤਾਨ ਜੇਲ੍ਹ ਵਿਚ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਗਦਾਰ ਅਨੂਪ ਸਿੰਘ ਨੇ ਪਿੰਡ ਬਬੇਲੀ ਵਿਖੇ ਬਬਰਾਂ ਦੀ ਮੁਖ਼ਬਰੀ ਕਰਕੇ, ਬਬਰ ਕਰਮ ਸਿੰਘ ਦੌਲਤਪੁਰ, ਬਬਰ ਉਦੈ ਸਿੰਘ ਰਾਮਪੁਰ, ਬਬਰ ਕਿਸ਼ਨ ਸਿੰਘ ਮਾਂਗਟ ਅਤੇ ਬਬਰ ਮਹਿੰਦਰ ਸਿੰਘ ਪੰਡੋਰੀ ਨੂੰ ਸ਼ਹੀਦ ਕਰਵਾਇਆ ਸੀ, ਜਿਸ ਕਾਰਣ ਅੱਜ ਦੇ ਦਿਨ ਬਬਰ ਅਕਾਲੀ ਗਿਆਨੀ ਗੁਰਦਿੱਤ ਸਿੰਘ "ਦਲੇਰ" ਨੂੰ ਮੁਲਤਾਨ ਜੇਲ੍ਹ ਵਿਚ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਫ਼ਾਂਸੀ ਦੇ ਤਖ਼ਤੇ ਤੋਂ ਦੇਸ਼ਵਾਸੀਆਂ ਲਈ ਅੰਤਮ ਸੰਦੇਸ਼:

'ਦਿੱਤੀ ਸਿੱਖਿਆ ਗੁਰੂ ਦਸਮੇਸ਼ ਜੀ ਨੇ ਖਾਤਰ ਵਤਨ ਦੀ ਹੋਣਾ ਕੁਰਬਾਨ ਵੀਰੋ ।
ਦੁਖੀ ਦੇਸ਼ ਖਾਤਰ ਬਾਪੂ ਵਾਰ ਸੋਹਣਾ ਮਾਤ ਪੁੱਤਰ ਬਲੀ ਚੜ੍ਹਾਨ ਵੀਰੋ।
ਏਸੇ ਹੁਕਮ ਨੂੰ ਕਰਨ ਪ੍ਰਵਾਨ ਸੂਰੇ-ਸੰਨ ਚੰਦਾਂ ਦੇ ਸ਼ੇਰ ਜਵਾਨ ਵੀਰੋ।



ਏਸੇ ਹੁਕਮ 'ਤੇ "ਬਬਰ" ਸ਼ਹੀਦ ਹੋ ਗਏ ਸੁੱਤੀ ਕੌਮ ਨੂੰ ਟੁੰਬ ਜਗਾਣ ਵੀਰੋ।
"ਰਤਨ ਸਿੰਘ, ਸੁਖਦੇਵ ਤੇ ਰਾਜ ਗੁਰੂ, ਭਗਤ ਸਿੰਘ ਨੇ ਸੀਸ ਲਗਾਇਆ ਏ!
ਉਹੋ ਹੁਕਮ ਆਗਿਆ "ਦਲੇਰ" ਨੂੰ ਵੀ, ਸੀਸ ਭੇਟ ਆਜ਼ਾਦੀ ਚੜ੍ਹਾਇਆ ਏ।
ਐਪਰ, ਰੱਜ ਨਹੀਂ ਸੇਵ ਕੁਮਾ ਸਕਿਆ,
ਖਟਕਾ ਪਹਿਲਾਂ ਹੀ ਜਾਲਮ ਨੂੰ ਸੁੱਝ ਗਿਆ,
ਮੇਰੇ ਦਿਲ ਦੀ ਹੋਈ ਨਹੀਂ ਆਸ ਪੂਰੀ,
ਦਿਲੋਂ ਕੱਢ ਅਰਮਾਨ ਨਾਂ ਕੁੱਝ ਲਿਆ,
ਬਣਿਆ ਜਿਸਮ "ਦਲੇਰ" ਬਰੂਦ ਦਾ ਸੀ,
ਬਿਨਾਂ ਚਲਿਆ "ਬੰਬ" ਮੈਂ ਬੁਝ ਗਿਆ।
ਸਾਡੇ ਨਾਲ ਨਾ ਪਾਪੀ ਇਨਸਾਫ ਕੀਤਾ,
ਮੈਨੂੰ ਮਾਰਨੇ ਤੇ ਜ਼ਾਲਮ ਰੁੱਝ ਗਿਆ।
ਕਦੇ ਉਸਰਨਾ ਇੱਟਾਂ ਦੇ ਨਾਲ ਨਾਹੀਂ,
ਜਿਹੜਾ ਚੋਹਾ ਆਜ਼ਾਦੀ ਦਾ ਮਹਿਲ ਭਾਈ
ਇਹ ਤਾਂ ਬਣੂੰ ਸ਼ਹੀਦਾਂ ਦੀਆਂ ਹੱਡੀਆਂ ਦਾ,
ਕਾਹਨੂੰ ਸਮਝਦੇ ਏਸ ਨੂੰ ਸਹਿਲ ਭਾਈ।
ਏਸ ਮਿੱਟੀ ਦੇ ਬੁੱਤ ਨੂੰ ਤੋੜਨੇ ਲਈ,
ਘਟਾ ਜ਼ੁਲਮ ਦੀ ਗਈ ਏ ਝੁੱਲ ਵੀਰੋ!
ਨਹੀ ਆਤਮਾ ਮੇਰੀ ਛੁਹ ਸਕਿਆ,
ਜ਼ਾਲਮ ਪੱਥਾਂ ਤੇ ਗਿਆ ਏ ਤੁੱਲ ਵੀਰੋ!
ਮੇਰੀ ਮੌਤ ਦਾ ਨਹੀਂ ਅਫਸੋਸ ਕਰਨਾ,
ਸਗੋਂ ਚਾੜ੍ਹਨੇ ਖੁਸ਼ੀ ਦੇ ਪੁੱਲ ਵੀਰੋ!
ਭਾਣੇ ਵਿਚ ਅਕਾਲ "ਦਲੇਰ" ਜਾਵੇ,
ਪਿਆਰੇ ਦਿਲਾਂ ਨੂੰ ਜਾਵੇ ਨਾ ਭੁੱਲ ਵੀਰੋ!
ਮੇਰੀ ਰੂਹ ਨੂੰ ਤਦੋਂ ਹੈ ਸ਼ਾਂ ਆਵੇ
ਪਿਆਰੇ ਵਤਨ ਤੇ ਜਦੋਂ ਬਹਾਰ ਫਿਰ ਸੀ
ਗੌਣ ਬੁਲਬੁਲਾਂ ਗੀਤ ਆਜ਼ਾਦੜੀ ਦੇ
ਸੁਹਣੇ ਚਮਨ 'ਚ ਜਦੋਂ ਗੁਲਜ਼ਾਰ ਖਿੜੀ ਸੀ।"

**ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਕਨੇਡਾ**

*18 ਮਈ : 45ਵੀਂ ਬਰਸੀ 'ਤੇ ਵਿਸ਼ੇਸ਼*

# ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨੇੜਲੇ ਸਾਥੀ ਗ਼ਦਰੀ ਹਰਨਾਮ ਸਿੰਘ ਦਾ ਜਨਮ 1887 ਜਾਂ 1888 ਵਿਚ ਪਿਤਾ ਸੁੰਦਰ ਸਿੰਘ ਦੇ ਘਰ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਕਾਲਾ ਸੰਘਿਆਂ ਵਿਖੇ ਹੋਇਆ। ਇਨ੍ਹਾਂ ਨੇ ਕੋਈ ਇੱਕੀ ਵਰ੍ਹਿਆਂ ਤਕ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਇਆ। ਕਪੂਰਥਲਾ ਰਿਆਸਤ ਵਿਚ ਵਿੱਦਿਆ ਦੇ ਚੰਗੇ ਪ੍ਰਬੰਧ ਨਾ ਹੋਣ ਕਰਕੇ ਇਨ੍ਹਾਂ ਦੀ ਵਿਦਿਆ ਪ੍ਰਾਪਤੀ ਦਾ ਕੋਈ ਵਸੀਲਾ ਨਹੀਂ ਬਣਿਆ। ਉਹ 8 ਫ਼ਰਵਰੀ 1909 ਨੂੰ 26 ਪੰਜਾਬੀ ਇਨਫ਼ੈਂਟਰੀ ਵਿਚ ਸਿਪਾਹੀ ਭਰਤੀ ਹੋ ਕੇ ਕੋਹਾਟ ਛਾਉਣੀ ਚਲੇ ਗਏ। ਗਿਆਰਾਂ ਰੁਪਏ ਮਹੀਨਾ ਤਨਖ਼ਾਹ ਸੀ। ਉਥੇ ਗ੍ਰੰਥੀ ਕਰਮ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਨਾਂ ਬਦਲ ਕੇ ਹਰਨਾਮ ਸਿੰਘ ਰੱਖਿਆ। ਫ਼ੌਜੀ ਸਿਖਲਾਈ ਦੌਰਾਨ ਗੁਰਮੁਖੀ ਤੇ ਅੰਗਰੇਜ਼ੀ ਪੜ੍ਹਨੀ ਸਿੱਖੀ ਤੇ ਸਿਗਨਲਰ ਦੀ ਜ਼ਿੰਮੇਵਾਰੀ ਮਿਲੀ।

1912 ਵਿਚ ਹਾਂਗਕਾਂਗ ਵਿਚ ਗੜਬੜ ਰੋਕਣ ਲਈ 26 ਪੰਜਾਬ ਇਨਫ਼ੈਂਟਰੀ ਘੱਲੀ ਗਈ। ਫ਼ੌਜੀਆਂ ਨੇ ਪਹਾੜੀ ਉੱਤੇ ਮਿੱਟੀ ਪੱਟਣ ਦੇ ਫ਼ੌਜੀ ਹੁਕਮ ਵਿਰੁੱਧ ਮੋਰਚਾ ਲਾ ਦਿੱਤਾ, ਤਾਂ ਹਰਨਾਮ ਸਿੰਘ ਤੇ ਤਿੰਨ ਹੋਰ ਫ਼ੌਜੀਆਂ ਨੂੰ ਕੁਆਟਰ ਗਾਰਡ ਵਿਚ ਰੱਖਿਆ। ਆਖ਼ਿਰ ਅਫ਼ਸਰਾਂ ਨੇ ਆਪਣਾ ਹੁਕਮ ਵਾਪਸ ਲੈ ਲਿਆ। ਚੀਨੀ ਅਤੇ ਜਪਾਨੀਆਂ ਦੇ ਮਿਹਣਿਆਂ ਨੇ ਇਨ੍ਹਾਂ ਫ਼ੌਜੀਆਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਾਇਆ। ਚੀਨੀ ਇਨ੍ਹਾਂ ਨੂੰ 'ਮੇਲੋ ਕਲਾਈ' (ਭੂਤਨੇ) ਦੱਸਦਿਆਂ ਕਹਿੰਦੇ ਸਨ ਕਿ ਤੁਸੀਂ ਆਪਣਾ ਮੁਲਕ ਤਾਂ ਗਵਾ ਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਹੈ ਤੇ ਹੁਣ ਸਾਡਾ ਖੋਹ ਕੇ ਉਨ੍ਹਾਂ ਨੂੰ ਦਿਉਗੇ?

ਗ਼ਦਰੀ ਆਗੂ ਭਾਈ ਭਗਵਾਨ ਸਿੰਘ ਹਾਂਗਕਾਂਗ ਗੁਰਦੁਆਰੇ ਵਿਚ ਗ੍ਰੰਥੀ ਸਨ। ਅਮਰੀਕਾ ਤੋਂ ਆਉਂਦੀ ਗ਼ਦਰ ਅਖ਼ਬਾਰ ਉਹ ਫ਼ੌਜੀਆਂ ਨੂੰ ਪੜ੍ਹਨ ਲਈ ਦਿੰਦੇ।

26 ਪੰਜਾਬੀ ਇਨਫ਼ੈਂਟਰੀ ਵਿਚ ਫ਼ੌਜੀਆਂ ਦੇ ਪਤੇ 'ਤੇ ਗ਼ਦਰ ਅਖ਼ਬਾਰ ਆਉਣ ਲੱਗੀ। ਇਸ ਅਖ਼ਬਾਰ ਰਾਹੀਂ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਗੁਲਾਮੀ ਦੇ ਦੁੱਖਾਂ ਦਾ ਅਹਿਸਾਸ ਹੋ ਚੁੱਕਾ ਸੀ। ਪੈਸੇ ਇਕੱਠੇ ਕਰਕੇ ਫ਼ੌਜੀਆਂ ਨੇ ਗ਼ਦਰ ਅਖ਼ਬਾਰ ਲਈ ਮਦਦ ਭੇਜੀ। ਹਾਂਗਕਾਂਗ ਸਰਕਾਰ ਨੇ ਹਿੰਦੋਸਤਾਨੀਆਂ ਦੇ ਆਪਣੇ ਪਹਿਲੇ ਜਹਾਜ਼ ਗੁਰੂ ਨਾਨਕ (ਕਾਮਾਗਾਟਾਮਾਰੂ) ਦੇ ਕਨੇਡਾ ਵੱਲ ਜਾਣ ਵਿਚ ਅੜਿੱਕੇ ਡਾਹੇ, ਤਾਂ ਸਿੱਖ ਫ਼ੌਜੀਆਂ ਨੇ ਇਹਦਾ ਵਿਰੋਧ ਕੀਤਾ। ਪਹਿਲੀ ਆਲਮੀ ਜੰਗ ਵਿਚ ਅੰਗਰੇਜ਼ਾਂ ਦੇ ਫਸ ਜਾਣ ਦਾ ਫ਼ਾਇਦਾ ਲੈਣ ਲਈ ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਵਾਪਸ ਜਾ ਕੇ ਦੇਸ਼ ਆਜ਼ਾਦ ਕਰਾਉਣ ਦਾ ਹੋਕਾ ਦਿੱਤਾ।

ਜਨਵਰੀ 1915 ਵਿਚ ਕਰਤਾਰ ਸਿੰਘ ਸਰਾਭਾ, ਬੰਤਾ ਸਿੰਘ ਸੰਘਵਾਲ ਤੇ ਹੋਰ ਗ਼ਦਰੀ ਫ਼ਿਰੋਜ਼ਪੁਰ ਛਾਉਣੀ ਵਿਚ ਫੌਜੀਆਂ ਨੂੰ ਮਿਲਦੇ ਰਹੇ।

20 ਫ਼ਰਵਰੀ 1915 ਨੂੰ ਲਾਹੌਰ ਦੇ ਅਨਾਰਕਲੀ ਬਜ਼ਾਰ ਵਿਚ ਤਿੰਨ ਗ਼ਦਰੀਆਂ ਦਾ ਪੁਲਿਸ ਨਾਲ ਭੇੜ ਹੋ ਗਿਆ। ਇਹ ਇਤਫ਼ਾਕ ਹੀ ਸੀ ਕਿ ਹਰਨਾਮ ਸਿੰਘ ਦਾ ਫ਼ੌਜੀ ਪਲਟਣ ਨੰਬਰ 26, ਦੋਸ਼ੀ ਨੰਬਰ 26 ਤੇ ਉਮਰ 26 ਸਾਲ ਸੀ। 30 ਮਾਰਚ 1916 ਨੂੰ ਸਪੈਸ਼ਲ ਟ੍ਰਿਬਿਊਨਲ ਦੇ ਤਿੰਨ ਜੱਜਾਂ ਏ ਏ ਇਰਵਨ, ਟੀ ਪੀ ਐਲਿਸ ਤੇ ਸ਼ਿਓ ਨਾਰਾਇਣ ਨੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ: ਹਰਨਾਮ ਸਿੰਘ ਨੂੰ ਉਮਰ ਕੈਦ, ਜਲਾਵਤਨੀ ਤੇ ਜ਼ਮੀਨ ਜਾਇਦਾਦ ਦੀ ਕੁਰਕੀ ਦੀ ਸਜ਼ਾ ਸੁਣਾਈ। ਕਪੂਰਥਲਾ ਰਿਆਸਤ ਦੇ ਰਾਜੇ ਨੇ ਅੰਗਰੇਜ਼ ਹਾਕਮਾਂ ਨੂੰ ਖ਼ੁਸ਼ ਕਰਨ ਲਈ 28 ਪੋਹ ਬਿਕਰਮੀ ਸੰਮਤ 1973 (1916 ਈਸਵੀ) ਨੂੰ ਜ਼ਮੀਨ ਜਾਇਦਾਦ ਜਬਤ ਕਰਨ ਦੀ ਬਜਾਏ ਕੌਡੀਆਂ ਦੇ ਭਾਅ ਨੀਲਾਮ ਕਰਵਾ ਦਿੱਤੀ ਤੇ ਨੀਲਾਮੀ ਦੀ ਕੁੱਲ ਰਕਮ 3024 ਰੁਪਏ 8 ਆਨੇ 9 ਪਾਈ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਈ।



ਗ਼ਦਰੀ ਬਾਬਾ ਹਰਨਾਮ ਸਿੰਘ
ਕਾਲਾ ਸੰਘਿਆਂ (ਕਪੂਰਥਲਾ)
(1887-88--18 May, 1978)

ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਾਲੇ ਗ਼ਦਰੀਆਂ ਨੇ ਕਾਲੇਪਾਣੀ ਸੈਲਿਊਲਰ ਜੇਲ ਦੇ ਅਧਿਕਾਰੀਆਂ ਨੂੰ ਜੇਲ ਸਖ਼ਤੀਆਂ ਦੇ ਵਿਰੋਧ ਵਿਚ ਅਜਿਹਾ ਸਬਕ ਸਿਖਾਇਆ ਕਿ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਹੋਰ ਕੈਦੀ ਲੈਣ ਤੋਂ ਨਾਂਹ ਕਰ ਦਿੱਤੀ।

ਸਖ਼ਤੀਆਂ ਤੋਂ ਤੰਗ ਆ ਕੇ ਹਰਨਾਮ ਸਿੰਘ ਸਮੇਤ 18 ਗ਼ਦਰੀ ਦੇਸ਼ ਭਗਤ ਜੇਲੋਂ ਫ਼ਰਾਰ ਹੋ ਗਏ। ਤਿੰਨ ਜਣਿਆਂ ਤੋਂ ਇਲਾਵਾ ਬਾਕੀ 15 ਫੜੇ ਗਏ ਅਤੇ ਦੋ ਸਾਲ ਸਜ਼ਾ ਹੋਰ ਵਧਾ ਦਿੱਤੀ ਗਈ। ਗ਼ਦਰੀਆਂ ਨੇ ਕਲਕੱਤਿਓਂ ਬਦਲ ਕੇ ਆਏ ਗੋਰੇ ਦਰੋਗ਼ੇ ਮੀਕ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ, ਜਦੋਂ 27 ਕੋਠੜੀਆਂ ਦੀਆਂ ਵੱਢੀਆਂ ਸੀਖਾਂ ਹਟਾ ਕੇ ਉਹ ਦਰੋਗ਼ੇ ਸਾਹਮਣੇ ਆ ਹਾਜ਼ਿਰ ਹੋਏ। ਇਸ ਮਗਰੋਂ ਗ਼ਦਰੀ ਕੈਦੀਆਂ ਨਾਲ ਜੇਲ ਅਧਿਕਾਰੀਆਂ ਦਾ ਵਤੀਰਾ ਨਰਮ ਹੋ ਗਿਆ। ਇਸ ਜੇਲ ਤੋਂ ਬਾਅਦ ਰਾਜਮੁੰਦਰੀ (ਮਦਰਾਸ), ਬੈਲੂਰ ਹਾਤਾ, ਲਾਹੌਰ, ਰਾਵਲਪਿੰਡੀ, ਫ਼ਿਰੋਜ਼ਪੁਰ ਤੇ ਜਲੰਧਰ ਜੇਲਾਂ ਵਿਚ 20 ਸਾਲ 9 ਮਹੀਨੇ 17 ਦਿਨ ਰੱਖਕੇ 10 ਦਸੰਬਰ 1935 ਨੂੰ ਰਿਹਾਅ ਕਰ ਦਿੱਤਾ। ਸਜ਼ਾ ਤਾਂ 1929 ਵਿਚ ਹੀ ਪੂਰੀ ਹੋ ਗਈ ਸੀ, ਪਰ ਬਾਬਾ ਹਰਨਾਮ ਸਿੰਘ ਬਾਸ਼ਰਤ ਰਿਹਾਈ ਤੋਂ ਇਨਕਾਰੀ ਸਨ ਤੇ ਆਖ਼ਿਰ ਵਾਇਸਰਾਏ ਨੂੰ ਇਨ੍ਹਾਂ ਵਾਸਤੇ ਖ਼ਾਸ ਹੁਕਮ ਦੇ ਕੇ ਰਿਹਾ ਕਰਨਾ ਪਿਆ।

ਗ਼ਦਰੀ ਬਾਬਾ ਹਰਨਾਮ ਸਿੰਘ ਜੀ ਦੀ ਬਰਸੀ ਸਮਾਗਮ 18 ਮਈ ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਗੁਰਦੁਆਰਾ ਆਲਮਗੀਰ ਸਾਹਿਬ ਘੰਟਾ ਘਰ ਕਾਲਾ ਸੰਘਿਆਂ ਵਿਖੇ ਰੱਖਿਆ ਗਿਆ ਹੈ। ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਹੋਵੇਗਾ। ਇਸ ਮੌਕੇ 'ਤੇ ਵੱਖ ਵੱਖ ਬੁਲਾਰੇ ਉਨ੍ਹਾਂ ਦੇ ਲੋਕ ਹਿਤੈਸ਼ੀ ਜੀਵਨ ਤੇ ਚਰਚਾ ਕਰਨਗੇ।

**ਕਾਲਾ ਸੰਘਿਆਂ ਡਾਟ ਕਾਮ ਤੋਂ ਧੰਨਵਾਦ ਸਹਿਤ।**

# ਪੰਜਾਬੀ ਬੋਲੀ, ਸਿੱਖ ਧਰਮ ਤੇ ਸੱਭਿਆਚਾਰ ਉੱਤੇ ਹੋ ਰਹੇ ਹਮਲਿਆਂ ਦੇ ਜਵਾਬ 'ਚ 'ਮੇਰਾ ਬਾਬਾ ਨਾਨਕ' ਫਿਲਮ ਕਾਰਗਰ ਉਪਰਾਲਾ : ਰਣਜੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਪੰਜਾਬੀ ਫਿਲਮ ਮੇਰਾ ਬਾਬਾ ਨਾਨਕ ਦਾ ਸਵਾਗਤ ਕਰਦਿਆਂ ਸਿੱਖ ਕੌਮ ਨੂੰ ਇਸ ਫਿਲਮ ਦੀ ਡਟਵੀਂ ਹਮਾਇਤ ਕਰਨ ਦੀ ਅਪੀਲ ਕੀਤੀ ਗਈ ਹੈ ਕਿ ਇਹ ਫਿਲਮ ਪੰਜਾਬੀ ਬੋਲੀ, ਸਿੱਖ ਧਰਮ ਅਤੇ ਸਿੱਖ ਸੱਭਿਆਚਾਰ ਉੱਪਰ ਹੋ ਰਹੇ ਹਮਲਿਆਂ ਦੇ ਜਵਾਬ ਵਿੱਚ ਇੱਕ ਕਾਰਗਰ ਉਪਰਾਲਾ ਹੈ। ਫੈਡਰੇਸ਼ਨ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬੀਤੇ ਸਮੇਂ ਵਿੱਚ ਬੜੀਆਂ ਫਿਲਮਾਂ, ਗੀਤ, ਲੇਖ ਅਤੇ ਕਿਤਾਬਾਂ ਸਿੱਖ ਜਜ਼ਬਾਤਾਂ ਅਤੇ ਸਿੱਖ ਹਿੱਤਾਂ ਦੇ ਖ਼ਿਲਾਫ਼ ਆਈਆਂ ਜਿਨ੍ਹਾਂ ਦਾ ਸਿੱਖ ਸੰਗਤਾਂ ਨੇ ਠੋਕਵਾਂ ਵਿਰੋਧ ਕੀਤਾ ਪਰ ਬੜੇ ਲੰਮੇ ਅਰਸੇ ਬਾਅਦ ਇੱਕ ਫਿਲਮ ਆਈ ਹੈ ਜੋ ਹਰ ਸਿੱਖ ਨੂੰ ਤਾਂ ਪਰਿਵਾਰ ਸਮੇਤ ਵੇਖਣੀ ਚਾਹੀਦੀ ਹੀ ਹੈ ਪਰ ਗੈਰ-ਸਿੱਖ ਵੀ ਲਾਜ਼ਮੀ ਵੇਖਣ ਤਾਂ ਕਿ ਉਨ੍ਹਾਂ ਨੂੰ ਸਿੱਖ ਕੌਮ ਦੇ ਸੱਚੇ -ਸੁੱਚੇ ਪੱਖ ਸਮਝ ਪੈ ਸਕਣ। ਫ਼ੈਡਰੇਸ਼ਨ ਚੀਫ਼ ਰਣਜੀਤ ਸਿੰਘ ਦਮਦਮੀ



ਟਕਸਾਲ ਨੇ ਕਿਹਾ ਕਿ ਸਿੱਖਾਂ ਦਾ ਆਪਣੇ ਇਸ਼ਟ ਵਿੱਚ ਭਰੋਸਾ ਜਿਸ ਤਰ੍ਹਾਂ ਇਸ ਫਿਲਮ ਵਿੱਚ ਵਿਖਾਇਆ ਗਿਆ ਹੈ, ਉਹ ਕਮਾਲ ਹੈ ਤੇ ਨਾਲ ਹੀ ਨਸ਼ੇ, ਧੋਖੇ, ਜ਼ਮੀਨ-ਜਾਇਦਾਦ ਲਈ ਹਵਸ ਤੇ ਹੋਰ ਨਾਂਹਵਾਚਕ ਔਗੁਣਾਂ ਬਾਰੇ ਸੁਚੱਜੀ ਮੱਤ ਦਿਤੀ ਗਈ ਹੈ। ਉਨ੍ਹਾਂ ਕਿਹਾ ਕਿ ਜਦ ਸਾਡੀ ਜਵਾਨੀ ਨੂੰ ਕੁਰਾਹੇ ਪਾਉਣ ਲਈ ਮੁਲਕ ਦੀ ਹਕੂਮਤ ਕਰੋੜਾਂ-ਅਰਬਾਂ ਰੁਪਈਆ ਖਰਚ ਰਹੀ ਹੋਵੇ, ਉਸ ਸਮੇਂ ਜੇ ਕੋਈ ਇਸ ਕਹਿਰ ਭਰੇ ਹਮਲੇ ਖਿਲਾਫ ਫਿਲਮ ਬਣਾਉਂਦਾ ਹੈ ਤਾਂ ਸਿੱਖ ਕੌਮ ਨੂੰ ਉਸ ਦਾ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਇਹੋ ਜਿਹੀਆਂ ਹੋਰ ਫਿਲਮਾਂ ਬਣਨ। ਉਨ੍ਹਾਂ ਕਿਹਾ ਕਿ ਸਿੱਖਾਂ ਕੋਲੋਂ ਸਿੱਖੀ ਛੁਡਵਾ ਕੇ, ਸਿੱਖਾਂ ਨੂੰ ਨਾਸਤਿਕ, ਨਸ਼ੇੜੀ, ਅਯਾਸ਼ ਤੇ ਬਦਮਾਸ਼ ਬਣਨ ਵਾਲੀਆਂ ਫਿਲਮਾਂ ਦੇ ਬਿਲਕੁਲ ਇਹ ਫਿਲਮ ਸਿੱਖਾਂ ਨੂੰ ਸਿੱਖੀ ਵਿਚ ਪ੍ਰਪੱਕ ਹੋਣ ਦਾ ਹੋਕਾ ਦਿੰਦੀ ਹੈ। ਫਿਲਮ ਦੇ ਹਰ ਦ੍ਰਿਸ਼ ਵਿਚ ਗੁਰਦੁਆਰਾ ਸਾਹਿਬ ਦੇ ਦਰਸ਼ਨ ਹੁੰਦੇ ਹਨ, ਬਾਣੀ ਅਤੇ ਸਿੱਖ ਆਦਰਸ਼ਾਂ ਦੀ ਪੇਸ਼ਕਾਰੀ ਹੈ। ਉਨ੍ਹਾਂ ਕਿਹਾ ਕਿ ਫਿਲਮ ਨੇ ਸਾਬਤ ਸੂਰਤ ਹੀਰੋ ਦੀ ਪਿਰਤ ਨੂੰ ਕਾਇਮ ਕਰਦਿਆਂ ਨਵੀਂ ਲੀਹ ਪਾਈ ਹੈ। ਫ਼ੈਡਰੇਸ਼ਨ ਦੇ ਮੁਖੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਸ ਇਨਕਲਾਬੀ ਕਦਮ ਲਈ ਫਿਲਮ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ ਹੈ।

# ਸਿੱਖ ਚਿੰਤਕ ਭਾਈ ਅਜਮੇਰ ਸਿੰਘ ਵੱਲੋਂ ਹੋਂਦ ਦਾ ਨਗਾਰਚੀ ਕਿਤਾਬ ਦੀ ਸ਼ਲਾਘਾ

ਅੰਮ੍ਰਿਤਸਰ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਸਿੱਖ ਚਿੰਤਕ ਅਤੇ ਪੰਥਕ ਲੇਖਕ ਭਾਈ ਅਜਮੇਰ ਸਿੰਘ ਨੂੰ ਮੁਲਾਕਾਤ ਦੌਰਾਨ ਆਪਣੀ ਲਿਖੀ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ (ਭਾਗ ਦੂਜਾ) ਕਿਤਾਬ ਪ੍ਰੇਮ ਅਤੇ ਸਤਿਕਾਰ ਸਹਿਤ ਭੇਟ ਕੀਤੀ ਗਈ। ਇਸ ਮੌਕੇ ਸਿੱਖ ਚਿੰਤਕ ਭਾਈ ਅਜਮੇਰ ਸਿੰਘ ਨੇ ਕਿਹਾ ਕਿ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਦੀਪ ਸਿੱਧੂ ਦੇ ਜੀਵਨ, ਸੋਚ ਅਤੇ ਸੰਘਰਸ਼ ਉੱਤੇ ਹੋਂਦ ਦਾ ਨਗਾਰਚੀ ਕਿਤਾਬ ਲਿਖ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ ਤੇ ਇਹ ਕਿਤਾਬ ਇਤਿਹਾਸਿਕ ਦਸਤਾਵੇਜ਼ ਬਣ ਗਈ ਹੈ। ਭਾਈ ਅਜਮੇਰ ਸਿੰਘ ਨੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਕਿਹਾ ਕਿ ਮੌਜੂਦਾ ਸਿੱਖ ਸੰਘਰਸ਼ ਦੇ ਸ਼ਹੀਦਾਂ ਦੀਆਂ ਜੀਵਨੀਆਂ ਲਿਖ ਕੇ ਤੁਸੀਂ ਵਧੀਆ ਉਪਰਾਲੇ ਕਰ ਰਹੇ ਹੋ, ਗੁਰੂ ਸਾਹਿਬ ਤੁਹਾਡੀ ਕਲਮ ਨੂੰ ਹੋਰ ਬਲ ਬਖ਼ਸ਼ਣ ਤੇ ਤੁਸੀਂ ਚੜ੍ਹਦੀ ਕਲਾ ਨਾਲ ਕੌਮੀ



ਕਾਰਜ ਜਾਰੀ ਰੱਖੋ। ਮੁਲਾਕਾਤ ਦੌਰਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਵੱਲੋਂ ਸਿੱਖ ਚਿੰਤਕ, ਪੰਥਕ ਵਿਦਵਾਨ ਅਤੇ ਨਾਮਵਰ ਲੇਖਕ ਭਾਈ ਅਜਮੇਰ ਸਿੰਘ ਨੂੰ ਸਿਰੋਪਾ ਪਾ ਕੇ ਸਨਮਾਨਿਤ ਵੀ ਕੀਤਾ ਗਿਆ ਅਤੇ ਉਹਨਾਂ ਦੀਆਂ ਚਰਚਿਤ ਕਿਤਾਬਾਂ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ, ਕਿਸ ਬਿਧ ਰੁਲੀ ਪਾਤਸ਼ਾਹੀ, ਗ਼ਦਰੀ ਬਾਬੇ ਕੌਣ ਸਨ, ਤੁਫ਼ਾਨਾਂ ਦਾ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਜਸਵੰਤ ਸਿੰਘ ਖਾਲੜਾ, 1984 ਅਣਚਿਤਵਿਆ ਕਹਿਰ, ਸਿੱਖਾਂ ਦੀ ਸਿਧਾਂਤਕ ਘੇਰਾਬੰਦੀ ਦੀ ਭਰਪੂਰ ਸ਼ਲਾਘਾ ਕੀਤੀ।

AGES: 7 and above

# CAMP GURMAT

## SUMMER 2023 IN MARYLAND

## A leadership training experience for Sikh children



**KIRTAN | TABLA | GATKA | WORKSHOPS | SPORTS | ARTS & CRAFTS | EVENING ACTIVITIES**

**Sunday, July 9 - Saturday, July 15, 2023**

**Lathrop E Smith Environmental Education Center**
**5110 Meadowside Ln, Derwood, Maryland 20855**

Register: **https://ggsfusa.org/gurmat-camp-registration/**

For more information: campgurmat@gmail.com; +1 (240) 672-1586

**Guru Gobind Singh Foundation www.ggsfusa.org**

# ਪ੍ਰਧਾਨ ਮੰਤਰੀ ਦਾ ਸਰਵਉਚ ਨਾਗਰਿਕ ਐਵਾਰਡਾਂ ਨਾਲ ਸਨਮਾਨ

## *ਦੋ ਪ੍ਰਸ਼ਾਂਤ ਟਾਪੂ ਮੁਲਕਾਂ ਵੱਲੋਂ ਕਿਸੇ ਗੈਰ-ਨਾਗਰਿਕ ਨੂੰ ਦਿੱਤਾ ਗਿਆ ਨਿਵੇਕਲਾ ਸਨਮਾਨ*



ਪੋਰਟ ਮੋਰੇਸਬੀ ਵਿੱਚ ਫਿਜੀ ਦੇ ਪ੍ਰਧਾਨ ਮੰਤਰੀ ਸਿਤਵੇਨੀ ਰੁਬੂਕਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਦਿੰਦੇ ਹੋਏ।



ਸਿਡਨੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦਾ ਹੋਇਆ ਪਰਵਾਸੀ ਭਾਰਤੀ ਭਾਈਚਾਰਾ।

ਪੋਰਟ ਮੋਰੇਸਬੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਾਪੂਆ ਨਿਊ ਗਿਨੀ ਤੇ ਫਿਜੀ ਦੇ ਸਰਵਉੱਚ ਨਾਗਰਿਕਾਂ ਸਨਮਾਨ ਨਾਲ ਨਿਵਾਜਿਆ ਗਿਆ ਹੈ। ਦੋ ਪ੍ਰਸ਼ਾਂਤ ਟਾਪੂ ਮੁਲਕਾਂ ਵੱਲੋਂ ਕਿਸੇ ਗੈਰ-ਨਾਗਰਿਕ ਨੂੰ ਦਿੱਤਾ ਇਹ ਨਿਵੇਕਲਾ ਸਨਮਾਨ ਹੈ। ਭਾਰਤੀ ਵਿਦੇਸ਼ ਮੰਤਰਾਲੇ ਇਕ ਬਿਆਨ ਵਿੱਚ ਕਿਹਾ ਕਿ ਸਰਕਾਰੀ ਹਾਊਸ ਵਿੱਚ ਵਿਸ਼ੇਸ਼ ਸਮਾਗਮ ਦੌਰਾਨ ਪਾਪੂਆ ਨਿਊ ਗਿਨੀ ਦੇ ਰਾਜਪਾਲ ਸਰ ਬੌਬ ਡਾਡੇਈ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਗਰੈਂਡ ਕੰਪੈਨੀਅਨ ਆਫ ਦਿ ਆਰਡਰ ਆਫ ਲੋਗੋਹੂ (ਜੀਸੀਐੱਲ) ਨਾਲ ਸਨਮਾਨਿਤ ਕੀਤਾ। ਬਿਆਨ ਵਿੱਚ ਕਿਹਾ ਗਿਆ ਕਿ ਇਹ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਹੈ ਤੇ ਇਹ ਐਵਾਰਡ ਹਾਸਲ ਕਰਨ ਵਾਲੇ ਦੇ ਨਾਂ ਅੱਗੇ 'ਚੀਫ਼' ਸਿਰਲੇਖ ਲਾਇਆ ਜਾਂਦਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਚੀਨ ਦੇ ਅਸਿੱਧੇ ਹਵਾਲੇ ਨਾਲ 14 ਪ੍ਰਸ਼ਾਂਤ ਟਾਪੂ ਮੁਲਕਾਂ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸਲ ਦੋਸਤ ਉਹੀ ਹੈ ਜੋ ਲੋੜ ਪੈਣ 'ਤੇ ਕੰਮ ਆਏ। ਉਨ੍ਹਾਂ ਕਿਹਾ ਕਿ ਜਿਹੜੇ ਭਰੋਸੇਯੋਗ ਮੰਨੇ ਜਾਂਦੇ ਸੀ, 'ਉਹ ਲੋੜ ਪੈਣ 'ਤੇ ਸਾਡੇ ਨਾਲ ਨਹੀਂ ਖੜ੍ਹੇ।' ਸ੍ਰੀ ਮੋਦੀ ਨੇ ਪਾਪੂਆ ਨਿਊ ਗਿਨੀ ਦੇ ਆਪਣੇ ਹਮਰੁਤਬਾ ਜੇਮਜ਼ ਮਾਰਾਪੇ ਨਾਲ ਦੁਵੱਲੇ ਸਬੰਧਾਂ ਦੀ ਸਮੀਖਿਆ ਵੀ ਕੀਤੀ। ਦੋਵਾਂ ਆਗੂਆਂ ਨੇ ਵਣਜ, ਤਕਨਾਲੋਜੀ, ਸਿਹਤ ਸੰਭਾਲ ਅਤੇ ਜਲਵਾਯੂ ਤਬਦੀਲੀ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਇਸ ਤੋਂ ਪਹਿਲਾਂ ਫਿਜੀ ਦੇ ਪ੍ਰਧਾਨ ਮੰਤਰੀ ਸਿਤੀਵੇਨੀ ਰਾਬੂਕਾ ਨੇ ਵੀ ਸ੍ਰੀ ਮੋਦੀ ਨੂੰ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਦਿੱਤਾ। ਇਥੇ ਪੋਰਟ ਮੋਰੇਸਬੀ ਵਿੱਚ ਐੱਫਆਈਪੀਆਈਸੀ (ਫੋਰਮ ਫਾਰ ਇੰਡੀਆ ਪੈਸੇਫਿਕ ਆਈਲੈਂਡਜ਼ ਕੋਆਪਰੇਸ਼ਨ) ਸਿਖਰ ਵਾਰਤਾ ਦੌਰਾਨ ਆਗੂਆਂ ਨੂੰ ਆਪਣੇ ਸੰਬੋਧਨ ਵਿੱਚ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਮੁਸ਼ਕਲ ਸਮੇਂ ਵਿਚ ਪ੍ਰਸ਼ਾਂਤ ਟਾਪੂ ਮੁਲਕਾਂ ਨਾਲ ਖੜ੍ਹਦਾ ਰਿਹਾ ਹੈ। ਉਨ੍ਹਾਂ ਆਗੂਆਂ ਨੂੰ ਕਿਹਾ ਕਿ ਉਹ ਨਵੀਂ ਦਿੱਲੀ ਨੂੰ 'ਭਰੋਸੇਯੋਗ' ਵਿਕਾਸ ਭਾਈਵਾਲ ਮੰਨ ਸਕਦੇ ਹਨ, ਕਿਉਂਕਿ ਭਾਰਤ ਉਨ੍ਹਾਂ ਦੀਆਂ ਤਰਜੀਹਾਂ ਦਾ ਸਤਿਕਾਰ ਕਰਦਾ ਹੈ ਤੇ ਸਹਿਯੋਗ ਲਈ ਉਸ ਦੀ ਪਹੁੰਚ ਮਾਨਵੀ ਕਦਰਾਂ ਕੀਮਤਾਂ 'ਤੇ ਅਧਾਰਿਤ ਹੈ। ਤਿੰਨ ਮੁਲਕੀ ਦੌਰੇ ਦੇ ਆਪਣੇ ਦੂਜੇ ਪੜਾਅ ਤਹਿਤ ਐਤਵਾਰ ਨੂੰ ਇਥੇ ਪੁੱਜੇ ਪ੍ਰਧਾਨ ਮੰਤਰੀ ਨੇ ਪ੍ਰਸ਼ਾਂਤ ਟਾਪੂ ਮੁਲਕਾਂ ਲਈ ਖੁੱਲ੍ਹੇ ਤੇ ਮੋਕਲੇ ਹਿੰਦ-ਪ੍ਰਸ਼ਾਂਤ ਖਿੱਤੇ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ।

ਸ੍ਰੀ ਮੋਦੀ ਨੇ ਟਾਪੂਨੁਮਾ ਮੁਲਕਾਂ ਨੂੰ ਯਕੀਨ ਦਿਵਾਇਆ ਕਿ ਭਾਰਤ 'ਬੇਝਿਜਕ ਹੋ ਕੇ' ਆਪਣੀ ਸਮਰੱਥਾ ਤੇ ਤਜਰਬਿਆਂ ਨੂੰ ਉਨ੍ਹਾਂ ਨਾਲ ਸਾਂਝਾ ਕਰਨ ਲਈ ਤਿਆਰ ਹੈ ਤੇ 'ਉਹ ਹਰ ਤਰੀਕੇ ਨਾਲ ਉਨ੍ਹਾਂ ਨਾਲ ਖੜ੍ਹੇ ਹਨ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਪੂਆ ਨਿਊ ਗਿਨੀ ਦੀ ਰਾਜਧਾਨੀ ਵਿੱਚ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ, ਜਦੋਂ ਇਸ ਖਿੱਤੇ ਵਿੱਚ ਚੀਨ ਦਾ ਹਮਲਾਵਰ ਰੁਖ਼ ਕਿਸੇ ਤੋਂ ਲੁਕਿਆ ਨਹੀਂ ਤੇ ਉਸ ਵੱਲੋਂ ਪ੍ਰਸ਼ਾਂਤ ਟਾਪੂ ਮੁਲਕਾਂ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸ੍ਰੀ ਮੋਦੀ ਨੇ ਕਿਹਾ, "ਜਿਨ੍ਹਾਂ ਨੂੰ ਤੁਸੀਂ ਭਰੋਸੇਯੋਗ ਮੰਨਦੇ ਸੀ, ਉਹ ਲੋੜ ਪੈਣ 'ਤੇ ਸਾਡੇ ਨਾਲ ਨਹੀਂ ਖੜ੍ਹੇ।" ਉਨ੍ਹਾਂ ਕਿਹਾ, "ਮੈਨੂੰ ਖ਼ੁਸ਼ੀ ਹੈ ਕਿ ਇਸ ਚੁਣੌਤੀਪੂਰਨ ਸਮੇਂ ਵਿਚ ਭਾਰਤ ਪ੍ਰਸ਼ਾਂਤ ਟਾਪੂ ਮੁਲਕਾਂ ਦੇ ਨਾਲ ਖੜ੍ਹਾ। ਵੈਕਸੀਨ ਹੋਵੇ ਜਾਂ ਫਿਰ ਜ਼ਰੂਰੀ ਦਵਾਈਆਂ, ਕਣਕ ਜਾਂ ਚੀਨੀ; ਭਾਰਤ ਨੇ ਆਪਣੀ ਸਮਰੱਥਾ ਮੁਤਾਬਕ ਸਾਰੇ ਭਾਈਵਾਲ ਮੁਲਕਾਂ ਦੀ ਮਦਦ ਕੀਤੀ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀ ਵਿਕਾਸ ਭਾਈਵਾਲੀ ਤੱਕ ਪਹੁੰਚ 'ਮਾਨਵੀ ਮੁੱਲਾਂ' ਉੱਤੇ ਅਧਾਰਿਤ ਹੈ। ਭਾਰਤ ਤੁਹਾਡੀਆਂ ਤਰਜੀਹਾਂ ਦਾ ਸਤਿਕਾਰ ਕਰਦਾ ਹੈ। ਉਸ ਨੂੰ ਤੁਹਾਡਾ ਵਿਕਾਸ ਭਾਈਵਾਲ ਹੋਣ ਦਾ ਮਾਣ ਹੈ।

### ਸ਼ਹੀਦੀ ਦਿਹਾੜੇ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਸਿਡਨੀ ਅਸਟਰੇਲੀਆ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਸ਼ਰਧਾਜਲੀ

ਆਸਟਰੇਲੀਆ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਸਟਰੇਲੀਆ ਦੌਰੇ 'ਤੇ ਹਨ। ਇਸ ਦੌਰੇ ਦੌਰਾਨ ਉਹ ਸਿਡਨੀ ਵਿਖੇ ਕੁਡੋਸ ਬੈਂਕ ਅਰੇਨਾ ਪਹੁੰਚੇ, ਜਿੱਥੇ ਉਹਨਾਂ ਨੇ ਵਿਦੇਸ਼ੀ ਭਾਰਤੀਆਂ ਦੇ ਇਕ ਪ੍ਰੋਗਰਾਮ ਵਿਚ ਸੰਬੋਧਨ ਕੀਤਾ। ਆਪਣੇ ਸਬੰਧੋਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਿਜਦਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਸ਼ਹੀਦਾਂ ਦੇ ਸਰਤਾਜ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੈ। ਸਾਨੂੰ ਗੁਰੂ ਜੀ ਦੇ ਜੀਵਨ ਤੋਂ ਸਾਰਿਆਂ ਦੀ ਸੇਵਾ ਕਰਨ ਦੀ ਸਿੱਖਿਆ ਮਿਲਦੀ ਹੈ। ਗੁਰੂ ਜੀ ਨੇ ਦਸੰਵਧ ਕੱਢਣ ਦੀ ਸ਼ੁਰੂਆਤ ਕੀਤੀ ਸੀ। ਇਸੇ ਪ੍ਰੇਰਣਾ ਨਾਲ ਕੋਰੋਨਾ ਮਹਾਮਾਰੀ ਦੌਰਾਨ ਬਹੁਤ ਸਾਰੇ ਗੁਰਦੁਆਰਾ ਸਾਹਿਬ ਦੇ ਲੰਗਰਾਂ ਨੇ ਲੋਕਾਂ ਦੇ ਢਿੱਡ ਭਰੇ।

ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੀਆਂ ਰਸੋਈਆਂ ਪੀੜਤਾਂ ਦੀ ਮਦਦ ਲਈ ਖੁੱਲ੍ਹੀ ਰਹੀ। ਆਸਟਰੇਲੀਆ ਵਿਚ ਰਹਿ ਕੇ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਲੋਕਾਂ ਦੀ ਮਦਦ ਕੀਤੀ। ਪੀਐੱਮ ਮੋਦੀ ਨੇ ਕਿਹਾ ਕਿ ਭਾਰਤੀ ਕਿਤੇ ਵੀ ਰਹਿਣ ਉਹਨਾਂ ਵਿਚ ਦੂਜਿਆਂ ਦੀ ਮਦਦ ਕਰਨ ਜ਼ਜਬਾ ਕਾਇਮ ਰਹਿੰਦਾ ਹੈ। ਦੁਨੀਆ ਭਰ ਵਿਚ ਕਿਤੇ ਵੀ ਕੋਈ ਆਫ਼ਤ ਆਉਂਦੀ ਹੈ, ਭਾਰਤੀ ਮਦਦ ਲਈ ਹਮੇਸ਼ਾ ਤਿਆਰ ਰਹਿੰਦ ਹਨ।

## ਜਪਾਨ ਤੋਂ ਪਾਪੂਆ ਨਿਊ ਗਿਨੀ ਪਹੁੰਚੇ ਪ੍ਰਧਾਨ ਮੰਤਰੀ ਮੋਦੀ




ਨਰਿੰਦਰ ਮੋਦੀ ਦਾ ਸਵਾਗਤ ਕਰਦੇ ਹੋਏ ਸਥਾਨਕ ਕਲਾਕਾਰ।

ਪੋਰਟ ਮੋਰੈਸਬੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਪੂਆ ਨਿਊ ਗਿਨੀ ਪਹੁੰਚੇ ਜਿੱਥੇ ਉਹ ਆਪਣੇ ਹਮਰੁਤਬਾ ਜੇਮਸ ਮਾਰਾਪੇ ਨਾਲ ਭਾਰਤ-ਪ੍ਰਸ਼ਾਂਤ ਦੀਪ ਸਹਿਯੋਗ ਮੰਚ (ਐੱਫਆਈਪੀਆਈਸੀ) ਦੇ ਤੀਜੇ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰਨਗੇ। ਇੱਥੇ ਹਵਾਈ ਅੱਡੇ ਉਤੇ ਪਹੁੰਚਣ 'ਤੇ ਪਾਪੂਆ ਨਿਊ ਗਿਨੀ ਦੇ ਪ੍ਰਧਾਨ ਮੰਤਰੀ ਜੇਮਸ ਮਾਰਾਪੇ ਨੇ ਮੋਦੀ ਦਾ ਸਵਾਗਤ ਕੀਤਾ ਤੇ ਸਨਮਾਨ ਵਜੋਂ ਉਨ੍ਹਾਂ ਦੇ ਪੈਰੀਂ ਹੱਥ ਵੀ ਲਾਏ।

ਤਿੰਨ ਦੇਸ਼ਾਂ ਦੇ ਆਪਣੇ ਦੌਰੇ ਦੇ ਦੂਜੇ ਗੇੜ 'ਚ ਮੋਦੀ ਪਾਪੂਆ ਨਿਊ ਗਿਨੀ ਪਹੁੰਚੇ ਹਨ। ਇਹ ਕਿਸੇ ਵੀ ਭਾਰਤੀ ਪ੍ਰਧਾਨ ਮੰਤਰੀ ਵੱਲੋਂ ਪਾਪੂਆ ਨਿਊ ਗਿਨੀ ਦੀ ਪਹਿਲੀ ਯਾਤਰਾ ਹੈ। ਪ੍ਰਧਾਨ ਮੰਤਰੀ ਜਪਾਨ ਤੋਂ ਇੱਥੇ ਪਹੁੰਚੇ ਹਨ ਜਿੱਥੇ ਉਨ੍ਹਾਂ ਜੀ-7 ਦੇ ਸਿਖਰ ਸੰਮੇਲਨ 'ਚ ਹਿੱਸਾ ਲਿਆ ਸੀ ਤੇ ਕਈ ਆਲਮੀ ਆਗੂਆਂ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ ਸਨ।

ਮੋਦੀ ਨੇ ਟਵੀਟ ਕੀਤਾ, 'ਪਾਪੂਆ ਨਿਊ ਗਿਨੀ ਪਹੁੰਚ ਗਿਆ ਹਾਂ। ਮੈਂ ਹਵਾਈ ਅੱਡੇ 'ਤੇ ਆਉਣ ਅਤੇ ਮੇਰਾ ਸਵਾਗਤ ਕਰਨ ਲਈ ਪ੍ਰਧਾਨ ਮੰਤਰੀ ਜੇਮਸ ਮਾਰਾਪੇ ਦਾ ਸ਼ੁਕਰਗੁਜ਼ਾਰ ਹਾਂ। ਇਹ ਮਾਣ-ਸਨਮਾਨ ਬਹੁਤ ਹੀ ਖਾਸ ਹੈ ਜਿਸ ਨੂੰ ਮੈਂ ਹਮੇਸ਼ਾ ਯਾਦ ਰੱਖਾਂਗਾ। ਮੈਂ ਆਪਣੀ ਯਾਤਰਾ ਦੌਰਾਨ ਇਸ ਮਹਾਨ ਦੇਸ਼ ਨਾਲ ਭਾਰਤ ਦੇ ਸਬੰਧਾਂ ਨੂੰ ਹੁਲਾਰਾ ਦੇਣ ਲਈ ਉਤਸੁਕ ਹਾਂ।' ਆਮ ਤੌਰ 'ਤੇ ਪਾਪੂਆ ਨਿਊ ਗਿਨੀ ਸੂਰਜ ਡੁੱਬਣ ਮਗਰੋਂ ਆਉਣ ਵਾਲੇ ਕਿਸੇ ਨੇਤਾ ਦਾ ਰਸਮੀ ਸਵਾਗਤ ਨਹੀਂ ਕਰਦਾ ਪਰ ਪ੍ਰਧਾਨ ਮੰਤਰੀ ਮੋਦੀ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਗਿਆ।

## ਜੀ-7: ਮੋਦੀ ਵੱਲੋਂ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਦੇ ਸਤਿਕਾਰ ਦਾ ਸੱਦਾ

### *ਯੂਕਰੇਨੀ ਰਾਸ਼ਟਰਪਤੀ ਨਾਲ ਹੋਈ ਵਾਰਤਾ ਦਾ ਵੀ ਕੀਤਾ ਜ਼ਿਕਰ*

ਹੀਰੋਸ਼ੀਮਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਪਾਨ ਦੇ ਹੀਰੋਸ਼ੀਮਾ ਸ਼ਹਿਰ ਵਿਚ ਹੋ ਰਹੇ ਜੀ-7 ਸਿਖ਼ਰ ਸੰਮੇਲਨ ਦੇ ਇਕ ਸੈਸ਼ਨ ਵਿਚ ਕਿਹਾ ਕਿ ਉਹ ਯੂਕਰੇਨ ਵਿਚ ਵਰਤਮਾਨ ਹਾਲਾਤ ਨੂੰ ਰਾਜਨੀਤੀ ਜਾਂ ਅਰਥਚਾਰੇ ਦਾ ਨਹੀਂ, ਬਲਕਿ ਮਨੁੱਖਤਾ ਜਾਂ ਮਨੁੱਖੀ ਕਦਰਾਂ-ਕੀਮਤਾਂ ਦਾ ਮੁੱਦਾ ਮੰਨਦੇ ਹਨ। ਉਨ੍ਹਾਂ ਸਾਰੇ ਦੇਸ਼ਾਂ ਨੂੰ ਕੌਮਾਂਤਰੀ ਕਾਨੂੰਨਾਂ, ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੇ ਸਤਿਕਾਰ ਦਾ ਸੱਦਾ ਦਿੱਤਾ। ਮੋਦੀ ਨੇ ਜੀ-7 ਬੈਠਕ ਦੇ ਇਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਥਿਤੀਆਂ ਨੂੰ ਬਦਲਣ ਦੇ ਇਕਪਾਸੜ ਯਤਨਾਂ ਖ਼ ?ਲਾਫ਼ ਸਾਰਿਆਂ ਨੂੰ ਮਿਲ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਦੇਸ਼ਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ, ਕੌਮਾਂਤਰੀ ਕਾਨੂੰਨਾਂ ਤੇ ਇਕ-ਦੂਜੇ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਵਾਦ ਤੇ ਕੂਟਨੀਤੀ ਹੀ ਇਸ ਸੰਘਰਸ਼ ਦੇ ਹੱਲ ਦਾ ਇਕੋ-ਇਕ ਰਾਹ ਹੈ। ਪ੍ਰਧਾਨ ਮੰਤਰੀ ਦੀਆਂ ਇਹ ਟਿੱਪਣੀਆਂ ਯੂਕਰੇਨ 'ਤੇ ਰੂਸ ਦੇ ਹਮਲੇ ਅਤੇ ਪੂਰਬੀ ਲੱਦਾਖ ਵਿਚ ਚੀਨ ਦੇ ਨਾਲ ਚੱਲ ਰਹੇ ਸਰਹੱਦੀ ਵਿਵਾਦ ਦੇ ਸੰਦਰਭ ਵਿਚ ਆਈਆਂ ਹਨ। ਮੋਦੀ ਨੇ ਆਪਣੇ ਸੰਬੋਧਨ ਵਿਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨਾਲ ਸ਼ਨਿਚਰਵਾਰ ਨੂੰ ਹੋਈ ਵਾਰਤਾ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਟਕਰਾਅ ਦੇ ਹੱਲ ਲਈ ਜੋ ਵੀ ਸੰਭਵ ਹੋਵੇਗਾ, ਭਾਰਤ ਕਰੇਗਾ। ਪ੍ਰਧਾਨ ਮੰਤਰੀ ਦੀ ਇਹ ਟਿੱਪਣੀ ਜ਼ੈਲੇਂਸਕੀ ਦੇ ਜੀ-7 ਸਮੂਹ ਦੀ ਬੈਠਕ ਨੂੰ ਸੰਬੋਧਨ ਕਰਨ ਤੋਂ ਬਾਅਦ ਆਈ ਹੈ। ਇਸ ਵਿਚ ਯੂਕਰੇਨ ਦੇ ਰਾਸ਼ਟਰਪਤੀ ਨੇ ਰੂਸੀ ਹਮਲੇ ਖ਼ ?ਲਾਫ਼ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿਚ ਦੁਨੀਆ ਦੇ ਦੇਸ਼ਾਂ ਤੋਂ ਸਮਰਥਨ ਮੰਗਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅੱਜ ਭਗਵਾਨ ਬੁੱਧ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਤੇ ਜਪਾਨ ਵਿਚ ਹਜ਼ਾਰਾਂ ਸਾਲਾਂ ਤੋਂ ਬੁੱਧ ਨੂੰ ਮੰਨਿਆ ਜਾਂਦਾ ਹੈ ਤੇ ਆਧੁਨਿਕ ਯੁੱਗ ਵਿਚ ਅਜਿਹੀ ਕੋਈ ਸਮੱਸਿਆ ਨਹੀਂ ਹੈ, ਜਿਸ ਦਾ ਹੱਲ ਅਸੀਂ ਬੁੱਧ ਦੀਆਂ ਸਿੱਖਿਆਵਾਂ ਵਿਚ ਨਾ ਖੋਜ ਸਕੀਏ। ਉਨ੍ਹਾਂ ਕਿਹਾ ਕਿ ਭਾਰਤ ਦਾ ਹਮੇਸ਼ਾ ਇਹੀ ਪੱਖ ਰਿਹਾ ਹੈ ਕਿ ਕਿਸੇ ਵੀ ਤਣਾਅ, ਵਿਵਾਦ ਦਾ ਹੱਲ ਸ਼ਾਂਤੀਪੂਰਨ ਤਰੀਕੇ ਨਾਲ, ਗੱਲਬਾਤ ਜ਼ਰੀਏ ਕੱਢਿਆ ਜਾਣਾ ਚਾਹੀਦਾ ਹੈ ਤੇ ਜੇਕਰ ਕਾਨੂੰਨ ਨਾਲ ਕੋਈ ਹੱਲ ਨਿਕਲਦਾ ਹੈ, ਤਾਂ ਉਸ ਨੂੰ ਮੰਨਿਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸੇ ਭਾਵਨਾ ਨਾਲ ਭਾਰਤ ਨੇ ਬੰਗਲਾਦੇਸ਼ ਨਾਲ ਆਪਣੇ ਸਰਹੱਦੀ ਵਿਵਾਦ ਦਾ ਹੱਲ ਕੀਤਾ ਸੀ।



ਜਪਾਨ ਦੇ ਸ਼ਹਿਰ ਹੀਰੋਸ਼ੀਮਾ ਵੱਚ ਜੀ-7 ਸੰਮੇਲਨ 'ਚ ਸ਼ਮੂਲੀਅਤ ਮਗਰੋਂ ਪਾਪੂਆ ਨਿਊ ਗਿਨੀ ਪਹੁੰਚਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੈਰੀਂ ਹੱਥ ਲਾਉਂਦੇ ਹੋਏ ਜੇਮਸ ਮਾਰਾਪੇ।

# ਜੀ-7 ਅਤੇ ਕੁਆਡ ਸਿਖਰ ਸੰਮੇਲਨਾਂ ਲਈ ਹੀਰੋਸ਼ੀਮਾ ਪੁੱਜੇ ਮੋਦੀ

ਹੀਰੋਸ਼ੀਮਾ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ-7 ਮੁਲਕਾਂ ਦੇ ਸਿਖਰ ਸੰਮੇਲਨ ਅਤੇ ਕੁਆਡ ਆਗੂਆਂ ਦੀ ਮੀਟਿੰਗ ਲਈ ਅੱਜ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਪੁੱਜ ਗਏ ਹਨ। ਮੀਟਿੰਗਾਂ ਦੌਰਾਨ ਪ੍ਰਧਾਨ ਮੰਤਰੀ ਆਲਮੀ ਆਗੂਆਂ ਨਾਲ ਦੁਨੀਆ ਨੂੰ ਦਰਪੇਸ਼ ਚੁਣੌਤੀਆਂ ਅਤੇ ਉਨ੍ਹਾਂ ਦੇ ਰਲ ਕੇ ਹੱਲ ਕੱਢਣ ਦੇ ਤਰੀਕਿਆਂ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਗੇ। ਸ੍ਰੀ ਮੋਦੀ ਦੇ ਤਿੰਨ ਮੁਲਕਾਂ ਜਪਾਨ, ਪਾਪੂਆ ਨਿਊ ਗਿਨੀ ਅਤੇ ਆਸਟਰੇਲੀਆ ਦੇ ਦੌਰੇ ਦੌਰਾਨ 40 ਤੋਂ ਵੱਧ ਮੀਟਿੰਗਾਂ 'ਚ ਸ਼ਮੂਲੀਅਤ ਦੀ ਸੰਭਾਵਨਾ ਹੈ। ਅਧਿਕਾਰੀਆਂ ਨੇ ਕਿਹਾ ਕਿ ਉਹ ਸੰਮੇਲਨਾਂ ਦੌਰਾਨ ਦੋ ਦਰਜਨ ਤੋਂ ਵੱਧ ਆਲਮੀ ਆਗੂਆਂ ਨਾਲ ਵਿਚਾਰ ਵਟਾਂਦਰੇ ਤੋਂ ਇਲਾਵਾ ਦੁਵੱਲੀਆਂ ਮੀਟਿੰਗਾਂ ਵੀ ਕਰਨਗੇ। ਜਪਾਨ ਲਈ ਰਵਾਨਾ ਹੋਣ ਤੋਂ ਪਹਿਲਾਂ ਦਿੱਤੇ ਬਿਆਨ 'ਚ ਸ੍ਰੀ ਮੋਦੀ ਨੇ ਕਿਹਾ, "ਜੀ-7 ਮੁਲਕਾਂ ਅਤੇ ਹੋਰ ਮਹਿਮਾਨ ਆਗੂਆਂ ਨਾਲ ਮੈਂ ਦੁਨੀਆ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਰਲ ਕੇ ਕੱਢਣ ਬਾਰੇ ਵਿਚਾਰ ਵਟਾਂਦਰਾ ਕਰਾਂਗਾ। ਮੈਂ ਕੁਝ ਆਗੂਆਂ ਨਾਲ ਦੁਵੱਲੀ ਮੀਟਿੰਗਾਂ ਵੀ ਕਰਾਂਗਾ। ਜੀ-7 ਸਿਖਰ ਸੰਮੇਲਨ 'ਚ ਮੇਰੀ ਹਾਜ਼ਰੀ ਖਾਸ ਤੌਰ 'ਤੇ ਅਰਥ ਭਰਪੂਰ ਹੈ ਕਿਉਂਕਿ ਭਾਰਤ ਇਸ ਸਾਲ ਜੀ-20 ਮੀਟਿੰਗਾਂ ਦੀ ਮੇਜ਼ਬਾਨੀ ਕਰ ਰਿਹਾ ਹੈ।" ਪ੍ਰਧਾਨ ਮੰਤਰੀ ਦਾ ਹਵਾਈ ਅੱਡੇ 'ਤੇ ਜਪਾਨ ਅਤੇ ਭਾਰਤ ਦੇ ਸੀਨੀਅਰ ਅਧਿਕਾਰੀਆਂ ਨੇ ਸਵਾਗਤ ਕੀਤਾ। ਸ੍ਰੀ ਮੋਦੀ 19 ਤੋਂ 21 ਮਈ ਤੱਕ ਹੀਰੋਸ਼ੀਮਾ ਦੇ ਦੌਰੇ 'ਤੇ ਹਨ ਜਿਥੇ ਉਹ ਜੀ-7 ਦੇ ਸਾਲਾਨਾ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਖ਼ੁਰਾਕ, ਖਾਦਾਂ ਅਤੇ ਊਰਜਾ ਸੁਰੱਖਿਆ ਸਮੇਤ ਹੋਰ ਚੁਣੌਤੀਆਂ ਦਾ ਜ਼ਿਕਰ ਕਰ ਸਕਦੇ ਹਨ। ਜਪਾਨ ਤੋਂ ਬਾਅਦ ਸ੍ਰੀ ਮੋਦੀ ਪਾਪੂਆ ਨਿਊ ਗਿਨੀ ਜਾਣਗੇ ਜਿਥੇ ਉਹ 22 ਮਈ ਨੂੰ ਪ੍ਰਧਾਨ ਮੰਤਰੀ ਜੇਮਸ ਮਰਾਪੇ ਨਾਲ ਸਾਂਝੇ ਤੌਰ 'ਤੇ ਫੋਰਮ ਫਾਰ ਇੰਡੀਆ-ਪੈਸੇਫਿਕ ਆਈਲੈਂਡਸ ਕੋਆਪ੍ਰੇਸ਼ਨ (ਐੱਫਆਈਪੀਆਈਸੀ) ਦੇ ਤੀਜੇ ਸਿਖਰ ਸੰਮੇਲਨ ਦੀ ਮੇਜ਼ਬਾਨੀ ਕੀਤੀ। ਸ੍ਰੀ ਮੋਦੀ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ ਜੋ ਪਪੂਆ ਨਿਊ ਗਿਨੀ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਅਹਿਮ ਸੰਮੇਲਨ ਲਈ ਸੱਦਾ ਸਵੀਕਾਰ ਕਰਨ ਵਾਸਤੇ ਉਹ ਸਾਰੇ 14 ਪੈਸੇਫਿਕ ਆਈਲੈਂਡ ਮੁਲਕਾਂ ਦੇ ਸ਼ੁਕਰਗੁਜ਼ਾਰ ਹਨ। ਐੱਫਆਈਪੀਆਈਸੀ ਦਾ ਆਗਾਜ਼ ਸ੍ਰੀ ਮੋਦੀ ਦੇ 2014 'ਚ ਫਿਜੀ ਦੌਰੇ ਸਮੇਂ ਹੋਇਆ ਸੀ। ਬਾਅਦ 'ਚ ਉਹ 22 ਤੋਂ 24 ਮਈ ਤੱਕ ਆਸਟਰੇਲੀਆ ਦਾ ਦੌਰਾ ਕਰਨਗੇ। ਕੁਆਡ ਸਿਖਰ ਸੰਮੇਲਨ ਸਿਡਨੀ 'ਚ ਹੋਣਾ ਸੀ ਪਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਆਸਟਰੇਲੀਆ ਦਾ ਦੌਰਾ ਮੁਲਤਵੀ ਕਰਨ ਕਰਕੇ ਹੁਣ ਇਹ ਹੀਰੋਸ਼ੀਮਾ 'ਚ ਹੋਵੇਗਾ।



ਹੀਰੋਸ਼ੀਮਾ ਪੁੱਜਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਵਾਈ ਅੱਡੇ 'ਤੇ ਅਧਿਕਾਰੀਆਂ ਨਾਲ ਰਸਮੀ ਦੁਆ ਸਲਾਮ ਕਰਦੇ ਹੋਏ।

## ਮੋਦੀ ਤੇ ਸੂਨਕ ਦਰਮਿਆਨ ਮੁਕਤ ਵਪਾਰ ਸਮਝੌਤੇ ਬਾਰੇ ਵਿਚਾਰ-ਚਰਚਾ




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਬਰਤਾਨਵੀ ਹਮਰੁਤਬਾ ਰਿਸ਼ੀ ਸੂਨਕ ਨੂੰ ਗਲਵੱਕੜੀ ਪਾਉਂਦੇ ਹੋਏ।

ਲੰਡਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਰਿਸ਼ੀ ਸੂਨਕ ਨੇ ਅੱਜ ਮੁਕਤ ਵਪਾਰ ਸਮਝੌਤੇ (ਐਫਟੀਏ) ਬਾਰੇ ਗੱਲਬਾਤ ਕਰ ਕੇ ਇਸ ਦੀ ਸਮੀਖਿਆ ਕੀਤੀ। ਡਾਊਨਿੰਗ ਸਟ ?ਰੀਟ ਤੋਂ ਜਾਰੀ ਬਿਆਨ ਮੁਤਾਬਕ ਦੋਵੇਂ ਆਗੂ ਇਸ ਗੱਲ ਉਤੇ ਸਹਿਮਤ ਹੋਏ ਕਿ ਵਪਾਰ ਸਮਝੌਤੇ ਲਈ ਸੰਵਾਦ ਕਰ ਰਹੀਆਂ ਟੀਮਾਂ ਇਸੇ ਰਫ਼ਤਾਰ ਨਾਲ ਸੌਦੇ ਨੂੰ ਸਿਰੇ ਚੜ੍ਹਾਉਣ ਲਈ ਅੱਗੇ ਵਧਣਗੀਆਂ। ਮੋਦੀ ਤੇ ਸੂਨਕ ਅੱਜ ਜੀ-7 ਸੰਮੇਲਨ ਦੌਰਾਨ ਵੱਖਰੇ ਤੌਰ ਉਤੇ ਮਿਲੇ। ਰਿਸ਼ੀ ਸੂਨਕ ਵੱਲੋਂ ਇਸੇ ਸਾਲ ਭਾਰਤ ਵਿਚ ਹੋਣ ਵਾਲੇ ਜੀ20 ਸੰਮੇਲਨ ਵਿਚ ਹਿੱਸਾ ਲੈਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਐਫਟੀਏ ਲਈ ਬਰਤਾਨੀਆ ਵੱਲੋਂ ਮੁੱਖ ਤੌਰ 'ਤੇ ਗੱਲਬਾਤ ਕਰ ਰਹੇ ਪ੍ਰਤੀਨਿਧੀ ਹਰਜਿੰਦਰ ਕੰਗ ਨੂੰ ਹਾਲ ਹੀ ਵਿਚ ਯੂਕੇ ਦਾ ਨਵਾਂ ਟਰੇਡ ਕਮਿਸ਼ਨਰ (ਦੱਖਣ ਏਸ਼ੀਆ) ਤੇ ਡਿਪਟੀ ਹਾਈ ਕਮਿਸ਼ਨਰ (ਪੱਛਮੀ ਭਾਰਤ, ਮੁੰਬਈ) ਨਿਯੁਕਤ ਕੀਤਾ ਗਿਆ ਹੈ।

## ਜੀ-7: ਮੋਦੀ ਵੱਲੋਂ ਵਿਆਪਕ ਖ਼ੁਰਾਕ ਪ੍ਰਣਾਲੀ ਵਿਕਸਤ ਕਰਨ ਦਾ ਸੱਦਾ

*ਹਾਸ਼ੀਏ 'ਤੇ ਧੱਕੇ ਲੋਕਾਂ ਵੱਲ ਧਿਆਨ ਕੇਂਦਰਿਤ ਕਰਨ ਦਾ ਦਿੱਤਾ ਸੁਨੇਹਾ; ਦਰਮਿਆਨੇ ਕਿਸਾਨਾਂ ਨੂੰ ਤਰਜੀਹ ਦੇਣ ਦੀ ਵਕਾਲਤ*

ਹੀਰੋਸ਼ੀਮਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਆਪਕ ਖ਼ੁਰਾਕ ਪ੍ਰਣਾਲੀ ਵਿਕਸਤ ਕਰਨ ਦਾ ਸੱਦਾ ਦਿੰਦਿਆਂ ਦੁਨੀਆ ਦੇ ਹਾਸ਼ੀਏ 'ਤੇ ਧੱਕੇ ਲੋਕਾਂ ਉਪਰ ਧਿਆਨ ਕੇਂਦਰਿਤ ਕਰਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਦਰਮਿਆਨੇ ਕਿਸਾਨਾਂ ਨੂੰ ਉਚੇਚੇ ਤੌਰ 'ਤੇ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਖਾਦ ਵਸੀਲਿਆਂ 'ਤੇ ਕਬਜ਼ੇ ਵਾਲੀ 'ਵਿਸਤਾਰਵਾਦੀ ਮਾਨਸਿਕਤਾ' 'ਤੇ ਵੀ ਨੱਥ ਪਾਉਣ ਲਈ ਕਿਹਾ ਹੈ। ਹੀਰੋਸ਼ੀਮਾ 'ਚ ਜੀ-7 ਸਿਖਰ ਸੰਮੇਲਨ ਦੇ ਇਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਤਕਨਾਲੋਜੀ ਦੇ ਲੋਕਤੰਤਰੀਕਰਨ ਦਾ ਪੱਖ ਪੂਰਦਿਆਂ ਕਿਹਾ ਕਿ ਇਹ ਵਿਕਾਸ ਅਤੇ ਲੋਕਤੰਤਰ ਵਿਚਕਾਰ ਪੁਲ ਦਾ ਕੰਮ ਕਰ ਸਕਦੀ ਹੈ। ਪ੍ਰਧਾਨ ਮੰਤਰੀ ਨੇ ਕੁਦਰਤੀ ਵਸੀਲਿਆਂ ਦੀ ਸੰਪੂਰਨ ਵਰਤੋਂ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖ਼ਪਤਕਾਰ ਤੋਂ ਪ੍ਰੇਰਿਤ ਵਿਕਾਸ ਦੇ ਮਾਡਲ ਨੂੰ ਬਦਲਣਾ ਚਾਹੀਦਾ ਹੈ। 'ਆਲਮੀ ਖਾਦ ਸਪਲਾਈ ਚੇਨਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਇਸ 'ਚ ਸਿਆਸੀ ਅੜਿੱਕੇ ਖ਼ਤਮ ਹੋਣੇ ਚਾਹੀਦੇ ਹਨ। ਖਾਦ ਵਸੀਲਿਆਂ 'ਤੇ ਕਬਜ਼ੇ ਵਾਲੀ ਵਿਸਤਾਰਵਾਦੀ ਮਾਨਸਿਕਤਾ ਰੁਕਣੀ ਚਾਹੀਦੀ ਹੈ। ਇਹ ਸਾਡੇ ਸਾਰਿਆਂ ਦੇ ਸਹਿਯੋਗ ਦਾ ਮਕਸਦ ਹੋਣਾ ਚਾਹੀਦਾ ਹੈ।' ਉਂਜ ਪ੍ਰਧਾਨ ਮੰਤਰੀ ਨੇ ਕਿਸੇ ਵੀ ਮੁਲਕ ਦਾ ਨਾਮ ਨਹੀਂ ਲਿਆ। ਮੋਦੀ ਨੇ ਭੋਜਨ ਦੀ ਬਰਬਾਦੀ ਰੋਕਣ 'ਤੇ ਵੀ ਜ਼ੋਰ ਦਿੰਦਿਆਂ ਕਿਹਾ ਕਿ ਇਹ ਸਾਡੇ



ਹੀਰੋਸ਼ੀਮਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੱਲਵਕੜੀ ਵਿੱਚ ਲੈਂਦੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ।

ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। 'ਇਹ ਸਥਾਈ ਆਲਮੀ ਭੋਜਨ ਸੁਰੱਖਿਆ ਲਈ ਜ਼ਰੂਰੀ ਹੈ।' ਉਨ੍ਹਾਂ ਵਿਕਾਸ, ਤਕਨਾਲੋਜੀ ਅਤੇ ਲੋਕਤੰਤਰ ਵੱਲ ਇਕੱਠਿਆਂ ਧਿਆਨ ਕੇਂਦਰਿਤ ਕਰਨ 'ਤੇ ਵੀ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਕਾਸ ਦੇ ਮਾਡਲ ਨੂੰ ਭਲਾਈ ਲਈ ਵਰਤਣਾ ਚਾਹੀਦਾ ਹੈ ਅਤੇ ਉਹ ਵਿਕਾਸਸ਼ੀਲ ਮੁਲਕਾਂ ਦੀ ਪ੍ਰਗਤੀ 'ਚ ਰੁਕਾਵਟ ਨਾ ਬਣਨ। ਉਨ੍ਹਾਂ ਕੁਦਰਤੀ ਖੇਤੀ ਦੀ ਅਹਿਮੀਅਤ ਦੀ ਵਕਾਲਤ ਕੀਤੀ। 'ਅਸੀਂ ਖਾਦਾਂ ਦੇ ਬਦਲ ਵਜੋਂ ਕੁਦਰਤੀ ਖੇਤੀ ਦਾ ਨਵਾਂ ਮਾਡਲ ਅਪਣਾ ਸਕਦੇ ਹਾਂ। ਮੈਂ ਸਮਝਦਾ ਹਾਂ ਕਿ ਸਾਨੂੰ ਡਿਜੀਟਲ ਤਕਨਾਲੋਜੀ ਦਾ ਲਾਭ ਦੁਨੀਆ ਦੇ ਹਰੇਕ ਕਿਸਾਨ ਤੱਕ ਪਹੁੰਚਾਉਣਾ ਚਾਹੀਦਾ ਹੈ।' ਮੋਦੀ ਨੇ ਆਰਗੈਨਿਕ ਭੋਜਨ ਦੀ ਵਕਾਲਤ ਕਰਦਿਆਂ ਕਿਹਾ ਕਿ ਇਹ ਸਿਹਤ ਨਾਲ ਜੁੜਨਾ ਚਾਹੀਦਾ ਹੈ।

### ਮੋਦੀ ਅਤੇ ਬਾਇਡਨ ਨੇ ਇਕ-ਦੂਜੇ ਨੂੰ ਘੁੱਟ ਕੇ ਜੱਫੀ ਪਾਈ

ਹੀਰੋਸ਼ੀਮਾ: ਜੀ-7 ਸਿਖਰ ਸੰਮੇਲਨ ਦੌਰਾਨ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਇਕ-ਦੂਜੇ ਦੇ ਸਾਹਮਣੇ ਆਏ ਤਾਂ ਉਨ੍ਹਾਂ ਘੁੱਟ ਕੇ ਜੱਫੀ ਪਾਈ। ਦੋਵੇਂ ਆਗੂਆਂ ਵਿਚਕਾਰ ਇਹ ਸੰਖੇਪ ਮਿਲਣੀ ਉਸ ਸਮੇਂ ਹੋਈ ਹੈ ਜਦੋਂ ਮੋਦੀ ਅਗਲੇ ਮਹੀਨੇ ਅਮਰੀਕਾ ਦੇ ਦੌਰੇ 'ਤੇ ਜਾ ਰਹੇ ਹਨ। ਸ੍ਰੀ ਮੋਦੀ ਰਾਸ਼ਟਰਪਤੀ ਬਾਇਡਨ ਅਤੇ ਪ੍ਰਥਮ ਮਹਿਲਾ ਜਿਲ ਬਾਇਡਨ ਦੇ ਸੱਦੇ 'ਤੇ ਅਮਰੀਕਾ ਦੇ ਸਰਕਾਰੀ ਦੌਰੇ 'ਤੇ ਜਾਣਗੇ। ਮੋਦੀ ਦੇ 2014 'ਚ ਪ੍ਰਧਾਨ ਮੰਤਰੀ ਬਣਨ ਮਗਰੋਂ ਉਹ ਛੇ ਕੁ ਵਾਰ ਅਮਰੀਕਾ ਜਾ ਚੁੱਕੇ ਹਨ ਪਰ ਇਹ ਪਹਿਲੀ ਵਾਰ ਹੈ ਜਦੋਂ ਉਨ੍ਹਾਂ ਨੂੰ ਸਰਕਾਰੀ ਦੌਰੇ ਲਈ ਸੱਦਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਮੋਦੀ ਨੇ ਪਿਛਲੇ ਸਾਲ ਨਵੰਬਰ 'ਚ ਇੰਡੋਨੇਸ਼ੀਆ ਦੇ ਬਾਲੀ 'ਚ ਜੀ-20 ਸਿਖਰ ਸੰਮੇਲਨ ਦੌਰਾਨ ਬਾਇਡਨ ਨਾਲ ਮੁਲਾਕਾਤ ਕੀਤੀ ਸੀ।

## ਹਿੰਦ-ਪ੍ਰਸ਼ਾਂਤ ਖਿੱਤੇ ਦੀ ਸਫ਼ਲਤਾ ਤੇ ਸੁਰੱਖਿਆ ਪੂਰੀ ਦੁਨੀਆ ਲਈ ਅਹਿਮ: ਮੋਦੀ

*ਪ੍ਰਧਾਨ ਮੰਤਰੀ ਨੇ ਕੁਆਡ ਸੰਮੇਲਨ ਨੂੰ ਕੀਤਾ ਸੰਬੋਧਨ*

ਹੀਰੋਸ਼ੀਮਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਹਿੰਦ-ਪ੍ਰਸ਼ਾਂਤ ਖ਼ਿੱਤਾ ਆਲਮੀ ਵਪਾਰ, ਕਾਢਾਂ ਅਤੇ ਵਿਕਾਸ ਦਾ 'ਇੰਜਣ' ਹੈ ਅਤੇ ਇਸ ਦੀ ਸਫ਼ਲਤਾ ਤੇ ਸੁਰੱਖਿਆ ਪੂਰੀ ਦੁਨੀਆ ਲਈ ਅਹਿਮ ਹੈ। ਇਥੇ ਕੁਆਡ ਸਿਖਰ ਸੰਮੇਲਨ ਦਾ ਆਗਾਜ਼ ਕਰਦਿਆਂ ਮੋਦੀ ਨੇ ਕਿਹਾ ਕਿ ਕੁਆਡ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਸ਼ਾਂਤੀ, ਸਥਿਰਤਾ ਅਤੇ ਖ਼ੁਸ਼ਹਾਲੀ ਦੇ ਅਹਿਮ ਮੰਚ ਵਜੋਂ ਉਭਰਿਆ ਹੈ। ਉਨ੍ਹਾਂ ਕਿਹਾ ਕਿ ਕੁਆਡ ਗੱਠਜੋੜ ਉਸਾਰੂ ਏਜੰਡੇ ਅਤੇ ਲੋਕਤੰਤਰੀ ਸਿਧਾਂਤਾਂ ਦੇ ਆਧਾਰ 'ਤੇ ਅਗਾਂਹ ਵਧ ਰਿਹਾ ਹੈ। ਮੀਟਿੰਗ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਜਪਾਨੀ ਪ੍ਰਧਾਨ ਮੰਤਰੀ ਫ਼ੁਮੀਓ ਕਿਸ਼ੀਦਾ ਅਤੇ ਆਸਟਰੇਲੀਅਨ ਹਮਰੁਤਬਾ ਐਂਥਨੀ ਅਲਬਨੀਜ਼ ਵੀ ਹਾਜ਼ਰ ਸਨ।



ਕੁਆਡ ਮੀਟਿੰਗ ਵਿੱਚ ਸ਼ਮੂਲੀਅਤ ਕਰਦੇ ਹੋਏ ਜੋਅ ਬਾਇਡਨ, ਐਂਥਨੀ ਅਲਬਨੀਜ਼, ਫ਼ੁਮੀਓ ਕਿਸ਼ੀਦਾ ਤੇ ਨਰਿੰਦਰ ਮੋਦੀ।

ਕੁਆਡ ਆਗੂਆਂ ਨੇ ਯੂਕਰੇਨ ਜੰਗ ਦਾ ਹੱਲ ਵਾਰਤਾ ਅਤੇ ਕੂਟਨੀਤਕ ਢੰਗ ਨਾਲ ਕੱਢਣ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਇਹ ਜੰਗ ਦਾ ਯੁੱਗ ਨਹੀਂ ਹੈ। ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਟੈਂਡ ਨਾਲ ਮੇਲ ਖਾਂਦਾ ਹੈ। ਕੁਆਡ ਸਿਖਰ ਸੰਮੇਲਨ ਤੋਂ ਬਾਅਦ ਆਗੂਆਂ ਨੇ ਸਾਂਝਾ ਬਿਆਨ ਵੀ ਜਾਰੀ ਕੀਤਾ ਜਿਸ 'ਚ ਯੂਕਰੇਨ ਜੰਗ, ਪੂਰਬੀ ਤੇ ਦੱਖਣੀ ਚੀਨ ਸਾਗਰਾਂ ਅਤੇ ਹਿੰਦ-ਪ੍ਰਸ਼ਾਤ ਖ਼ਿੱਤੇ ਲਈ ਆਪੋ ਆਪਣੇ ਨਜ਼ਰੀਏ ਦਾ ਜ਼ਿਕਰ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਉਹ ਸੰਯੁਕਤ ਰਾਸ਼ਟਰ ਚਾਰਟਰ ਦੇ ਸਿਧਾਂਤਾਂ ਤਹਿਤ ਵਿਵਾਦਾਂ ਦੇ ਸ਼ਾਂਤਮਈ ਅਤੇ ਕੌਮਾਂਤਰੀ ਕਾਨੂੰਨ ਮੁਤਾਬਕ ਹੱਲ 'ਤੇ ਜ਼ੋਰ ਦਿੰਦੇ ਹਨ। ਬਿਆਨ 'ਚ ਜੰਗ ਕਾਰਨ ਆਲਮੀ ਆਰਥਿਕ ਪ੍ਰਣਾਲੀ, ਭੋਜਨ, ਈਂਧਣ ਅਤੇ ਊਰਜਾ ਸੁਰੱਖਿਆ 'ਤੇ ਪੈ ਰਹੇ ਅਸਰ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਸ੍ਰੀ ਮੋਦੀ ਨੇ ਕਿਹਾ ਕਿ ਸਾਂਝੀਆਂ ਕੋਸ਼ਿਸ਼ਾਂ ਸਦਕਾ ਹਿੰਦ-ਪ੍ਰਸ਼ਾਤ ਖ਼ਿੱਤੇ ਨੂੰ ਮੁਕਤ, ਖੁੱਲ੍ਹਾ ਅਤੇ ਵਿਆਪਕ ਬਣਾਉਣ ਦੇ ਨਜ਼ਰੀਏ ਨਾਲ ਵਿਹਾਰਕ ਕੰਮ ਕੀਤਾ ਜਾ ਰਿਹਾ ਹੈ।

## ਮੋਦੀ ਨੇ ਹੀਰੋਸ਼ੀਮਾ 'ਚ ਮਹਾਤਮਾ ਗਾਂਧੀ ਦੇ ਬੁੱਤ ਤੋਂ ਪਰਦਾ ਹਟਾਇਆ

ਹੀਰੋਸ਼ੀਮਾ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਪਾਨ ਦੇ ਸ਼ਹਿਰ ਹੀਰੋਸ਼ੀਮਾ 'ਚ ਮਹਾਤਮਾ ਗਾਂਧੀ ਦੇ ਬੁੱਤ ਤੋਂ ਪਰਦਾ ਹਟਾਇਆ। ਹੀਰੋਸ਼ੀਮਾ 'ਤੇ 6 ਅਗਸਤ, 1945 ਨੂੰ ਅਮਰੀਕਾ ਨੇ ਪਹਿਲਾ ਪਰਮਾਣੂ ਹਮਲਾ ਕੀਤਾ ਸੀ ਜਿਸ ਨਾਲ ਪੂਰਾ ਸ਼ਹਿਰ ਤਬਾਹ ਹੋ ਗਿਆ ਸੀ ਅਤੇ 1,40,000 ਲੋਕ ਮਾਰੇ ਗਏ ਸਨ। ਸ਼ਾਂਤੀ ਅਤੇ ਅਹਿੰਸਾ ਦੇ ਪੁਜਾਰੀ ਮਹਾਤਮਾ ਗਾਂਧੀ ਦੇ ਬੁੱਤ ਲਈ ਇਹ ਥਾਂ ਇਕਜੁੱਟਤਾ ਦਿਖਾਉਣ ਲਈ ਚੁਣੀ ਗਈ ਹੈ। ਸ੍ਰੀ ਮੋਦੀ ਨੇ ਕਿਹਾ ਕਿ ਗਾਂਧੀਵਾਦੀ ਵਿਚਾਰਧਾਰਾ ਲੱਖਾਂ-ਕਰੋੜਾਂ ਲੋਕਾਂ ਨੂੰ ਬਲ ਦਿੰਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੋਦੀ ਨੇ ਕਿਹਾ ਕਿ ਅੱਜ ਵੀ ਜਦੋਂ ਹੀਰੋਸ਼ੀਮਾ ਦਾ ਨਾਮ ਲਿਆ ਜਾਂਦਾ ਹੈ ਤਾਂ ਦੁਨੀਆ ਡਰ ਜਾਂਦੀ ਹੈ। ਮਹਾਤਮਾ ਗਾਂਧੀ ਦਾ ਇਹ ਬੁੱਤ ਭਾਰਤ ਵੱਲੋਂ ਹੀਰੋਸ਼ੀਮਾ ਨੂੰ ਦੋਸਤੀ ਅਤੇ ਸਦਭਾਵਨਾ ਦੇ ਪ੍ਰਤੀਕ ਵਜੋਂ ਤੋਹਫ਼ੇ 'ਚ ਦਿੱਤਾ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਇਹ ਬੁੱਤ ਉਸ ਸ਼ਹਿਰ ਨੂੰ ਸੱਚੀ ਸ਼ਰਧਾਂਜਲੀ ਹੈ ਜੋ ਸ਼ਾਂਤੀ ਲਈ ਮਨੁੱਖਤਾ ਦਾ ਪ੍ਰਤੀਕ ਹੈ। 42 ਇੰਚ ਉੱਚਾ ਕਾਂਸੇ ਦਾ ਬੁੱਤ ਪਦਮ ਭੂਸ਼ਨ ਰਾਮ ਵਾਨਜੀ ਸੂਤਾਰ ਨੇ ਤਿਆਰ ਕੀਤਾ ਹੈ। ਇਹ ਬੁੱਤ ਮੋਟੋਯਾਸੂ ਦਰਿਆ ਨੇੜੇ ਸਥਾਪਿਤ ਕੀਤਾ ਗਿਆ ਹੈ ਅਤੇ ਇਹ 'ਏ-ਬੰਬ ਗੁੰਬਦ' ਕੋਲ ਮੌਜੂਦ ਹੈ ਜਿਥੇ ਹਜ਼ਾਰਾਂ ਲੋਕ ਰੋਜ਼ਾਨਾ ਆਉਂਦੇ ਹਨ।



ਮਹਾਤਮਾ ਗਾਂਧੀ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਨਰਿੰਦਰ ਮੋਦੀ।

# .ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਲੋਂ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ

## ਭਾਈ ਸਾਹਿਬ ਦੀ ਸ਼ਹਾਦਤ ਯੁੱਗਾਂ ਤੱਕ ਯਾਦ ਰੱਖੀ ਜਾਵੇਗੀ : ਭਾਈ ਹਰਮਿੰਦਰ ਸਿੰਘ ਸਮਾਣਾ

ਅਮਰੀਕਾ ਦੇ ਉਘੇ ਸਿੱਖ ਆਗੂ ਭਾਈ ਹਰਮਿੰਦਰ ਸਿੰਘ ਸਮਾਣਾ ਨੇ ਇਕ ਵੀਡੀਓ ਜਾਰੀ ਕਰਕੇ ਇਹ ਸੰਦੇਸ਼ ਦਿੱਤਾ ਹੈ ਕਿ ਕੇਸੀਐਫ ਦੇ ਅਗਲੇ ਮੁਖੀ ਭਾਈ ਗੁਰਬਾਜ ਸਿੰਘ ਨੂੰ ਚੁਣਿਆ ਗਿਆ ਹੈ।





ਭਾਈ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ


ਭਾਈ ਗੁਰਸੇਵਕ ਸਿੰਘ ਜੀ



ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਤਸਵੀਰ ਗੁਰੂ ਘਰ ਦੀ ਹਜ਼ੂਰੀ ਵਿਚੋਂ ਲੰਗਰ ਹਾਲ ਵਿਚ ਲੈ ਕੇ ਜਾਂਦੇ ਹੋਏ ਅਮਰੀਕਾ ਦੀ ਸੀਨੀਅਰ ਸਿੱਖ ਲੀਡਰਸ਼ਿਪ ਜਿਨ੍ਹਾਂ ਵਿਚ ਸ੍ਰ. ਜੌਹਨ ਸਿੰਘ ਗਿੱਲ, ਡਾ. ਪ੍ਰਿਤਪਾਲ ਸਿੰਘ ਅਤੇ ਸ੍ਰ. ਹਰਮਿੰਦਰ ਸਿੰਘ ਸਮਾਣਾ।


ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਲੰਗਰ ਹਾਲ ਵਿਚ ਤਸਵੀਰ ਲਗਾਉਂਦੇ ਹੋਏ ਸੀਨੀਅਰ ਸਿੱਖ ਆਗੂ ਅਤੇ ਭਾਈ ਗਿਣਤੀ ਵਿਚ ਗੁਰੂ ਕੀਆਂ ਸੰਗਤਾਂ।


ਡਾ. ਪ੍ਰਿਥਪਾਲ ਸਿੰਘ


ਸ੍ਰ. ਜਤਿੰਦਰ ਸਿੰਘ ਪੰਮਾ


ਭਾਈ ਹਰਮਿੰਦਰ ਸਿੰਘ ਸਮਾਣਾ


ਭਾਈ ਸੁਖਵਿੰਦਰ ਸਿੰਘ ਥਾਣਾ

ਸਟਾਕਟਨ/ਕੈਲੀਫੋਰਨੀਆ : ਗ਼ਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਵਲੋਂ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ ਨਾਲ ਸ਼ਰਧਾਜਲੀ ਦਿੱਤੀ ਗਈ। ਵੱਖ-ਵੱਖ ਪੰਥ ਦੇ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਪੰਥਕ ਬੁਲਾਰਿਆਂ ਨੇ ਸੰਬੋਧਨ ਕੀਤਾ ਜਿਨ੍ਹਾਂ ਵਿੱਚ ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸੀਨੀਅਰ ਸਿੱਖ ਆਗੂ ਭਾਈ ਸੁਖਵਿੰਦਰ ਸਿੰਘ ਥਾਣਾ, ਗੁਰਦੁਆਰਾ ਸਾਹਿਬ ਸਟਾਕਟਨ ਦੇ ਜਨਰਲ ਸੈਕਟਰੀ ਸ੍ਰ. ਜਤਿੰਦਰ ਸਿੰਘ ਪੰਮਾ ਆਦਿ ਹਨ। ਇਸ ਬਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਜਥੇਬੰਦੀ ਦੇ ਅਮਰੀਕਾ ਤੋਂ ਬੁਲਾਰੇ ਭਾਈ ਹਰਮਿੰਦਰ ਸਿੰਘ ਸਮਾਣਾ ਨੇ ਉਨ੍ਹਾਂ ਦੀ ਜੀਵਨੀ



# .ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਲੋਂ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ

## ਭਾਈ ਸਾਹਿਬ ਦੀ ਸ਼ਹਾਦਤ ਯੁਗਾਂ ਤੱਕ ਯਾਦ ਰੱਖੀ ਜਾਵੇਗੀ : ਭਾਈ ਹਰਮਿੰਦਰ ਸਿੰਘ ਸਮਾਣਾ




ਭਾਈ ਜਗਮੋਹਨ ਸਿੰਘ ਜੀ ਦਾ ਕੀਰਤਨੀ ਜਥਾ






ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਲੰਗਰ ਹਾਲ ਵਿਚ ਤਸਵੀਰ ਲਗਾਉਂਦੇ ਹੋਏ ਸੀਨੀਅਰ ਸਿੱਖ ਆਗੂ ਅਤੇ ਭਾਈ ਗਿਣਤੀ ਵਿਚ ਗੁਰੂ ਕੀਆਂ ਸੰਗਤਾਂ।




ਅਮਰੀਕਾ ਦੇ ਖੇਡ ਜਗਤ ਅਤੇ ਸਿੱਖ ਜਗਤ ਦੀ ਜਾਣੀ ਪਹਿਚਾਣੀ ਸ਼ਖਸੀਅਤ ਅਤੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਬਹੁਤ ਹੀ ਨਜ਼ਦੀਕੀ ਸ੍ਰ. ਜੌਹਨ ਸਿੰਘ ਗਿੱਲ ਨੂੰ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਸਟਾਕਟਨ ਦੇ ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ।



ਗੁਰਬਾਣੀ ਦੀ ਨਿਸ਼ਕਾਮ ਸੇਵਾ ਕਰ ਰਹੇ ਗੁਰੂ ਘਰ ਦੇ ਨਿਸ਼ਕਾਮ ਸੇਵਾਦਾਰ



ਉਪਰ ਵਿਸਥਾਰਪੂਰਵਕ ਚਾਨਣਾ ਪਾਇਆ। ਭਾਈ ਹਰਮਿੰਦਰ ਸਿੰਘ ਸਮਾਣਾ ਨੇ ਕੋਈ ਸਿਆਸੀ ਸਪੀਚ ਨਹੀਂ ਕੀਤੀ ਸਗੋਂ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਭਾਈ ਪਰਮਜੀਤ ਸਿੰਘ ਜੀ ਪੰਜਵੜ ਦੇ ਪਰਿਵਾਰ ਨੇ ਪੰਥ ਲਈ ਸ਼ਹਾਦਤਾਂ ਦੀ ਝੜੀ ਲਾ ਦਿੱਤੀ। ਦਾਦਾ ਪਿਓ, ਮਾਤਾ, ਭਰਾ ਅਤੇ ਹੋਰ ਕਈ ਪਰਿਵਾਰਾਂ ਦੇ ਜੀਅ ਅਸਹਿ ਤੇ ਅਕਹਿ ਤਸੀਹੇ ਝੱਲਦੇ ਹੋਏ ਕੁਰਬਾਨ ਹੋ ਗਏ। ਭਾਈ ਸਮਾਣਾ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਭਾਈ ਪਰਮਜੀਤ ਸਿੰਘ ਜੀ ਪੰਜਵੜ ਇੱਕ ਬਹੁਤ ਹੀ ਨੇਕ ਮਿਠੇ ਅਤੇ ਦਿਆਲੂ ਸੁਭਾਅ ਦੇ ਵਿਅਕਤੀ ਸਨ ਜਿਨ੍ਹਾਂ ਨੇ ਆਖਰੀ ਸਾਹ ਤੱਕ ਕੌਮ ਦੀ ਸੇਵਾ ਕੀਤੀ। ਅਸੀਂ ਉਨ੍ਹਾਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹਾਂ ਅਤੇ ਭਾਈ ਸਾਹਿਬ ਦੀ ਸ਼ਹਾਦਤ ਯੁੱਗਾਂ ਤੱਕ ਯਾਦ ਰੱਖੀ ਜਾਵੇਗੀ।



# ਹਰ ਮੁਸ਼ਕਿਲ 'ਚ ਸਿੱਖਾਂ ਨਾਲ ਚੱਟਾਨ ਵਾਂਗ ਖੜ੍ਹਨ ਵਾਲੀ ਮਾਣਯੋਗ Senator Kristen Gillibrand New York ਵਲੋਂ ਸਿੱਖ ਮਸਲਿਆਂ 'ਤੇ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਸਿੱਖ ਆਗੂਆਂ ਨਾਲ ਮੁਲਾਕਾਤ



ਫਰੀਮਾਂਟ / ਕੈਲੀਫੋਰਨੀਆ, (ਸਾਡੇ ਲੋਕ) ਹਰ ਮੁਸ਼ਕਿਲ 'ਚ ਸਿੱਖਾਂ ਨਾਲ ਚੱਟਾਨ ਵਾਂਗ ਖੜ੍ਹਨ ਵਾਲੀ ਮਾਣਯੋਗ Senator Kristen Gillibrand New York ਵਲੋਂ ਸਿੱਖ ਮਸਲਿਆ ਉਪਰ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਸਿੱਖ ਆਗੂਆਂ ਨਾਲ ਮੁਲਾਕਾਤ ਸਮੇਂ ਅਹਿਮ ਮਸਲੇ ਵਿਚਾਰੇ ਗਏ। ਸਿੱਖਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਖੁੱਲ੍ਹਕੇ ਵਿਚਾਰ ਵਿਟਾਂਦਰਾ ਕੀਤਾ ਗਿਆ।

ਅਮਰੀਕਨ ਸੈਨੇਟਰ ਕ੍ਰਿਸਟਨ ਜਿਲੀਬਰਾਂਡ Senator Kristen Gillibrand From New York ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਡੀਨੇਟਰ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ, ਜਿਥੇ ਉਨ੍ਹਾਂ ਨੇ ਵੱਖ-ਵੱਖ ਆਗੂਆਂ ਨਾਲ ਸਿੱਖਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ ਇਨ੍ਹਾਂ ਆਗੂਆਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਸਭ ਤੋਂ ਪਹਿਲਾਂ ਹਰਪ੍ਰੀਤ ਸਿੰਘ ਸੰਧੂ ਨੇ ਯੂ.ਐੱਸ. ਸੈਨੇਟਰ ਜਿਲੀਬਰਾਂਡ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਸਿੱਖਾਂ ਦੇ ਪਿਛਲੇ ਲੰਮੇ ਸਮੇਂ ਤੋਂ ਦੋਸਤ ਮੰਨੇ ਜਾਂਦੇ ਹਨ ਤੇ ਅੱਜ ਵਿਸ਼ੇਸ਼ ਤੌਰ 'ਤੇ ਸਿੱਖਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਜਾਣਨ ਲਈ ਇਥੇ ਪਹੁੰਚੇ ਹਨ। ਡਾ. ਪ੍ਰਿਤਪਾਲ ਸਿੰਘ ਨੇ ਅਮਰੀਕਾ ਵਿਚ ਅਤੇ ਅਮਰੀਕਾ ਤੋਂ ਬਾਹਰ ਸਿੱਖਾਂ ਦੇ ਬਹੁਤ ਸਾਰੇ ਮੁੱਦੇ ਸੈਨੇਟਰ ਜਿਲੀਬਰਾਂਡ ਨਾਲ ਵਿਚਾਰੇ।

ਇਸ ਤੋਂ ਇਲਾਵਾ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਸ. ਗੁਰਚਰਨ ਸਿੰਘ ਵੜੈਚ, ਸ. ਤਜਿੰਦਰ ਸਿੰਘ ਧਾਮੀ, ਸ. ਜਸਦੇਵ ਸਿੰਘ ਸਾਬਕਾ ਸੁਪਰੀਮ ਕੌਸਲ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ, ਫਰੀਮਾਂਟ ਤੋਂ ਕਮਿਸ਼ਨਰ ਸ. ਕਸ਼ਮੀਰ ਸਿੰਘ ਸ਼ਾਹੀ ਤੇ ਜਸਜੀਤ ਸਿੰਘ ਅੰਮ੍ਰਿਤਸਰ ਟਾਈਮਜ ਨੇ ਵੀ ਸੈਨੇਟਰ ਜਿਲੀਬਰਾਂਡ ਨੂੰ ਸਿੱਖਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ। ਇਸ ਦੌਰਾਨ ਸੈਨੇਟਰ ਜਿਲੀਬਰਾਂਡ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹ ਅਮਰੀਕੀ ਫੌਜ ਵਿਚ ਸਿੱਖਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਪਤਾ ਹੈ ਕਿ



**Senator Kristen Gillibrand New York 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦੇ ਹੋਏ।**

ਅਮਰੀਕੀ ਫੌਜ ਅਤੇ ਏਅਰ ਫੋਰਸ ਵਿਚ ਸਿੱਖਾਂ ਨੂੰ ਦਸਤਾਰ ਅਤੇ ਪੰਜ ਕਕਾਰ ਸਮੇਤ ਭਰਤੀ ਹੋਣ ਵਿਚ ਕਾਫੀ ਔਖਿਆਈ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਯੂ.ਐੱਸ. ਆਰਮਡ ਸਰਵਿਸ ਕਮੇਟੀ ਦੀ ਮੈਂਬਰ ਹੋਣ ਦੇ ਨਾਤੇ ਇਸ ਵੱਲ ਵਿਸ਼ੇਸ਼ ਧਿਆਨ ਦਿਆਂਗੀ ਤੇ ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਸਿੱਖਾਂ ਪ੍ਰਤੀ ਫੌਜ ਵਿਚ ਆਉਂਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿਚ ਮਦਦ ਮਿਲੇਗੀ। ਇਸ ਮੌਕੇ ਹੋਰ ਵੀ ਬਹੁਤ ਸਾਰੇ ਸਿੱਖ ਆਗੂ ਹਾਜ਼ਰ ਸਨ। ਇਸ ਸਮੇਂ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਜਿਥੇ ਮਾਣਯੋਗ ਸੈਨਟਰ Kristen Gillibrand New York ਨੇ ਸਿੱਖਾਂ ਦਾ ਅਮਰੀਕਾ ਵਿੱਚ ਮਨੁੱਖਤਾ ਪ੍ਰਤੀ ਰੋਲ ਦਾ ਧੰਨਵਾਦ ਕੀਤਾ, ਉਥੇ ਉਨ੍ਹਾਂ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਿੱਖ ਪੂਰੀ ਦੁਨੀਆ ਵਿੱਚ ਬਿਨਾ ਭੇਦਭਾਵ ਦੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਦੇ ਹਨ। ਉਨ੍ਹਾਂ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਡੀਨੇਟਰ ਡਾ. ਪ੍ਰਿਤਪਾਲ ਸਿੰਘ ਦਾ ਵਿਸੇਸ਼ ਧੰਨਵਾਦ ਕੀਤਾ।

ਇਸ ਸਮੇਂ ਕਮਿਊਨਿਟੀ ਦੇ ਉਘੇ ਸਿੱਖ ਆਗੂ ਸੇਵਾਦਾਰ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਸੇਵਾਦਾਰ ਸ਼ਾਮਲ ਸਨ ਜਿਨ੍ਹਾਂ ਵਿਚ ਸ੍ਰ. ਜਸਵੰਤ ਸਿੰਘ ਹੋਠੀ ਪ੍ਰਧਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਸ੍ਰ. ਰਜਿੰਦਰ ਸਿੰਘ ਰਾਜਾ ਸੁਪਰੀਮ ਕੌਂਸਲ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ, ਸ਼ਹੀਦ ਪਰਿਵਾਰਾਂ ਤੋਂ ਸ੍ਰ. ਕਮਲਜੀਤ ਸਿੰਘ ਲੌਂਗੀਆ, ਸ੍ਰ. ਭੁਪਿੰਦਰ ਸਿੰਘ ਪ੍ਰਮਾਰ ਖਜ਼ਾਨਚੀ ਗੁਰਦੁਆਰਾ ਸਾਹਿਬ ਫਰੀਮਾਂਟ, ਸ੍ਰ. ਜਸਬੀਰ ਸਿੰਘ ਗੋਰਖਾ ਸੰਧੂ, ਸ੍ਰ. ਗੁਰਜੀਤ ਸਿੰਘ ਬਰਾੜ, ਪ੍ਰੋ. ਬਲਵਿੰਦਰਪਾਲ ਸਿੰਘ ਧਨੋਆ, ਸ੍ਰ. ਅਜਮੇਰ ਸਿੰਘ ਬਿੱਟੂ ਨਿੱਝਰ, ਸ੍ਰ. ਨਿਰਪਾਲ ਸਿੰਘ ਮੁਛਿਆਣਾ, ਸ੍ਰ. ਗੁਰਚਰਨ ਸਿੰਘ ਵੜੈਚ, ਕਮਿਸ਼ਨਰ ਸ੍ਰ. ਕਸ਼ਮੀਰ ਸਿੰਘ ਸ਼ਾਹੀ, ਸ੍ਰ. ਜਗਦੇਵ ਸਿੰਘ ਸਾਬਕਾ ਸੁਪਰੀਮ ਕੌਂਸਲ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ, ਸ੍ਰ. ਹਰਿੰਦਰਪਾਲ ਸਿੰਘ, ਸ੍ਰ. ਜਸਜੀਤ ਸਿੰਘ ਅੰਮ੍ਰਿਤਸਰ ਟਾਈਮਜ਼, ਪੁਲਿਸ ਆਫੀਸਰ ਸ੍ਰ. ਤਜਿੰਦਰ ਸਿੰਘ ਧਾਮੀ, ਸਿੱਖ ਆਗੂ ਸਾਇੰਸਟਿਸਟ ਸ੍ਰ. ਜਸਪਾਲ ਸਿੰਘ ਸੈਣੀ, ਸਿੱਖ ਕਾਕਸ ਦੇ ਸੀਨੀਅਰ ਸੇਵਾਦਾਰ ਸ੍ਰ. ਹਰਪ੍ਰੀਤ ਸਿੰਘ ਸੰਧੂ, ਸ੍ਰ. ਪ੍ਰਿਤਪਾਲ ਸਿੰਘ ਹਨੀ, ਸ੍ਰ. ਇੰਦਰਜੀਤ ਸਿੰਘ ਬਾਗੜੀ ਅਤੇ ਹੋਰ ਸੇਵਾਦਾਰ ਸ਼ਾਮਲ ਸਨ। ਉਪ੍ਰੰਤ ਡਾ. ਪ੍ਰਿਤਪਾਲ ਸਿੰਘ ਨੇ ਆਈਆ ਸਮੂਹ ਸੰਗਤਾ ਦਾ ਤਹਿ ਦਿੱਲ ਤੋ ਧੰਨਵਾਦ ਕੀਤਾ।









ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਗੋਰਾਇਆ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਮਾਤਾ ਪਰਕਾਸ਼ ਕੌਰ ਜੀ ਨਹੀਂ ਰਹੇ



ਸਵ. ਮਾਤਾ ਪਰਕਾਸ਼ ਕੌਰ ਜੀ

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜੀਵਨ ਮੈਂਬਰ ਤੇ ਮੈਰੀਲੈਂਡ (ਅਮਰੀਕਾ) ਵੱਸਦੇ ਪੰਜਾਬੀ ਲੇਖਕ ਧਰਮ ਸਿੰਘ ਗੋਰਾਇਆ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿਰਕੱਢ ਅਰਥ ਸ਼ਾਸਤਰੀ ਰਹੇ ਸਵਰਗੀ ਡਾ. ਨਿਰਮਲ ਆਜ਼ਾਦ ਦੇ ਸਤਿਕਾਰਯੋਗ ਮਾਤਾ ਪਰਕਾਸ਼ ਕੌਰ ਸੁਪਤਨੀ ਸਵਰਗੀ ਸ੍ਰ. ਕਰਤਾਰ ਸਿੰਘ ਜੀ ਦਾ ਮੈਰੀਲੈਂਡ (ਅਮਰੀਕਾ) ਵਿਖੇ ਬੀਤੀ ਰਾਤ ਦੇਹਾਂਤ ਹੋ ਗਿਆ। ਉਹ 97 ਵਰ੍ਹਿਆਂ ਦੇ ਸਨ। ਮਾਤਾ ਜੀ ਆਪਣੇ ਪਿਛੇ ਪੰਜ ਲੜਕੇ ਅਤੇ ਤਿੰਨ ਛੱਡ ਗਏ। ਧਰਮ ਸਿੰਘ ਤੇ ਡਾ. ਆਜ਼ਾਦ ਤੋਂ ਇਲਾਵਾ ਸ੍ਰ. ਕੁਲਵੰਤ ਸਿੰਘ ਸਰਪੰਚ, ਪਲਵਿੰਦਰ ਸਿੰਘ ਤੇ ਕੁਲਬੀਰ ਸਿੰਘ ਗੁਰਦਾਸਪੁਰੀ ਸਮੇਤ ਪੁੱਤਰਾਂ ਤੇ ਤਿੰਨ ਧੀਆਂ ਪੰਜਾਬੀ ਲੇਖਕ ਦੇਵਿੰਦਰ ਕੌਰਗੋਰਾਇਆ, ਹਰਦੀਪ ਕੌਰ ਗਰੇਵਾਲ ਤੇ ਕੁਲਵੰਤ ਕੌਰ ਨੂੰ ਉਨ੍ਹਾਂ ਸਿੱਖਿਆ ਤੇ ਖੇਤਰ ਵਿਚ ਨਾਮਵਰ ਹਸਤੀਆਂ ਬਣਾਇਆ। ਗੋਰਾਇਆ ਪਰਿਵਾਰ ਦਾ ਜੱਦੀ ਪਿੰਡ ਕਲਾਨੌਰ ਨੇੜੇ ਰਣਸੀਂਹ ਕੇ ਮੀਰਾ ਹੈ ਜਦਕਿ ਮਾਤਾ ਜੀ ਪਿੰਡ ਭੋਲੇ ਕੇ ਦੇ ਨਾਮਵਰ ਰੰਧਾਵਾ ਪਰਿਵਾਰ ਦੀ ਧੀ ਸਨ।

ਭਾਵੇਂ ਅੱਜ ਮਾਤਾ ਪਰਕਾਸ਼ ਕੌਰ ਜੀ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਅਸੀਂ ਸਮੂਹ ਪ੍ਰਵਾਰ ਵਲੋਂ ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ।

ਉਨ੍ਹਾਂ ਦੇ ਸਪੁੱਤਰ ਸ੍ਰ. ਧਰਮ ਸਿੰਘ ਗੋਰਾਇਆ ਵਲੋਂ ਟੈਲੀਫੋਨ 'ਤੇ ਮਿਲੀ ਜਾਣਕਾਰੀ ਅਨੁਸਾਰ ਮਾਤਾ ਜੀ ਦਾ ਅੰਤਿਮ ਸੰਸਕਾਰ ਅਮਰੀਕਾ ਵਿਚ ਹੀ 25 ਮਈ ਨੂੰ ਸਵੇਰੇ 11.00 ਵਜੇ ਤੇ ਅੰਤਿਮ ਅਰਦਾਸ ਇਸੇ ਦਿਨ ਮੈਰੀਲੈਂਡ (ਅਮਰੀਕਾ) ਸਥਿਤ ਗੁਰੂ ਨਾਨਕ ਫਾਉਂਡੇਸ਼ਨ ਗੁਰਦੁਆਰਾ ਸਾਹਿਬ ਵਿਚ ਹੀ ਹੋਵੇਗੀ।

**ਸੰਸਕਾਰ**

**25 ਮਈ 2023 ਨੂੰ ਸਵੇਰੇ 11.00 ਵਜੇ**

**ਅੰਤਿਮ ਅਰਦਾਸ**

**ਗੁਰੂ ਨਾਨਕ ਫਾਉਂਡੇਸ਼ਨ ਗੁਰਦੁਆਰਾ ਸਾਹਿਬ, ਮੈਰੀਲੈਂਡ (ਅਮਰੀਕਾ)**

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਸਪੁੱਤਰ ਸ੍ਰ. ਪਲਵਿੰਦਰ ਸਿੰਘ (408) 515 9185**

# ਸੁਪਰੀਮ ਕੋਰਟ ਦਾ ਫ਼ੈਸਲਾ ਦੁਚਿੱਤੀ ਵਧਾਉਣ ਵਾਲਾ



*ਹਾਲੀਆ ਦੌਰ ਵਿਚ ਕੇਰਲ, ਤਾਮਿਲਨਾਡੂ ਅਤੇ ਬੰਗਾਲ ਵਿਚ ਚਾਂਸਲਰਾਂ ਦੇ ਰੂਪ ਵਿਚ ਰਾਜਪਾਲਾਂ ਦੇ ਅਧਿਕਾਰਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਇਨ੍ਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਰਾਜਪਾਲਾਂ ਦੁਆਰਾ ਚਾਂਸਲਰਾਂ ਦੀ ਨਿਯੁਕਤੀ ਵਿਚ ਸੰਵਿਧਾਨ ਸੰਮਤ ਤਰੀਕੇ ਨਾਲ ਸਵੈ-ਵਿਵੇਕ ਦੀ ਵਰਤੋਂ ਪਸੰਦ ਨਹੀਂ ਆਈ। ਕੇਰਲ ਵਿਚ ਰਾਜਪਾਲ ਨੂੰ ਸੂਚਿਤ ਕੀਤੇ ਬਿਨਾਂ ਹੀ ਰਾਜ ਸਰਕਾਰ ਨੇ ਕੁਲਪਤੀਆਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ।*

**-ਜਗਮੋਹਨ ਸਿੰਘ ਰਾਜਪੂਤ**

ਮਹਾਰਾਸ਼ਟਰ ਵਿਚ ਊਧਵ ਠਾਕਰੇ ਸਰਕਾਰ ਡਿੱਗਣ ਅਤੇ ਸ਼ਿੰਦੇ ਸਰਕਾਰ ਦੇ ਗਠਨ ਹੋਣ ਨੂੰ ਲੈ ਕੇ ਰਾਜਪਾਲ ਦੀ ਭੂਮਿਕਾ 'ਤੇ ਸੁਪਰੀਮ ਕੋਰਟ ਨੇ ਆਪਣੇ ਹਾਲੀਆ ਫ਼ੈਸਲੇ ਵਿਚ ਜੋ ਕਿਹਾ, ਉਸ ਦੀ ਕਾਨੂੰਨੀ ਸਥਿਤੀ ਸਾਰੀਆਂ ਧਿਰਾਂ ਨੂੰ ਸਵੀਕਾਰ ਕਰਨੀ ਹੋਵੇਗੀ। ਹਾਲਾਂਕਿ, ਜੋ ਕਾਨੂੰਨ ਦੇ ਜਾਣਕਾਰ ਨਹੀਂ ਹਨ, ਉਨ੍ਹਾਂ ਨੂੰ ਵੀ ਇਸ ਦੀ ਵਿਵੇਚਨਾ ਅਤੇ ਉਸ ਨੂੰ ਪ੍ਰਗਟ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਰਾਜਪਾਲ ਰਹੇ ਭਗਤ ਸਿੰਘ ਕੋਸ਼ਿਆਰੀ ਦੀ ਇਸ ਮਾਮਲੇ ਵਿਚ ਭੂਮਿਕਾ ਨੂੰ ਲੰਮੇ ਹੱਥੀਂ ਲਿਆ।

ਕੋਸ਼ਿਆਰੀ ਦੀ ਇਹ ਆਲੋਚਨਾ ਮੇਰੀ ਸਮਝ ਤੋਂ ਪਰੇ ਹੈ। ਆਖ਼ਰ, ਜਦ ਰਾਜਪਾਲ ਕੋਲ ਸਰਕਾਰ ਦੇ ਵਿਰੋਧ ਵਿਚ ਇੰਨੀ ਵੱਡੀ ਗਿਣਤੀ ਵਿਚ ਵਿਧਾਇਕਾਂ ਦੇ ਦਸਤਖ਼ਤ ਕੀਤੇ ਪੱਤਰ ਪੇਸ਼ ਕੀਤੇ ਗਏ ਹੋਣ ਤਾਂ ਇਸ ਦਾ ਇਕਮਾਤਰ ਇਹੀ ਸਿੱਟਾ ਸੀ ਕਿ ਸਰਕਾਰ ਘੱਟ ਗਿਣਤੀ ਵਿਚ ਆ ਗਈ ਹੈ। ਪਹਿਲਾਂ ਵੀ ਅਜਿਹੀਆਂ ਅਨੇਕਾਂ ਮਿਸਾਲਾਂ ਰਾਜਪਾਲ ਦੇ ਧਿਆਨ ਵਿਚ ਰਹੀਆਂ ਹੋਣਗੀਆਂ ਜਿਨ੍ਹਾਂ ਵਿਚ ਸਰਕਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਫਿਰ ਵੀ, ਮਹਾਰਾਸ਼ਟਰ ਦੇ ਰਾਜਪਾਲ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਮੁੱਖ ਮੰਤਰੀ ਠਾਕਰੇ ਨੂੰ ਭਰੋਸੇ ਦਾ ਵੋਟ ਹਾਸਲ ਕਰਨ ਵਾਸਤੇ ਕਿਹਾ। ਇਹ ਆਪਣੇ-ਆਪ ਵਿਚ ਇਕ ਤਰਕਸੰਗਤ ਫ਼ੈਸਲਾ ਰਿਹਾ। ਓਥੇ ਹੀ, ਮੁੱਖ ਮੰਤਰੀ ਠਾਕਰੇ ਨੇ ਸਦਨ ਦਾ ਸਾਹਮਣਾ ਕੀਤਾ ਬਿਨਾਂ ਹੀ ਅਸਤੀਫ਼ਾ ਦੇ ਦਿੱਤਾ। ਇਸ ਦਾ ਅਰਥ ਸੀ ਕਿ ਉਹ ਸਮਝ ਚੁੱਕੇ ਸਨ ਕਿ ਉਨ੍ਹਾਂ ਦੇ ਪੈਰਾਂ ਹੇਠੋਂ ਬਹੁਮਤ ਵਾਲੀ ਜ਼ਮੀਨ ਖਿਸਕ ਚੁੱਕੀ ਹੈ। ਅਜਿਹੀ ਹਾਲਤ ਵਿਚ ਕੋਸ਼ਿਆਰੀ ਦਾ ਫ਼ੈਸਲਾ ਸੁਪਰੀਮ ਕੋਰਟ ਦੇ ਬਹੁ-ਚਰਚਿਤ ਐੱਸਆਰ ਬੋਮਈ ਮਾਮਲੇ ਦੇ ਅਨੁਸਾਰ ਹੀ ਸੀ। ਕਰਨਾਟਰ ਦੀ ਬੋਮਈ ਸਰਕਾਰ ਨੂੰ 21 ਅਪ੍ਰੈਲ 1989 ਨੂੰ ਧਾਰਾ 356 ਤਹਿਤ ਬਰਖ਼ਾਸਤ ਕਰ ਕੇ ਰਾਜਪਾਲ ਦੀ ਸਿਫ਼ਾਰਸ਼ 'ਤੇ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ ਸੀ। ਉਦੋਂ ਕੁਝ ਵਿਧਾਇਕਾਂ ਬਗ਼ਾਵਤ ਕਰ ਦਿੱਤੀ ਸੀ ਪਰ ਰਾਜਪਾਲ ਨੇ ਮੁੱਖ ਮੰਤਰੀ ਨੂੰ ਵਿਧਾਨ ਸਭਾ ਵਿਚ ਬਹੁਮਤ ਸਿੱਧ ਕਰਨ ਦਾ ਮੌਕਾ ਨਹੀਂ ਦਿੱਤਾ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਭਵਿੱਖ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਕਿ ਅਜਿਹੇ ਮਾਮਲੇ ਵਿਚ ਸਹੀ ਫ਼ੈਸਲੇ ਤਕ ਕਿਵੇਂ ਪੁੱਜਿਆ ਜਾਵੇ।

ਉਸ ਵਿਚ ਸਪਸ਼ਟ ਕੀਤਾ ਗਿਆ ਕਿ ਕਿਸੇ ਵੀ ਰਾਜ ਸਰਕਾਰ ਲਈ ਬਹੁਮਤ ਸਿੱਧ ਕਰਵਾਉਣ ਦਾ ਸਿਰਫ਼ ਇਕ ਹੀ ਸਥਾਨ ਹੈ ਅਤੇ ਉਹ ਹੈ ਵਿਧਾਨ ਸਭਾ ਦਾ ਮੰਚ। ਉਕਤ ਫ਼ੈਸਲੇ ਵਿਚ ਅਜਿਹੀ ਕੋਈ ਤਕਨੀਕੀ ਜਟਿਲਤਾ ਨਹੀਂ ਸੀ ਜਿਨ੍ਹਾਂ ਨੂੰ ਆਮ ਨਾਗਰਿਕ ਨਾ ਸਮਝ ਸਕੇ। ਅਜਿਹੇ ਵਿਚ ਇਹ ਇਕ ਬੁਝਾਰਤ ਬਣ ਕੇ ਰਹਿ ਗਈ ਹੈ ਕਿ ਜਦ ਰਾਜਪਾਲ ਦੇ ਰੂਪ ਵਿਚ ਕੋਸ਼ਿਆਰੀ ਉਨ੍ਹਾਂ ਹੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰ ਰਹੇ ਸਨ ਤਾਂ ਉਸ ਦੇ ਬਾਵਜੂਦ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਕਿਵੇਂ ਗ਼ਲਤ ਠਹਿਰਾਇਆ।

ਅਜਿਹੇ ਵਿਚ ਹੁਣ ਜਦ ਵੀ ਮਹਾਰਾਸ਼ਟਰ ਵਰਗੇ ਹਾਲਾਤ ਉਤਪੰਨ ਹੋਣਗੇ ਤਾਂ ਕਿਸੇ ਰਾਜਪਾਲ ਅੱਗੇ ਇਹ ਫ਼ੈਸਲਾ ਕਰਨਾ ਅਤਿਅੰਤ ਕਠਿਨ ਹੋਵੇਗਾ ਕਿ ਉਹ ਬੋਮਈ ਮਾਮਲੇ ਦੇ ਦਿਸ਼ਾ-ਨਿਰਦੇਸ਼ ਮੰਨਣ ਜਾਂ ਕੋਸ਼ਿਆਰੀ ਲਈ ਦਿੱਤੀ ਗਈ ਸੁਪਰੀਮ ਕੋਰਟ ਦੀ ਨਸੀਹਤ ਦਾ ਧਿਆਨ ਰੱਖਣ। ਭਾਰਤ ਵਿਚ ਸਮੇਂ-ਸਮੇਂ ਅਜਿਹੇ ਹਾਲਾਤ ਉਤਪੰਨ ਹੁੰਦੇ ਰਹਿਣਗੇ ਕਿਉਂਕਿ ਕੇਂਦਰ ਸਰਕਾਰ ਦੁਆਰਾ ਨਿਯੁਕਤ ਰਾਜਪਾਲ ਅਤੇ ਕੇਂਦਰ ਤੋਂ ਉਲਟ ਸਿਆਸੀ ਪਾਰਟੀ ਵਾਲੀ ਰਾਜ ਸਰਕਾਰ ਵਿਚ ਸਿਆਸੀ-ਵਿਚਾਰਕ ਇਕਰੂਪਤਾ ਸੰਭਵ ਨਹੀਂ ਹੋ ਸਕਦੀ। ਜੇ ਕੇਂਦਰ ਅਤੇ ਸੂਬੇ ਵਿਚ ਇੱਕੋ ਪਾਰਟੀ ਦੀ ਸਰਕਾਰ ਹੋਵੇ ਤਾਂ ਰਾਜਪਾਲ ਅਤੇ ਮੁੱਖ ਮੰਤਰੀ ਦੇ ਰਿਸ਼ਤਿਆਂ ਵਿਚ ਕੋਈ ਕੁੜੱਤਣ ਨਹੀਂ ਆਉਂਦੀ। ਪੰਜਾਬ ਦੀ ਮਿਸਾਲ ਹੀ ਲਈਏ ਤਾਂ ਇੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਇਸੇ ਲਈ ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਕਈ ਵਾਰ ਕਸ਼ੀਦਗੀ ਦ੍ਰਿਸ਼ਟੀਗੋਚਰ ਹੋਈ ਹੈ। ਵੈਸੇ ਸੰਵਿਧਾਨ ਵਿਚ ਰਾਜਪਾਲ ਦੀ ਭੂਮਿਕਾ ਸਪਸ਼ਟ ਹੈ। ਆਮ ਤੌਰ 'ਤੇ ਗਵਰਨਰ ਦੇ ਨਾਮ 'ਤੇ ਸਰਕਾਰ ਚੱਲਦੀ ਹੈ ਪਰ ਉਸ ਕੋਲ ਐਗਜ਼ੈਕਟਿਵ ਪਾਵਰ ਨਹੀਂ ਹੁੰਦੀ।

ਚੁਣੀ ਹੋਈ ਸਰਕਾਰ ਬਜਟ ਬਣਾਉਂਦੀ ਹੈ ਤੇ ਰਾਜਪਾਲ ਉਸ ਨੂੰ ਵਿਧਾਨ ਸਭਾ ਵਿਚ ਤਿਵੇਂ ਹੀ ਪੜ੍ਹ ਦਿੰਦਾ ਹੈ। ਦਿੱਲੀ ਵਿਚ ਉਪ ਰਾਜਪਾਲ ਅਤੇ ਰਾਜ ਸਰਕਾਰ ਵਿਚਾਲੇ ਨਿਰੰਤਰ ਕਾਇਮ ਵਿਵਾਦ ਇਸ ਦੀ ਇਕ ਵੱਡੀ ਮਿਸਾਲ ਹੈ। ਅਜਿਹੇ ਵਿਚ ਆਪਸੀ ਵਿਚਾਰਕ ਅਦਾਨ-ਪ੍ਰਦਾਨ ਸਮੱਸਿਆਵਾਂ ਦਾ ਹੱਲ ਕੱਢਣ ਵਿਚ ਸਹਾਇਕ ਹੋ ਸਕਦਾ ਹੈ। ਵਿਚਾਰ-ਚਰਚਾ ਲੋਕਤੰਤਰ ਵਿਚ ਸਭ ਤੋਂ ਅਸਰਦਾਰ ਉਪਕਰਨ ਹੈ ਜੋ ਕਿਸੇ ਵੀ ਸਮੱਸਿਆ ਦਾ ਹੱਲ ਪੇਸ਼ ਕਰਨ ਵਿਚ ਸਮਰੱਥ ਹੈ।

ਜਦ ਅਜਿਹਾ ਨਹੀਂ ਹੁੰਦਾ ਤਾਂ ਸਮੱਸਿਆਵਾਂ ਅਤੇ ਟਕਰਾਅ ਵਧਣ ਲੱਗਦੇ ਹਨ। ਵਿਚਾਰ-ਚਰਚਾ ਦੀ ਕਮੀ ਕਈ ਨਾ-ਖ਼ੁਸ਼ਗਵਾਰ ਹਾਲਾਤ ਨੂੰ ਜਨਮ ਦਿੰਦਾ ਹੈ। ਉਪ ਰਾਸ਼ਟਰਪਤੀ ਜਗਦੀਪ ਧਨਖੜ ਜਦ ਬੰਗਾਲ ਦੇ ਰਾਜਪਾਲ ਸਨ ਤਾਂ ਅਕਸਰ ਇਹੀ ਦੇਖਣ ਨੂੰ ਮਿਲਦਾ ਸੀ ਕਿ ਰਾਜ ਸਰਕਾਰ ਕਿਸੇ ਨਾ ਕਿਸੇ ਤਰੀਕੇ ਉਨ੍ਹਾਂ ਦਾ ਅਪਮਾਨ ਕਰਨ ਦਾ ਯਤਨ ਕਰਦੀ ਰਹਿੰਦੀ ਸੀ। ਮਹੱਤਵਪੂਰਨ ਮੌਕਿਆਂ 'ਤੇ ਉਨ੍ਹਾਂ ਦੇ ਪ੍ਰੋਗਰਾਮ ਸਥਾਨ ਤਕ ਪੁੱਜਣ ਤੋਂ ਪਹਿਲਾਂ ਹੀ ਦਰਵਾਜ਼ੇ ਤਕ ਬੰਦ ਕਰ ਦਿੱਤੇ ਜਾਂਦੇ ਸਨ। ਸਰਕਾਰੀ ਅਧਿਕਾਰੀਆਂ ਨੂੰ ਉਨ੍ਹਾਂ ਨਾਲ ਕੋਈ ਸੰਪਰਕ ਨਾ ਰੱਖਣ ਲਈ ਕਿਹਾ ਗਿਆ। ਬੰਗਾਲ ਦੇ ਹੀ ਨਹੀਂ ਸਗੋਂ ਦੇਸ਼ ਭਰ ਦੇ ਭੱਦਰ ਲੋਕ ਇਸ 'ਤੇ ਮੌਨ ਰਹੇ। ਫਿਰ ਉੱਥੇ ਨਵੇਂ ਰਾਜਪਾਲ ਦੀ ਨਿਯੁਕਤੀ ਹੋਈ। ਸ਼ੁਰੂਆਤੀ ਦੌਰ ਵਿਚ ਉਨ੍ਹਾਂ ਦੇ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਵਿਚਾਲੇ ਭਾਈਚਾਰਕ ਸਾਂਝ ਦੀਆਂ ਉਮੀਦ ਭਰੀਆਂ ਖ਼ਬਰਾਂ ਆਈਆਂ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਬੰਗਲਾ ਭਾਸ਼ਾ ਦੀ ਅੱਖਰ-ਗਿਆਨ ਦੀ ਪੁਸਤਕ ਵੀ ਭੇਟ ਕੀਤੀ। ਬਾਅਦ ਵਿਚ ਮਾਲੂਮ ਹੋਇਆ ਕਿ ਮੁੱਖ ਮੰਤਰੀ ਯੂਨੀਵਰਸਿਟੀਆਂ ਤੋਂ ਰਾਜਪਾਲ ਦੇ ਚਾਂਸਲਰ ਦੇ ਰੂਪ ਵਿਚ ਕੋਈ ਨਿਰਦੇਸ਼ ਜਾਂ ਪੱਤਰ-ਵਿਹਾਰ ਤਕ ਪਸੰਦ ਨਹੀਂ ਕਰਦੀ ਹੈ।

ਹੁਣ ਇਹ ਬੰਗਾਲ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਚਾਂਸਲਰਾਂ ਅਰਥਾਤ ਰਾਜਪਾਲ ਅੱਗੇ ਸਪਸ਼ਟ ਹੋ ਚੁੱਕਾ ਹੈ ਕਿ ਜਾਂ ਤਾਂ ਯੂਨੀਵਰਸਿਟੀਆਂ ਦੇ ਮਾਮਲਿਆਂ ਤੋਂ ਦੂਰ ਰਹਿਣ ਜਾਂ ਫਿਰ ਮੁੱਖ ਮੰਤਰੀ ਦੇ ਸ਼ਬਦ-ਬਾਣ ਸਹਾਰਨ ਲਈ ਤਿਆਰ ਰਹਿਣ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜਪਾਲ ਦੇ ਰੂਪ ਵਿਚ ਜੇਕਰ ਕੋਈ ਚਾਂਸਲਰ ਯੂਨੀਵਰਸਿਟੀਆਂ ਦੀ ਸਾਖ਼ ਨੂੰ ਮੁੜ ਵਧਾਉਣ ਵਿਚ ਕਾਮਯਾਬ ਹੋ ਜਾਵੇ ਤਾਂ ਉਹ ਨਵੀਂ ਪੀੜ੍ਹੀ ਦੇ ਸਾਹਮਣੇ ਇਨੋਵੇਸ਼ਨ, ਕੌਸ਼ਲ ਪ੍ਰਵੀਨਤਾ ਅਤੇ ਗਿਆਨ ਸਿਰਜਣਾ ਦੀਆਂ ਅਸੀਮਤ ਸੰਭਾਵਨਾਵਾਂ ਪੇਸ਼ ਕਰ ਸਕਦਾ ਹੈ। ਨਵੀਂ ਪੀੜ੍ਹੀ ਦਾ ਆਤਮ-ਵਿਸ਼ਵਾਸ ਵਧਾ ਸਕਦਾ ਹੈ। ਸੰਨ 1978-80 ਦੌਰਾਨ ਮੱਧ ਪ੍ਰਦੇਸ਼ ਦੇ ਰਾਜਪਾਲ ਰਹੇ ਸੀਐੱਮ ਪੂਨਾਚਾ ਨੇ ਇਸ ਅਸੰਭਵ ਨੂੰ ਸੰਭਵ ਕਰ ਦਿਖਾਇਆ ਸੀ। ਉਨ੍ਹਾਂ ਦੇ ਯਤਨਾਂ ਨਾਲ ਉੱਥੇ ਇਮਤਿਹਾਨ ਵੇਲੇ ਸਿਰ ਹੋਣ ਲੱਗੇ। ਪ੍ਰੀਖਿਆਵਾਂ ਦੇ ਨਤੀਜੇ ਸਮੇਂ ਸਿਰ ਆਉਣ ਲੱਗੇ। ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਵਿਚਾਲੇ ਭਰੋਸੇ ਵਾਲਾ ਮਾਹੌਲ ਸਿਰਜਿਆ ਗਿਆ। ਇਸ ਕਾਮਯਾਬੀ ਦਾ ਸਿਹਰਾ ਉਸ ਸਮੇਂ ਦੇ ਨੇਤਾਵਾਂ ਤੇ ਸਰਕਾਰ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਰਾਜਪਾਲ ਦੀ ਨੀਅਤ 'ਤੇ ਭਰੋਸਾ ਕੀਤਾ ਅਤੇ ਉਨ੍ਹਾਂ ਨੂੰ ਅੱਗੇ ਵਧਣ ਵਿਚ ਪੂਰੀ ਸਹਾਇਤਾ ਕੀਤੀ। ਹੁਣ ਸਮੇਂ ਨੇ ਕਰਵਟ ਬਦਲੀ ਹੈ।

ਹਾਲੀਆ ਦੌਰ ਵਿਚ ਕੇਰਲ, ਤਾਮਿਲਨਾਡੂ ਅਤੇ ਬੰਗਾਲ ਵਿਚ ਚਾਂਸਲਰਾਂ ਦੇ ਰੂਪ ਵਿਚ ਰਾਜਪਾਲਾਂ ਦੇ ਅਧਿਕਾਰਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਇਨ੍ਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਰਾਜਪਾਲਾਂ ਦੁਆਰਾ ਚਾਂਸਲਰਾਂ ਦੀ ਨਿਯੁਕਤੀ ਵਿਚ ਸੰਵਿਧਾਨ ਸੰਮਤ ਤਰੀਕੇ ਨਾਲ ਸਵੈ-ਵਿਵੇਕ ਦੀ ਵਰਤੋਂ ਪਸੰਦ ਨਹੀਂ ਆਈ। ਕੇਰਲ ਵਿਚ ਰਾਜਪਾਲ ਨੂੰ ਸੂਚਿਤ ਕੀਤੇ ਬਿਨਾਂ ਹੀ ਰਾਜ ਸਰਕਾਰ ਨੇ ਕੁਲਪਤੀਆਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ।

ਵਿਚਾਰ-ਚਰਚਾ ਦੇ ਮੰਚਾਂ 'ਤੇ ਯੂਨੀਵਰਸਿਟੀਆਂ ਦੀ ਖ਼ੁਦਮੁਖਤਾਰੀ ਦਾ ਗੁਣਗਾਨ ਕਰਨ ਵਾਲੇ ਨੇਤਾ ਜਦ ਕੁਲਪਤੀਆਂ ਦੀ ਨਿਯੁਕਤੀ ਦਾ ਅਧਿਕਾਰ ਆਪਣੇ ਹੱਥ ਵਿਚ ਲੈਣ ਲਈ ਸੰਵਿਧਾਨਕ ਵਿਵਸਥਾਵਾਂ ਅਤੇ ਆਮ ਨੈਤਿਕਤਾ ਨੂੰ ਵੀ ਭੁਲਾ ਦਿੰਦੇ ਹਨ ਤਦ ਗਿਆਨ ਵੰਡਣ ਵਾਲੇ ਇਨ੍ਹਾਂ ਅਦਾਰਿਆਂ 'ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗਦੇ ਹਨ। ਇਹ ਬੱਦਲ ਉਦੋਂ ਹੀ ਹਟਣਗੇ ਜਦ ਵਿਚਾਰ-ਚਰਚਾ ਨੂੰ ਵਿਚਾਰਧਾਰਾ ਦੇ ਬੰਧਨਾਂ ਤੋਂ ਅਲੱਗ ਕੀਤਾ ਜਾਵੇ। ਇਸ ਦੇ ਲਈ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਪਰੰਪਰਾ ਮੁਤਾਬਕ ਅਚਾਰੀਆ-ਪ੍ਰਧਾਨ ਅਰਥਾਤ ਚਾਂਸਲਰ ਨੂੰ ਸਨਮਾਨ ਸਿਰਫ਼ ਸੱਤਾ ਤੋਂ ਹੀ ਨਹੀਂ ਬਲਕਿ ਨਿਆਇਕ ਵਿਵਸਥਾ ਦੇ ਸ਼ਿਖ਼ਰਲੇ ਪੱਧਰ ਤੋਂ ਵੀ ਮਿਲਣਾ ਚਾਹੀਦਾ ਹੈ।

# ਯੂਕੇ 'ਚ ਵਿਦਿਆਰਥੀਆਂ ਨੂੰ ਕਰਨਾ ਪੈਂਦੈ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ

**-ਓਮਕਾਰ ਸਿੰਘ ਯੂਕੇ**

ਸਿੱਖਿਆ ਲਈ ਯੂਕੇ 'ਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਲਈ ਇਮੀਗ੍ਰੇਸ਼ਨ ਨੀਤੀ ਮਹੱਤਵਪੂਰਨ ਡਿਗਰੀ ਤੋਂ ਵੱਧ ਗਈ ਹੈ, ਜੋ ਕਿ ਹੋਮ ਆਫਿਸ ਅਤੇ ਯੂਕੇ ਦੇ ਅਧਿਕਾਰੀਆਂ ਵੱਲੋਂ ਸਪਾਂਸਰ ਕੀਤੇ ਪਤੀ-ਪਤਨੀ ਵੀਜ਼ਿਆਂ ਦੀ ਸੰਖਿਆ ਨੂੰ ਘੱਟ ਅੰਦਾਜ਼ਾ ਲਾਉਣ ਦੇ ਨਤੀਜੇ ਵਜੋਂ ਆਈ ਹੈ। ਇਸ ਕਾਰਨ ਵਿਦਿਆਰਥੀਆਂ ਲਈ ਰਿਹਾਇਸ਼ਾਂ ਦੀ ਘਾਟ ਪੈਦਾ ਹੋ ਗਈ ਹੈ। ਰੁਜ਼ਗਾਰਦਾਤਾ ਤਜਰਬੇ ਵਾਲੇ ਭਰੋਸੇਮੰਦ ਕਾਮਿਆਂ ਦੀ ਭਾਲ ਕਰਦੇ ਹਨ ਤਾਂ ਜੋ ਵਿਦਿਆਰਥੀ ਕਿਸੇ ਖ਼ਾਸ ਖੇਤਰ 'ਚ ਚੰਗੀ ਤਰ੍ਹਾਂ ਵਿਕਸਤ ਹੁਨਰਾਂ ਦੇ ਨਾਲ ਪਹੁੰਚਣ। ਨੌਕਰੀ ਪ੍ਰਾਪਤ ਕਰਨਾ ਆਸਾਨ ਹੋ ਗਿਆ ਹੈ ਜਦਕਿ ਨੌਜਵਾਨ ਵਰਗ ਦੇ ਵਿਦਿਆਰਥੀਆਂ ਖ਼ਾਸ ਤੌਰ 'ਤੇ 2022 ਦੇ ਅਖੀਰਲੇ ਅੱਧ 'ਚ ਪਹੁੰਚਣ ਵਾਲੇ ਵਿਦਿਆਰਥੀਆਂ ਲਈ ਨੌਕਰੀ ਲੱਭਣਾ ਬਹੁਤ ਮੁਸ਼ਕਲ ਹੈ। ਜੇ ਕੋਈ ਭਾਰਤ ਤੋਂ ਯੂਕੇ 'ਚ ਦਾਖ਼ਲ ਹੋਣਾ ਚਾਹੁੰਦਾ ਹੈ ਤਾਂ ਉਸ ਨੂੰ ਇਕ ਖ਼ਾਸ ਖੇਤਰ 'ਚ ਆਪਣੇ ਹੁਨਰ ਨੂੰ ਵਿਕਸਤ ਕਰਨਾ ਚਾਹੀਦਾ ਹੈ, ਜੋ ਬਾਅਦ 'ਚ ਉਸ ਨੂੰ ਅਜਿਹੀ ਨੌਕਰੀ ਪ੍ਰਾਪਤ ਕਰਨ 'ਚ ਮਦਦ ਕਰੇਗਾ ਜੋ ਉਨ੍ਹਾਂ ਨੂੰ ਚੰਗੀ ਤਨਖ਼ਾਹ ਪ੍ਰਦਾਨ ਕਰਦਾ ਹੈ ਜਿਵੇਂ ਕਿ ਪ੍ਰਾਹੁਣਚਾਰੀ, ਸ਼ੈੱਫ, ਨਾਈ, ਇਲੈਕਟ ?ਰੀਸ਼ੀਅਨ, ਐਡਮਿਨ ਆਦਿ। ਜਦੋਂ ਸਰਕਾਰ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਪ੍ਰਦਾਨ ਕਰਦੀ ਹੈ ਤਾਂ ਉਹ



ਹਮੇਸ਼ਾ ਫੰਡਿੰਗ ਦਾ ਸਬੂਤ ਮੰਗਦੀ ਹੈ। ਬਹੁਤ ਵਾਰ ਅੰਤਰਰਾਸ਼ਟਰੀ ਵਿਦਿਆਰਥੀ ਯੂਕੇ ਸਰਕਾਰ ਵੱਲੋਂ ਪ੍ਰਦਾਨ ਕੀਤੇ ਗਏ ਕੰਮ ਦੇ ਘੰਟਿਆਂ (ਹਫ਼ਤੇ 'ਚ 20 ਘੰਟੇ) ਬਾਰੇ ਸ਼ਿਕਾਇਤ ਕਰਦੇ ਹਨ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਲਈ ਆਪਣੇ ਲਈ ਪ੍ਰਦਾਨ ਕਰਨਾ ਬਹੁਤ ਘੱਟ ਹੈ। ਹਾਲਾਂਕਿ ਹੋਮ ਆਫਿਸ ਨੇ ਵਿਦਿਆਰਥੀਆਂ ਨੂੰ ਆਪਣੇ ਲਈ ਕੰਮ ਕਰਨ ਦਾ ਸਮਾਂ ਪ੍ਰਦਾਨ ਨਹੀਂ ਕੀਤਾ ਹੈ ਕਿਉਂਕਿ ਉਹ ਦੇਖਦੇ ਹਨ ਕਿ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇ ਸ਼ੁਰੂਆਤੀ ਰੂਪ ਵਜੋਂ ਵਾਪਸ ਘਰ ਤੋਂ ਫੰਡ ਦਿੱਤਾ ਜਾ ਰਿਹਾ ਹੈ। ਇਸ ਲਈ 20 ਘੰਟੇ ਕੰਮ ਕਰਨ ਦੀ ਇਜਾਜ਼ਤ ਵਿਦਿਆਰਥੀਆਂ ਨੂੰ ਜਾਂ ਤਾਂ ਉਨ੍ਹਾਂ ਦੀ ਰੋਜ਼ਾਨਾ ਵਰਤੋਂ ਲਈ ਥੋੜ੍ਹੀ ਜਿਹੀ ਵਾਧੂ ਆਮਦਨ ਪ੍ਰਾਪਤ ਕਰਨ ਲਈ ਜਾਂ ਉਦਯੋਗ ਦੀ ਆਪਣੀ ਪਸੰਦ 'ਚ ਕੰਮ ਦਾ ਤਜਰਬਾ ਪ੍ਰਾਪਤ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ। ਯੂਕੇ ਹਾਲ ਹੀ 'ਚ ਗ੍ਰੈਜੂਏਟ ਵੀਜ਼ਾ ਵਾਪਸ ਲਿਆਇਆ ਹੈ, ਜੋ ਵਿਦਿਆਰਥੀਆਂ ਨੂੰ ਆਪਣੇ ਲਈ ਪ੍ਰਦਾਨ ਕਰਨ ਲਈ 2 ਸਾਲਾਂ ਦਾ ਸਮਾਂ ਪ੍ਰਦਾਨ ਕਰਦਾ ਹੈ। ਹਾਲਾਂਕਿ ਇਕ ਵਾਰ ਫਿਰ ਇਹ 2 ਸਾਲ ਕਿਸੇ ਵੀ ਕਰਜ਼ੇ ਦਾ ਭੁਗਤਾਨ ਕਰਨ ਲਈ ਨਹੀਂ ਹਨ ਜੋ ਉਨ੍ਹਾਂ ਨੇ ਘਰ ਵਾਪਸ ਲਿਆ ਹੈ ਪਰ ਇਕ ਕੰਮ ਦੀ ਸਪਾਂਸਰਸ਼ਿਪ ਸੁਰੱਖਿਅਤ ਕਰਨ ਲਈ ਹੈ। ਹੋਮ ਆਫਿਸ ਵਿਦਿਆਰਥੀਆਂ ਨੂੰ ਦੋ ਵਾਧੂ ਸਾਲਾਂ ਲਈ ਦੇਸ਼ 'ਚ ਰਹਿਣ ਦੀ ਇਜਾਜ਼ਤ ਦਿੰਦਾ ਹੈ, ਜਿੱਥੇ ਉਹ ਇਕ ਰੁਜ਼ਗਾਰਦਾਤਾ ਲਈ ਕੰਮ ਕਰ ਸਕਦੇ ਹਨ ਅਤੇ ਇਹ ਸਾਬਤ ਕਰ ਸਕਦੇ ਹਨ ਕਿ ਉਹ ਟੀਮ ਦੇ ਇਕ ਕੀਮਤੀ ਮੈਂਬਰ ਹੋ ਸਕਦੇ ਹਨ ਤਾਂ ਰੁਜ਼ਗਾਰਦਾਤਾ ਸਪਾਂਸਰਸ਼ਿਪ ਪ੍ਰਦਾਨ ਕਰਨ ਲਈ ਵਧੇਰੇ ਝੁਕਾਅ ਰੱਖਦਾ ਹੈ।

# Kings Sports Club Sacramento

# 8th World ਕਬੱਡੀ ਕੱਪ







ਸਮੂਹ ਸੰਗਤ ਨੂੰ

**27 ਮਈ 2023 ਦਿਨ ਸ਼ਨੀਵਾਰ**

**ਨੂੰ ਗੁਰਦੂਆਰਾ ਸਾਹਿਬ ਦਸ਼ਮੇਸ਼ ਦਰਬਾਰ**

ਸੈਕਰਾਮੈਂਟੋ ਵਿਖੇ 8th World ਕਬੱਡੀ ਕੱਪ

ਦੇਖਣ ਲਈ ਪਹੁੰਚਣ ਦੀ ਬੇਨਤੀ

8th World Kabbddi Cup - Saturday May 27th 2023

**Kings sports Club-Sacramento**

Gurdwara Dashmesh Darbar Sahib

7733 ELK Grove Florin Rd. Sacramento 95829

ਗੁਰੂ ਘਰ ਦੀ ਗਰਾਊਂਡ ਵਿਚ ਹਥਿਆਰ ਲੈ ਕੇ ਆਉਣਾ, ਕਿਸੇ ਵੀ ਕਿਸਮ ਦਾ ਨਸ਼ਾ ਕਰਕੇ ਜਾਂ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।

ਬੀਬੀਆਂ ਅਤੇ ਪਰਿਵਾਰ ਦੇ ਬੈਠਣ ਲਈ ਖਾਸ ਪ੍ਰਬੰਧ ਕੀਤਾ ਗਿਆ।

• ਗੁਰੂ ਕੇ ਲੰਗਰ ਅਤੁੱਟ ਵਰਤਣਗੇ। • ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।

**ਇਸ ਵਾਰ ਕਬੱਡੀ ਦੀ ਗਰਾਊਂਡ ਦੇ ਵਿਚ ਸ਼ਾਨਦਾਰ ਘਾਹ ਲੱਗੇ ਹੋਏ ਹਨ**



ਜਨਮ ਦਿਨ 'ਤੇ ਵਿਸ਼ੇਸ਼

# ਗ਼ਦਰ ਲਹਿਰ ਦੇ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ

ਡਾ. ਗੁਰਵਿੰਦਰ ਸਿੰਘ




**'ਸਾਡੇ ਵੀਰਨੋ ਤੁਸਾਂ ਨੇ ਖੁਸ਼ ਰਹਿਣਾ**
**ਅਸੀ ਆਪਣੀ ਆਪ ਨਿਭਾ ਦਿਆਂਗੇ**
**ਦੁੱਖ ਝੱਲਾਂਗੇ ਹੱਸਕੇ ਵਾਂਗ ਮਰਦਾਂ**
**ਨਾਲ ਖ਼ੁਸ਼ੀ ਦੇ ਸੀਸ ਲਹਾ ਦਿਆਂਗੇ**
**ਖ਼ਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ**
**ਜੜ੍ਹ ਜ਼ੁਲਮ ਦੀ ਪੁੱਟ ਦਿਖਾ ਦਿਆਂਗੇ'**

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਪੰਜਾਬ ਵਿੱਚ ਜ਼ਿਲ੍ਹਾ ਲੁਧਿਆਣਾ 'ਚ ਪਿੰਡ ਦੇ ਪਿੰਡ ਸਰਾਭਾ ਦੇ ਬਾਬਾ ਬਚਨ ਸਿੰਘ ਦੇ ਪੁੱਤਰ ਸਰਦਾਰ ਮੰਗਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਾਹਿਬ ਕੌਰ ਦੀ ਕੁੱਖੋਂ 24 ਮਈ 1896 ਨੂੰ ਹੋਇਆ। ਗ਼ਦਰ ਲਹਿਰ ਦੇ ਜਰਨੈਲ, ਦਲੇਰ, ਸੂਰਬੀਰ ਅਤੇ ਤੂਫ਼ਾਨਾਂ ਦਾ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਿਰਫ਼ ਉੱਨੀ ਕੁ ਵਰਿਆਂ ਦੀ ਉਮਰ ਵਿੱਚ ਜੀਵਨ ਕੁਰਬਾਨ ਕਰ ਗਏ। 16 ਨਵੰਬਰ 1915 ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ ਮਹਾਨ ਯੋਧੇ ਅਤੇ 'ਗਦਰ ' ਅਖ਼ਬਾਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ, ਲਾਹੌਰ ਜੇਲ੍ਹ 'ਚ ਫਾਂਸੀ ਚੜ੍ਹਨ ਵਾਲੇ ਸੂਰਮਿਆਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ, ਸ਼ਹੀਦ ਭਾਈ ਬਖਸ਼ੀਸ਼ ਸਿੰਘ ਪਿੰਡ ਗਿੱਲਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਛੋਟਾ) ਪਿੰਡ ਗਿੱਲ ਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਵੱਡਾ) ਪਿੰਡ ਗਿੱਲਵਾਲੀ, ਸ਼ਹੀਦ ਭਾਈ ਹਰਨਾਮ ਸਿੰਘ ਪਿੰਡ ਭੱਟੀ ਗੋਰਾਇਆ (ਸਿਆਲਕੋਟ), ਵਿਸ਼ਨੂੰ ਗਣੇਸ਼ ਪਿੰਗਲੇ ਯਰਵਦਾ (ਮਹਾਰਾਸ਼ਟਰ) ਸੱਤ ਗ਼ਦਰੀ ਯੋਧੇ ਸ਼ਾਮਲ ਸਨ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 'ਤੇ ਇਤਿਹਾਸ ਵਿਚਾਰਦਿਆਂ ਇਹ ਮੁਲਾਂਕਣ ਕਰਨਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨ੍ਹਾਂ ਸ਼ਹੀਦੀਆਂ ਦਿੱਤੀਆਂ, ਉਹ ਉਦੇਸ਼ ਪੂਰਾ ਹੋਇਆ? ਕੀ ਇਨ੍ਹਾਂ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਏ ਹਨ? ਆਜ਼ਾਦੀ ਦੀ ਲਹਿਰ ਵਿੱਚ ਗ਼ਦਰ ਪਾਰਟੀ ਦੁਆਰਾ ਕੀਤੇ ਇਨਕਲਾਬ ਦੇ ਸੰਦਰਭ ਵਿੱਚ ਸਥਿਤੀ ਵਿਸ਼ਲੇਸ਼ਣ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਵਿਸ਼ਵ ਯੁੱਧ ਸ਼ੁਰੂ ਹੋਣ ਕਾਰਨ ਵੱਡੀ ਗਿਣਤੀ ਵਿੱਚ ਫਰੰਗੀ ਸੈਨਾ ਇੰਗਲੈਂਡ ਦੀ ਹਿਫਾਜ਼ਤ ਲਈ ਭੇਜੀ ਗਈ। ਉੱਤਰੀ ਭਾਰਤ ਦੀਆਂ ਪ੍ਰਮੁੱਖ ਛਾਉਣੀਆਂ ਦੇ ਦੇਸੀ ਫ਼ੌਜੀਆਂ ਅੰਦਰ ਬਗ਼ਾਵਤ ਫ਼ੈਲਾਉਣ ਲਈ ਕ੍ਰਾਂਤੀਕਾਰੀ ਸਾਹਿਤ ਦੇ ਵਿਚਾਰਾਂ ਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਂਦਾ ਗਿਆ। ਦੇਸ਼ਭਰ ਦੇ ਗ਼ਦਰੀਆਂ 'ਚ ਬਹੁਗਿਣਤੀ ਸਾਬਕਾ ਸਿੱਖ ਫ਼ੌਜੀਆਂ ਦੀ ਹੋਣ ਕਾਰਨ ਇਨਕਲਾਬੀਆਂ ਦੀ ਗ਼ਦਰ ਸਫਲਤਾ ਵਾਸਤੇ, ਆਸ ਦਾ ਚਾਨਣ ਵਧੇਰੇ ਫੈਲਿਆ। ਗ਼ਦਰ 1915 ਦੀ ਪੂਰੀ ਵਿਉਂਤਬੰਦੀ, ਗ਼ਦਰੀਆਂ ਵੱਲੋਂ ਕੀਤੀ ਗਈ ਸੀ ਇਸ ਸਬੰਧੀ ਬਾਬੂ ਸਚਿੰਨਦਰ ਨਾਥ ਸਹਿਗਲ ਪੁਸਤਕ (ਬੰਦੀ ਜੀਵਨ) ਵਿੱਚ ਲਿਖਦੇ ਹਨ 'ਇੱਕ ਦਿਨ ਅਚਾਨਕ ਬਿਨਾਂ ਕਿਸੇ ਨੂੰ ਆਪਣੀ ਇੱਛਾ ਦੱਸੇ, ਉੱਤਰੀ ਭਾਰਤ ਦੀਆਂ ਛਾਉਣੀਆਂ ਦੇ ਤਮਾਮ ਅੰਗਰੇਜ਼ ਸਿਪਾਹੀਆਂ ਉੱਤੇ ਇੱਕ ਦਿਨ ਤੇ ਸਹੀ ਇੱਕੋ ਸਮੇਂ ਇੱਕ ਦਮ ਹਮਲਾ ਕਰ ਦਿੱਤਾ ਜਾਵੇ। ਤੇ ਉਸ ਹਫੜਾ ਤਫੜੀ ਦੌਰਾਨ, ਜੋ ਲੋਕ ਸਾਡੇ ਕਾਬੂ ਆ ਜਾਣ ਉਨਾਂ ਨੂੰ ਕੈਦ ਕਰ ਲਿਆ ਜਾਵੇ। ਉਸ ਵੇਲੇ ਸ਼ਹਿਰਾਂ ਦੇ ਤਾਰ ਆਦਿ ਕੱਟ ਕੇ ਅੰਗਰੇਜ਼ਾਂ ਨੂੰ ਬੰਦੀ ਬਣਾ ਲਿਆ ਜਾਵੇ ਤੇ ਫਿਰ ਖਜ਼ਾਨਾ ਲੁੱਟ ਕੇ ਮਗਰੋਂ ਸਾਰੇ ਕੈਦੀ ਛੱਡ ਦਿੱਤੇ ਜਾਣ। ਇਸ ਮਗਰੋਂ ਸ਼ਹਿਰਾਂ ਦਾ ਇੰਤਜ਼ਾਮ ਆਪਣੇ ਚੁਣੇ ਹੋਏ ਯੋਗ ਬੰਦਿਆਂ ਨੂੰ ਸੌਂਪ ਕੇ ਤਮਾਮ ਇਨਕਲਾਬੀਆਂ ਦੇ ਦਲ ਪੰਜਾਬ ਵਿੱਚ ਜਾ ਇਕੱਤਰ ਹੋਣ। ਬਗਾਵਤ ਵਾਸਤੇ ਸਮੁੱਚੇ ਸਥਿਤੀ ਨੂੰ ਢੁੱਕਵੀਂ ਜਾਣਦਿਆਂ ਸਾਰੀ ਵਿਉਂਤ ਕਰਨ ਮਗਰੋਂ, 12 ਫਰਵਰੀ 1915 ਈਸਵੀ ਨੂੰ ਗ਼ਦਰ ਦੀ ਤਾਰੀਖ ਨਿਯਮਿਤ ਕਰ ਦਿੱਤੀ ਗਈ 21 ਫਰਵਰੀ ਲਈ ਸਾਰੀ ਤਿਆਰੀ ਹੋ ਚੁੱਕੀ ਸੀ, ਪਰ ਐਨ ਵੇਲੇ ਤੇ 'ਘਰ ਦਾ ਭੇਤੀ ਲੰਕਾ ਢਾਇ 'ਵਾਲੀ ਸਥਿਤੀ ਆ ਬਣੀ। ਪਾਰਟੀ ਦੀ ਕੇਂਦਰੀ ਕਮੇਟੀ ਦੇ ਇੱਕ ਦੇਸ਼ ਧ੍ਰੋਹੀ ਮੈਂਬਰ ਕਿਰਪਾਲ ਸਿੰਘ ਪਿੰਡ ਬਰਾੜ, ਅੰਮ੍ਰਿਤਸਰ ਨੇ, ਗ਼ਦਰ ਦੀ ਤਾਰੀਖ ਪੁਲਿਸ ਨੂੰ ਸੂਚਿਤ ਕਰ ਕੇ ਇਤਿਹਾਸ ਦੇ ਪੰਨਿਆਂ ਤੇ ਆਪਣਾ ਨਾਂ ਸਦਾ ਲਈ ਕਲੰਕਿਤ ਕਰ ਲਿਆ। ਮੁਖ਼ਬਰ ਰਾਹੀਂ ਗ਼ਦਰ ਦੀ ਖ਼ਬਰ ਸਰਕਾਰ ਤੱਕ ਪਹੁੰਚਾਉਣ ਦੀ ਜਾਣਕਾਰੀ ਛੇਤੀ ਹੀ ਗ਼ਦਰ ਪਾਰਟੀ ਨੂੰ ਮਿਲ ਗਈ।

ਅਜਿਹੀ ਹਾਲਤ ਵਿੱਚ 16 ਫਰਵਰੀ ਨੂੰ ਪਾਰਟੀ ਨੇ ਨਵਾਂ ਫੈਸਲਾ ਲੈ ਲਿਆ ਤੇ ਗ਼ਦਰ ਦੀ ਤਾਰੀਖ 21 ਦੀ ਬਜਾਏ 19 ਫਰਵਰੀ ਕਰ ਦਿੱਤੀ ਗਈ, ਪਰ ਬਦਕਿਸਮਤੀ ਨਾਲ ਕਿਰਪਾਲ ਸਿੰਘ ਨੂੰ ਬਦਲੀ ਤਾਰੀਖ ਦਾ ਵੀ ਇਲਮ ਹੋ ਗਿਆ ਤੇ ਉਸ ਨੇ ਇਸ ਬਾਰੇ ਵੀ ਅੰਗਰੇਜ਼ ਸਰਕਾਰ ਨੂੰ ਸੂਚਿਤ ਕਰ ਦਿੱਤਾ। ਬੇਸ਼ੱਕ ਗ਼ਦਰ ਆਗੂਆਂ ਨੂੰ ਕਿਰਪਾਲ ਸਿੰਘ ਦੀ ਮੰਦੀ ਨੀਅਤ 'ਤੇ ਸ਼ੱਕ ਹੋ ਗਿਆ ਸੀ ਤੇ ਉਸ ਤੇ ਨਿਗਰਾਨੀ ਵੀ ਰੱਖੀ ਜਾ ਰਹੀ ਸੀ, ਪਰ ਤਦ ਵੀ ਉਹ ਆਪਣੇ ਘਟੀਆ ਮਨਸੂਬਿਆਂ 'ਚ ਸਫਲ ਹੋ ਗਿਆ। ਉਸ ਤੋਂ ਮਿਲੀ ਇਤਲਾਹ ਮੁਤਾਬਿਕ ਹਕੂਮਤ ਪੂਰੀ ਤਰਾਂ ਚੌਕੰਨੀ ਹੋ ਗਈ। ਛਾਉਣੀਆਂ ਦੀ ਨਿਗਰਾਨੀ ਸਖਤ ਕਰ ਦਿੱਤੀ ਗਈ ਜਿਨਾਂ ਥਾਵਾਂ ਤੋਂ ਬਗ਼ਾਵਤ ਦਾ ਸੰਦੇਹ ਸੀ, ਉੱਥੋਂ ਸ਼ੱਕੀ ਫੌਜੀਆਂ ਨੂੰ ਬਦਲ ਦਿੱਤਾ ਗਿਆ। ਪੁਲਿਸ ਨੇ ਪੂਰੀ ਤਿਆਰੀ ਨਾਲ 19 ਫਰਵਰੀ ਸ਼ਾਮ ਸਾਢੇ ਚਾਰ ਵਜੇ ਲਾਹੌਰ ਵਿਚਲੇ ਗ਼ਦਰੀਆਂ ਦੇ ਮੁੱਖ ਟਿਕਾਣੇ ਮੋਚੀ ਦਰਵਾਜ਼ੇ ਵਾਲੇ ਮਕਾਨ 'ਤੇ ਛਾਪਾ ਮਾਰਿਆ ਤੇ ਸੱਤ ਪ੍ਰਮੁੱਖ ਇਨਕਲਾਬੀਆਂ ਨੂੰ ਗ੍ਰਿਫਤਾਰ ਕਰ ਲ਼ਿਆ। ਛਾਪੇ ਦੌਰਾਨ ਪੁਲਿਸ ਨੂੰ ਅਜਿਹੇ ਖੁਫੀਆ ਪੱਤਰ ਵੀ ਮਿਲ ਗਏ ਜਿਨਾਂ ਚ ਗ਼ਦਰ ਦੀ ਵਿਉਂਤ ਬਾਰੇ ਡੂੰਘੀ ਵਾਕਫੀਅਤ ਸੀ। ਕਰੀਬ ਸਾਢੇ ਛੇ ਵਜੇ ਫਰੰਗੀ ਸਰਕਾਰ ਨੇ ਪ੍ਰਾਪਤ ਦਸਤਾਵੇਜ਼ਾਂ ਦੇ ਆਧਾਰ 'ਤੇ ਤਾਰਾਂ ਰਾਹੀਂ ਸਾਰੀਆਂ ਛਾਉਣੀਆਂ ਨੂੰ ਚੌਕਸ ਕਰ ਦਿੱਤਾ ।ਇਸ ਤਰਾਂ ਆਜ਼ਾਦੀ ਲਈ ਹੋਣ ਵਾਲੀ ਵੱਡੀ ਬਗਾਵਤ ਨੂੰ ਫਿਰੰਗੀ ਨੇ ਸਿਰੇ ਨਾ ਚੜਨ ਦਿੱਤਾ ਅਤੇ ਗ਼ਦਰ ਨੂੰ ਨਾਕਾਮਯਾਬ ਬਣਾ ਦਿੱਤਾ। ਵਿਦਰੋਹ ਵਾਸਤੇ ਕੇਂਦਰ ਲਾਹੌਰ ਦੀ ਛਾਉਣੀ ਮੀਆਂ ਮੀਰ ਦੇ ਅਸਲੇ ਨੰਬਰ ਦੋ



ਦੇ ਸਿਪਾਹੀਆਂ ਨੂੰ, ਗਦਰ ਚ ਸ਼ਮੂਲੀਅਤ ਲਈ ਸ਼ੱਕ ਦੇ ਆਧਾਰ ਤੇ ਲਾਈਨ ਹਾਜ਼ਰ ਕਰ ਦਿੱਤਾ ਗਿਆ।

ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਫੈਲਾਉਣ ਲਈ ਜ਼ਿੰਮੇਵਾਰ ਆਗੂਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਸਰਦਾਰ ਕਰਤਾਰ ਸਿੰਘ ਸਰਾਭਾ ਦੁਆਰਾ ਸੰਪਰਕ ਕਰਨ ਤੋਂ ਪਹਿਲਾਂ ਹੀ ਸਾਜਿਸ਼ 'ਚ ਸ਼ਾਮਿਲ ਫੌਜੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਤੇ ਗ਼ਦਰੀ ਮੂੱਲਾ ਸਿੰਘ ਮੀਰਾਕੋਟ ਨੂੰ ਕੈਦੀ ਬਣਾ ਲਿਆ ਗਿਆ, ਜੋ ਪੁਲਿਸ ਦਾ ਜ਼ੁਲਮ ਸਹਿਣ ਨਾ ਕਰਦੇ ਹੋਏ ਮਗਰੋਂ ਵਾਅਅ- ਮੁਆਫ਼ ਗਵਾਹ ਬਣ ਗਿਆ। ਮੁੱਲਾ ਸਿੰਘ ਵਾਂਗ ਹੀ ਪਾਰਟੀ ਕਾਰਕੁੰਨ ਅਮਰ ਸਿੰਘ ਵੀ ਸਰਕਾਰੀ ਕੁੱਟਮਾਰ ਅੱਗੇ ਝੁਕ ਗਿਆ ਤੇ ਇਨਾਂ ਨੇ ਆਪਣੇ ਸਰਗਰਮ ਸਾਥੀਆਂ ਦੇ ਟਿਕਾਣਿਆਂ ਦੇ ਭੇਦ ਖੋਲ ਦਿੱਤੇ । ਪੁਲਿਸ ਨੇ ਪਿੰਡਾਂ ਸ਼ਹਿਰਾਂ ਵਿੱਚ ਬਹੁਤ ਛਾਪੇ ਮਾਰੇ ਤੇ ਤਕਰੀਬਨ ਸਾਰੇ ਗ਼ਦਰੀ ਆਗੂਆਂ ਫੜ ਲਏ। ਦੂਸਰੇ ਪਾਸੇ ਮੁਖ਼ਬਰ ਕਿਰਪਾਲ ਸਿੰਘ ਦੁਆਰਾ ਹਕੂਮਤ ਨੂੰ ਗ਼ਦਰ ਦੀ ਸੂਹ ਦੇਣ ਤੇ ਕੌਮ ਨਾਲ ਗੱਦਾਰੀ ਕਰਨ ਦੇ ਇਨਾਮ ਵਜੋਂ ਤੀਹ ਹਜ਼ਾਰ ਰੁਪਏ ਨਕਦ ਤੇ ਪੰਜ ਮੁਰੱਬੇ ਜ਼ਮੀਨ ਮਿਲੀ,ਪਰ ਉਸ ਦੇ ਗੁਨਾਹਾਂ ਤੇ ਪਾਪਾਂ ਦੀ ਸਜ਼ਾ ਸਮਾਂ ਪਾ ਕੇ ਦੇਸ਼ ਭਗਤਾਂ ਨੇ 1932 ਵਿੱਚ ਉਸ ਨੂੰ ਮੌਤ ਦੇ ਘਾਟ ਉਤਾਰ ਦੇ ਕੇ ਦਿੱਤਾ। ਫਰੰਗੀ ਮੁਖਬਰਾਂ ਦੀ ਸੂਚੀ ਇੱਕ ਹੋਰ ਨਾਂ ਨਵਾਬ ਖਾਂ ਹਲਵਾਰਾ, ਲੁਧਿਆਣਾ ਵੀ ਜ਼ਿਕਰਯੋਗ ਹੈ। ਇਹ ਇਹ ਔਰੇਗਨ ਸਟੇਟ ਦੇ ਸ਼ਹਿਰ ਆਸਟੇਰੀਆ 'ਚ ਗ਼ਦਰੀ ਸਰਗਰਮੀਆਂ 'ਚ ਆਗੂ ਰਿਹਾ ਅਤੇ ਇਸ ਬਾਰੇ ਕਿਸੇ ਨੂੰ ਸਰਕਾਰੀ ਸੂਹੀਆ ਹੋਣ ਦਾ ਜ਼ਰਾ ਵੀ ਖਿਆਲ ਨਹੀਂ ਸੀ। ਨਵਾਬ ਖਾਨ ਬਹੁਤੇ ਗ਼ਦਰੀਆਂ ਦੇ ਰਿਸ਼ਤੇਦਾਰਾ ਆਦਿ ਬਾਰੇ ਭਲੀ-ਭਾਂਤ ਜਾਣਕਾਰੀ ਜਾਣਦਾ ਸੀ ਤੇ ਇਸ ਦੀਆਂ ਰਿਪੋਰਟਾਂ 'ਤੇ ਬਹੁਤ ਸਾਰੇ ਇਨਕਲਾਬੀ ਗ੍ਰਿਫਤਾਰ ਹੋਏ । ਮਗਰੋਂ ਨਵਾਬ ਖਾਨ ਲਾਹੌਰ ਕੇਸ ਅਤੇ ਫਿਰ ਅਮਰੀਕਾ ਸਾਜ਼ਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਿਆ।

ਵਾਸਤਵ ਵਿੱਚ ਗਦਰ ਦੇ ਮਨੋਰਥ 'ਤੇ ਉਦੋਂ ਹੀ ਪਾਣੀ ਫਿਰ ਗਿਆ, ਜਦ ਇਸ ਤੋਂ ਪਹਿਲਾਂ ਹੀ ਇਤਲਾਹ ਅੰਗਰੇਜ਼ ਸਰਕਾਰ ਨੂੰ ਮੁਖ਼ਬਰਾਂ ਪਾਸੋਂ ਮਿਲ ਗਈ। ਮਾਈਕਲ ਉਡਵਾਇਰ ਆਪਣੇ ਸ਼ਬਦਾਂ ਵਿੱਚ ਲਿਖਦਾ ਹੈ " 19 ਫਰਵਰੀ ਦੇ ਛਾਪੇ ਨੇ ਉਸ ਰਾਤ ਗਦਰ ਕਰਾਉਣ ਦੀ ਵਿਉਂਤ ਨੂੰ ਅਸਫ਼ਲ ਬਣਾ ਦਿੱਤਾ। ਅਸੀਂ ਖੁਫੀਆ ਭਾਸ਼ਾ ਵਿੱਚ ਸਿਆਲਕੋਟ ਫ਼ਿਰੋਜ਼ਪੁਰ ਅਤੇ ਰਾਵਲਪਿੰਡੀ ਆਦਿ ਵੱਖ-ਵੱਖ ਛਾਉਣੀਆਂ ਵਿੱਚ ਤਾਰਾਂ ਭੇਜ ਦਿੱਤੀਆਂ ਅਤੇ ਸੈਨਿਕ ਅਫ਼ਸਰਾਂ ਨੇ ਲਾਜ਼ਮੀ ਤੇ ਕਈ ਜਗਾ ਜ਼ਰੂਰਤ ਨਾਲੋਂ ਵਧੇਰੇ ਪੇਸ਼ਾਵਰ ਲਈਆਂ ਰਿਪੋਰਟਾਂ ਦੇ ਅਧਾਰ 'ਤੇ ਪੰਜਾਬ ਭਰ ਵਿੱਚ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਵੱਡੇ ਪੱਧਰ ਤੇ ਹੋ ਰਹੀਆਂ ਸਨ। ਗ਼ਦਰ ਦੀਆਂ ਕੋਸ਼ਿਸ਼ਾਂ ਨੂੰ ਸਰਕਾਰ ਨੇ ਅਸਫਲ ਬਣਾ ਦਿੱਤਾ ਸੀ । ਅਜਿਹੀ ਸਥਿਤੀ ਵਿੱਚ ਗ਼ਦਰ ਲਹਿਰ ਦੇ ਕਈ ਆਗੂਆਂ ਨੇ ਵਿਚਾਰ ਕੀਤੀ ਕਿ ਆਪਣੇ ਆਪ ਨੂੰ ਸਰਕਾਰੀ ਪੰਜਿਆਂ ਦੀ ਪਕੜ ਤੋਂ ਬਚਾਇਆ ਜਾਵੇ ਤੇ ਸਮਾਂ ਪਾ ਕੇ ਫਿਰ ਤੋਂ ਦੇਸ਼-ਭਗਤਾਂ ਨੂੰ ਸੰਗਠਿਤ ਕੀਤਾ ਜਾਵੇ।

ਨੌਜਵਾਨ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਨੇ ਬੰਗਾਲ ਤੋਂ ਪੰਜਾਬੀ ਗ਼ਦਰੀਆਂ ਦੀ ਅਗਵਾਈ ਲਈ ਮੰਗਵਾਏ ਰਾਸ ਬਿਹਾਰੀ ਬੋਸ ਨੂੰ ਪੁਲਿਸ ਹੱਥੋਂ ਬਚਾਉਣ ਲਈ ਲਾਹੌਰ ਸਟੇਸ਼ਨ ਤੇ ਪਹੁੰਚਾਇਆ, ਜਿੱਥੋਂ ਬੋਸ ਬਨਾਰਸ ਚੱਲਿਆ ਗਿਆ । ਮਗਰੋਂ ਉਹ ਫਰੰਗੀ ਤੋਂ ਬਚਾਉਂਦੇ ਬਚਾਉਂਦੇ ਜਾਪਾਨ ਪਹੁੰਚ ਗਿਆ, ਜਿੱਥੇ ਕੁੱਝ ਸਮਾਂ ਬਾਅਦ ਬੋਸ ਦੀ ਮੌਤ ਹੋ ਗਈ। ਏਧਰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਲਾਇਲਪੁਰ ਚਲੇ ਗਏ ਤੇ ਉੱਥੋਂ ਪਠਾਣਾਂ ਦਾ ਭੇਸ ਬਦਲ ਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿੱਚ ਪਹੁੰਚ ਗਏ। ਇੱਥੇ ਉਹ ਪੂਰੀ ਤਰਾਂ ਸੁਰੱਖਿਅਤ ਸਨ, ਪਰ ਇਕ ਸਮੇਂ ਅਚਾਨਕ ਹੀ ਉਨਾਂ ਗ਼ਦਰ ਦੀ ਗੂੰਜ ਵਿੱਚ ਛਪੀ ਇਨਕਲਾਬੀ ਨਜ਼ਮ 'ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ!' ਪੜੀ, ਤਾਂ ਮਨ ਅੰਦਰ ਆਪਣੀਆਂ ਜਾਨਾਂ ਬਚਾ ਕੇ,ਛੁਪਣ 'ਤੇ ਡੂੰਘਾ ਅਫਸੋਸ ਹੋਇਆ। ਨਾਲ ਹੀ ਇਹ ਖ਼ਿਆਲ ਆਇਆ ਕਿ ਜੇਕਰ ਜਾਨ ਹੀ ਬਚਾਉਣੀ ਸੀ, ਤਾਂ ਅਮਰੀਕਾ ਤੋਂ ਸ਼ਹੀਦੀਆਂ ਦੇ ਵਾਅਦੇ ਕਰਕੇ ਆਉਣ ਦੀ ਕੀ ਲੋੜ ਸੀ। ਅਜਿਹੀ ਮਨ ਅੰਤਰ ਦੀ ਪੀੜਾ ਨੂੰ ਪਛਾਣਦਿਆਂ ਇਹ ਇਹ ਮਰਜੀਵੜੇ ਮੁੜ ਮੌਤ ਦੇ ਮੂੰਹ ਵਿੱਚ ਪਰਤਣ ਲਈ ਤਿਆਰ ਹੋਏ। ਪੇਸ਼ਾਵਰ ਤੋਂ ਪੰਜਾਬ ਵੱਲ ਚੱਲ ਪਏ 3 ਸੂਰਮੇ 22ਵੇਂ ਰਸਾਲੇ ਦੇ ਘੋੜਿਆਂ ਦੇ ਫਾਰਮ ਕੋਲ ਚੱਕ ਨੰਬਰ ਪੰਜ, ਸਰਗੋਧਾ



ਪਹੁੰਚੇ, ਜਿੱਥੋਂ ਉਨਾਂ ਹਥਿਆਰ ਲੈ ਕੇ ਆਪਣੇ ਬੰਦੀ ਸਾਥੀਆਂ ਨੂੰ ਛੁਡਾਉਣ ਦੀ ਯੋਜਨਾ ਬਣਾਈ, ਪਰ ਉਨਾਂ ਦੀ ਇਹ ਵਿਉਂਤ ਸਿਰੇ ਨਾ ਚੜੀ ਕਿਉਂਕਿ ਇੱਕ ਹੋਰ ਗਦਾਰ ਗੰਡਾ ਸਿੰਘ ਰਸਾਲਦਾਰ ਨੇ 2 ਮਾਰਚ 1915 ਈਸਵੀ ਨੂੰ ਤਿੰਨੇ ਸੂਰਮਿਆਂ ਨੂੰ ਪੁਲਿਸ ਪਾਸ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਇੱਥੇ ਵਿਸ਼ੇਸ਼ ਮਹੱਤਵ ਵਾਲੀ ਗੱਲ ਇਹ ਹੈ ਕਿ ਅੰਗਰੇਜ਼ ਪੁਲਿਸ ਦੇ ਖ਼ੂਨੀ ਸ਼ਿਕੰਜੇ 'ਚ ਜਕੜੇ ਜਾਣ 'ਤੇ ਵੀ ਇਨਾਂ ਸੂਰਵੀਰਾਂ ਦੇ ਚਿਹਰੇ ਚੜਦੀ ਕਲਾ ਵਿੱਚ ਸਨ ਤੇ ਸ਼ਹੀਦ ਸਰਾਭਾ ਤਾਂ ਅਕਸਰ ਇਹ ਕਵਿਤਾ ਪੜਿਆ ਕਰਦਾ ਸੀ:

**ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ**
**ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ ।**
**ਜਿੰਨਾ ਦੇਸ ਸੇਵਾ ਵਿੱਚ ਪੈਰ ਪਾਇਆ**
**ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।**

ਗ਼ਦਰ ਲਹਿਰ ਦੇ ਆਗੂਆਂ ਨੇ ਵਿਦਰੋਹ ਦੇ ਸਫਲ ਨਾ ਹੋਣ ਦੇ ਬਾਵਜੂਦ ਹੌਸਲਾ ਨਾ ਛੱਡਿਆ ਤੇ ਕਿਤੇ ਨਾ ਕਿਤੇ ਕੋਈ ਅਜਿਹੀ ਇਨਕਲਾਬੀ ਸਰਗਰਮੀ ਕਰਦੇ ਰਹੇ, ਜੋ ਗ਼ਦਰ ਪਾਰਟੀ ਦੇ ਉਸ ਮਨੋਰਥ ਨੂੰ ਚੇਤੇ ਕਰਵਾਉਂਦੀ ਸੀ ਕਿ ਜਦ ਤੱਕ ਇੱਕ ਵੀ ਗ਼ਦਰੀ ਸਿਪਾਹੀ ਬਾਕੀ ਹੈ, ਉਦੋਂ ਤੱਕ ਕੌਮੀ ਆਨ ਬਾਨ ਤੇ ਸ਼ਾਨ ਲਈ ਕੁਰਬਾਨ ਹੋਣ ਤੋਂ ਨਹੀਂ ਝਿਜਕਾਂਗੇ। ਗ਼ਦਰੀਆਂ ਨੇ 11 ਜੂਨ ਦੀ ਰਾਤ ਨੂੰ 42 ਨੰਬਰ ਪਲਟਣ ਦੀ ਗਾਰਦ ਉੱਤੇ ਅੰਮ੍ਰਿਤਸਰ 'ਚ ਪੈਂਦੇ ਪਿੰਡ ਬੱਲਾਂ ਲਾਗਲੇ ਨਹਿਰ ਦੇ ਪੁੱਲ 'ਤੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਪਲਟਣ ਦੇ ਦੋ ਸਿਪਾਹੀ ਦੇ ਦੋ ਹੋਰ ਬੰਦੇ ਮਾਰੇ ਗਏ। ਗ਼ਦਰੀ ਹਥਿਆਰ ਤੇ ਗੋਲੀ ਸਿੱਕਾ ਖੋਹ ਕੇ ਲੈ ਗਏ। ਬਗਾਵਤ ਦੌਰਾਨ ਇੱਕ ਹੋਰ ਘਟਨਾ ਰਿਆਸਤ ਮੰਡੀ ਵਿੱਚ ਹੋਈ। ਦਰਅਸਲ ਮੰਡੀ ਦੀ ਰਾਣੀ ਵੀ ਅੰਗਰੇਜ਼ ਹਕੂਮਤ ਦੀਆਂ ਵਧੀਕੀਆਂ ਤੋਂ ਪ੍ਰੇਸ਼ਾਨ ਸੀ ਉਸ ਦੇ ਭਰਾ ਮੀਆਂ ਜਵਾਹਰ ਸਿੰਘ ਦੀ ਮੁਲਾਕਾਤ ਗ਼ਦਰੀ ਨਿਧਾਨ ਸਿੰਘ ਚੁੱਘਾ ਨਾਲ ਹੋਈ। ਮਾਰਚ 1915 ਈਸਵੀ ਵਿੱਚ ਇਹ ਵਿਉਂਤ ਬਣਾਈ ਗਈ ਕਿ ਪੰਜਾਬ ਦੇ ਗਦਰੀ ਯੋਧੇ ਮੰਡੀ ਦੇ ਕਿਲੇ 'ਤੇ ਕਬਜ਼ਾ ਕਰ ਲੈਣ, ਇਸ ਕੰਮ ਚ ਉਨਾਂ ਦਾ ਪੂਰਾ ਸਾਥ ਦੇਣਗੇ ਤੇ ਹਥਿਆਰਾਂ ਸਣੇ ਕਿਲੇ 'ਤੇ ਹਮਲੇ ਕਰ ਦਿੱਤਾ ਜਾਵੇਗਾ। ਮਗਰੋਂ ਮੰਡੀ ਦੇ ਅੰਗਰੇਜ਼ ਰੈਜ਼ੀਡੈਂਟ ਦੇ ਵਜ਼ੀਰ ਨੂੰ ਮਾਰ ਦਿੱਤਾ ਜਾਵੇਗਾ। ਇਸ ਯੋਜਨਾ ਦੀ ਪੂਰਤੀ ਵਾਸਤੇ ਗ਼ਦਰੀ ਇਕੱਠੇ ਕਰਨ ਲਈ ਪੰਜਾਬ ਆ ਰਹੇ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਕਮਾਲਪੁਰਾ ਕੋਲੋਂ ਫੜ ਲਿਆ ਗਿਆ। ਦੂਜੇ ਪਾਸੇ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਮੀਆਂ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰ ਲ਼ਿਆ ਗਿਆ। ਰਾਣੀ ਨੂੰ ਕਿਲੇ 'ਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਗ਼ਦਰ 1915 ਦੇ ਇਤਿਹਾਸ ਵਿੱਚ ਇਹ ਮੁਕੱਦਮਾ 'ਮੰਡੀ ਸਾਜ਼ਿਸ਼ ਕੇਸ' ਦੇ ਨਾਂ ਵਜੋਂ ਪ੍ਰਸਿੱਧ ਹੈ।

ਗ਼ਦਰ ਲਹਿਰ ਦੇ ਇਨਕਲਾਬੀਆਂ ਨੂੰ ਵੱਡੀ ਗਿਣਤੀ ਵਿੱਚ ਫੜੇ ਜਾਣ ਮਗਰੋਂ ਹਿੰਦ ਰੱਖਿਆ ਕਾਨੂੰਨ (ਡਿਫੈਂਸ ਆਫ਼ ਇੰਡੀਆ ਐਕਟ) ਦੀਆਂ ਧਾਰਾਵਾਂ ਅਨੁਸਾਰ ਬਹੁਤ ਸਾਰੇ ਮੁਕੱਦਮੇ ਚਲਾਏ ਗਏ। ਇਨ੍ਹਾਂ ਕੇਸਾਂ ਦਾ ਮੂਲ ਮੰਤਵ ਇਨਕਲਾਬੀਆਂ ਨੂੰ ਆਜ਼ਾਦੀ ਸੰਗਰਾਮੀਆਂ ਸਾਬਤ ਕਰ ਕੇ ਸਜ਼ਾਵਾਂ ਦੇਣ ਦਾ ਨਹੀਂ, ਬਲਕਿ ਲੁਟੇਰੇ ਤੇ ਕਾਤਲ ਦਰਸਾ ਕੇ ਫਾਂਸੀਆਂ ਦੇਣ ਦਾ ਸੀ। ਇਸ ਦੌਰਾਨ ਕਚਹਿਰੀ ਵਿੱਚ ਮੁਜਰਿਮਾਂ ਪਾਸੋਂ ਕੋਈ ਅਪੀਲ ਦੀ ਸੰਭਾਵਨਾਵਾਂ ਨਹੀਂ ਸੀ, ਕੇਵਲ ਸਰਕਾਰ ਅੱਗੇ ਹੀ ਰਹਿਮ ਦੀ ਅਪੀਲ ਹੋ ਸਕਦੀ ਸੀ। ਗ਼ਦਰ ਦੇ ਗ਼ਦਰ ਲਹਿਰ ਦੇ ਆਗੂਆਂ 'ਤੇ ਦਾਇਰ ਕੇਸਾਂ ਵਿੱਚ ਸਭ ਤੋਂ ਪਹਿਲਾਂ ਜ਼ਿਕਰ 'ਲਾਹੌਰ ਸਾਜ਼ਿਸ਼ ਕੇਸ' ਦੇ ਪਹਿਲੇ ਮੁਕੱਦਮੇ ਵਜੋਂ ਆਉਂਦਾ ਹੈ। ਇਹ ਮੁਕੱਦਮਾ 26 ਅਪਰੈਲ 1915 ਈਸਵੀ ਨੂੰ ਸੈਂਟਰਲ ਜੇਲ ਲਾਹੌਰ ਚ ਸ਼ੁਰੂ ਹੋਇਆ ਅਤੇ 13 ਸਤੰਬਰ 1915 ਈਸਵੀ ਨੂੰ ਬਾਦਸ਼ਾਹ ਬਨਾਮ ਆਨੰਦ ਕਿਸ਼ੋਰ ਤੇ ਹੋਰਨਾਂ ਦੇ ਨਾਂ ਅਧੀਨ ਅੰਕਿਤ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਇਸ ਮੁਕੱਦਮੇ ਵਿੱਚ ਚੌਹਟ ਮੁਲਜ਼ਮ ਰੱਖੇ ਗਏ ਸਨ, ਜਿਹੜੀ ਗਿਣਤੀ ਉਸੇ ਵੇਲੇ ਪੂਰੇ ਦੇਸ਼ 'ਚ ਹੋਏ ਕਿਸੇ ਵੀ ਕੇਸ 'ਚ ਸ਼ਾਮਲ ਮੁਲਜ਼ਮਾਂ ਤੋਂ ਵੱਧ ਸੀ। ਇਸ ਕੇਸ ਵਿੱਚ ਸੱਤ ਗ਼ਦਰੀ ਯੋਧਿਆਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਵਿਸ਼ਨੂੰ ਗਣੇਸ਼ ਪਿੰਗਲੇ ਪੂਨਾ, ਸੁਰੈਣ ਸਿੰਘ ਗਿਲਵਾਲੀ ਤੇ ਇੱਕ ਹੋਰ ਯੋਧੇ ਸੁਰੈਣ ਸਿੰਘ ਨੂੰ 16 ਨਵੰਬਰ 1915 ਈਸਵੀ ਨੂੰ ਫਾਂਸੀ ਦੀ ਸਜਾ ਦਿੱਤੀ ਗਈ। ਇਨਾਂ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ ਇਨ੍ਹਾਂ ਯੋਧਿਆਂ ਬਾਬਾ ਸੋਹਣ ਸਿੰਘ ਭਕਨਾ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਜੁਆਲਾ ਸਿੰਘ, ਬਾਬਾ ਵਿਸਾਖਾ ਸਿੰਘ, ਪੰਡਿਤ ਜਗਤ ਰਾਮ ਤੇ ਪਰਮਾਨੰਦ ਜੀ ਸ਼ਾਮਲ ਸਨ। 'ਵਤਨ ਵਾਸੀਉ ਰੱਖਣਾ ਯਾਦ ਸਾਨੂੰ' ਸ਼ਹੀਦ ਸਰਾਭੇ ਦੀ ਮਸ਼ਹੂਰ ਕਵਿਤਾ ਹੈ, (ਗਦਰੀਆਂ ਦੀ ਸਾਂਝੀ ਕਵਿਤਾ) ਜੋ ਪਾਠ ਪੁਸਤਕਾਂ 'ਚ ਵੀ ਪੜ੍ਹਾਈ ਜਾਂਦੀ ਹੈ, ਬੜੀ ਕਮਾਲ ਦੀ ਰਚਨਾ ਹੈ, ਜੋ ਇਨ੍ਹਾਂ ਗ਼ਦਰੀ ਯੋਧਿਆਂ ਨੇ ਫਾਂਸੀ ਦੇ ਰੱਸੇ ਚੁੰਮਣ ਤੋਂ ਕੁਝ ਦਿਨ ਪਹਿਲਾਂ ਸਾਂਝੇ ਤੌਰ 'ਤੇ ਤਿਆਰ ਕੀਤੀ ਸੀ ਅਤੇ ਮਿਲ ਕੇ ਗਾਇਨ ਕਰਦੇ ਸਨ। ਇਨ੍ਹਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਬਾਕੀ ਸਾਰੇ ਯੋਧੇ ਸਿੱਖੀ ਦੀ ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹਾਦਤਾਂ ਤੋਂ ਸੇਧ ਲੈਂਦੇ ਪ੍ਰਤੀਤ ਹੁੰਦੇ ਹਨ :

**ਸਦਾ ਜੀਵਣਾ ਨਹੀਂ ਜਹਾਨ ਅੰਦਰ**
**ਖਿਲੀ ਰਹੇਗੀ ਸਦਾ ਗੁਲਜ਼ਾਰ ਨਾਹੀ**
**ਸਦਾ ਕੂੜ ਦੀ ਰਹੇ ਨਾਂ ਜ਼ਾਰਸ਼ਾਹੀ**
**ਸਦਾ ਜਾਬਰਾ ਹੱਥ ਤਲਵਾਰ ਨਾਹੀ**
**ਰੰਗ ਬਦਲਦੀ ਰਹੇਗੀ ਸਦਾ ਕੁਦਰਤ**
**ਬਣਦਾ ਵਖਤ ਕਿਸੇ ਦਾ ਯਾਰ ਨਾਹੀ**
**ਹੋਸੀ ਧਰਮ ਦੀ ਜਿੱਤ ਅਖੀਰ ਬੰਦੇ**
**ਬੇੜੀ ਪਾਪ ਦੀ ਲੱਗਣੀ ਪਾਰ ਨਾਹੀ**
**ਸਾਡੇ ਵੀਰਨੋ ਤੁਸਾਂ ਨੇ ਖੁਸ਼ ਰਹਿਣਾ**
**ਅਸੀ ਆਪਣੀ ਆਪ ਨਿਭਾ ਦਿਆਂਗੇ**
**ਦੁੱਖ ਝੱਲਾਂਗੇ ਹੱਸਕੇ ਵਾਂਗ ਮਰਦਾਂ**
**ਨਾਲ ਖ਼ੁਸ਼ੀ ਦੇ ਸੀਸ ਲਹਾ ਦਿਆਂਗੇ**
**ਖ਼ਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ**
**ਜੜ੍ਹ ਜ਼ੁਲਮ ਦੀ ਪੁੱਟ ਦਿਖਾ ਦਿਆਂਗੇ**
**ਥੋੜੇ ਦਿਨਾਂ ਤਾਂਈ ਬੇੜਾ ਪਾਰ ਹੋਸੀ**
**ਸਰੋਂ ਹੱਥ ਤੇ ਅਸੀ ਜਮਾਂ ਦਿਆਂਗੇ**
**ਸਾਡੇ ਵੀਰਨੋ ਤੁਸਾਂ ਨਾ ਫਿਕਰ ਕਰਨਾ**
**ਵਿਦਾ ਬਖ਼ਸ਼ਣੀ ਖ਼ੁਸ਼ੀ ਦੇ ਨਾਲ ਸਾਨੂੰ**
**ਫਾਂਸੀ ਤੋਪ ਬੰਦੂਕ ਤੇ ਤੀਰ ਬਰਸ਼ੀ**
**ਕੱਟ ਸਕਦੀ ਨਹੀਂ ਤਲਵਾਰ ਸਾਨੂੰ**
**ਸਾਡੀ ਆਤਮਾ ਸਦਾ ਅਡੋਲ ਵੀਰੋ**
**ਕਰੂ ਕੀ ਤੁਫੰਗ ਦਾ ਵਾਰ ਸਾਨੂੰ**
**ਖ਼ਾਤਰ ਧਰਮ ਦੀ ਪਿਤਾ ਨੇ ਪੁੱਤ ਵਾਰੇ**
**ਦਿਸੇ ਚਮਕਦੀ ਨੇਕ ਮਿਸਾਲ ਸਾਨੂੰ।**

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 'ਤੇ ਇਹ ਵਿਚਾਰਨਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨ੍ਹਾਂ ਸ਼ਹੀਦੀ ਦਿੱਤੀ, ਉਹ ਉਦੇਸ਼ ਪੂਰਾ ਹੋਇਆ? ਅੱਜ ਭਾਰਤ ਵਿੱਚ ਫਾਸ਼ੀਵਾਦ ਦਾ ਬੋਲਬਾਲਾ ਨਹੀਂ ? ਕੀ ਸ਼ਹੀਦ ਦੇ ਸੁਪਨੇ ਸਾਕਾਰ ਹੋਏ ਹਨ? ਇਸ ਦਾ ਉੱਤਰ 'ਨਾਂਹ' ਵਿੱਚ ਹੀ ਮਿਲੇਗਾ, ਕਿਉਂਕਿ ਅੱਜ ਵੀ ਫਾਸ਼ੀਵਾਦ ਅਤੇ ਨਾਜ਼ੀਵਾਦ ਜ਼ੋਰਾਂ 'ਤੇ ਹੈ ਅਤੇ ਅਖੌਤੀ ਆਜ਼ਾਦੀ ਦੇ ਬਾਵਜੂਦ ਭਾਰਤ ਅੰਦਰ ਘੱਟ-ਗਿਣਤੀਆਂ 'ਤੇ ਜ਼ੁਲਮ ਦਿਨੋਂ- ਦਿਨ ਵਧ ਰਹੇ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ ਰੂਹ, ਅੱਜ ਦੇ ਅਖੌਤੀ ਲੋਕਤੰਤਰੀ ਆਗੂਆਂ ਨੂੰ ਲਾਅਣਤ ਪਾ ਰਹੀ ਹੈ ਅਤੇ ਉਨ੍ਹਾਂ ਨੂੰ ਕੋਈ ਹੱਕ ਨਹੀਂ ਅਜਿਹੇ ਯੋਧਿਆਂ ਦੇ ਜਨਮ ਦਿਨ ਮਨਾਉਣ ਦਾ, ਜਿਨ੍ਹਾਂ ਦੇ ਸਿਧਾਂਤਾਂ ਦੇ ਉਲਟ ਫਾਸ਼ੀਵਾਦੀ ਰਾਜ ਕਰ ਰਹੇ ਹਨ। ਆਓ! ਇਸ ਮਕਸਦ ਲਈ ਸਾਰੇ ਇਕਮੁੱਠ ਹੋ ਕੇ ਯਤਨ ਕਰੀਏ ਅਤੇ ਇਨ੍ਹਾ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰੀਏ!

ਇੱਕ ਵਾਰ ਇੱਕ ਰਾਹਗੀਰ ਇਸ ਦਰੱਖਤ ਦੇ ਹੇਠਾਂ ਸੌਂ ਰਿਹਾ ਸੀ, ਜਦੋਂ ਉਸਨੂੰ ਉੱਥੇ ਇੱਕ ਚਾਬੀ ਮਿਲੀ ਤਾਂ ਉਸਨੇ ਚਾਬੀ ਉਸੇ ਦਰੱਖਤ 'ਤੇ ਟੰਗ ਦਿੱਤੀ, ਇਹ ਸੋਚ ਕੇ ਕਿ ਇਹ ਜਿਸ ਦੀ ਹੈ, ਉਹ ਆ ਕੇ ਲੈ ਜਾਵੇਗਾ।

ਜਦੋਂ ਕੁਝ ਸਾਲਾਂ ਬਾਅਦ ਵਾਪਸ ਆਇਆ ਤਾਂ ਇਹ ਨਜ਼ਾਰਾ ਦੇਖਣ ਨੂੰ ਮਿਲਿਆ ਅਤੇ ਉੱਥੇ ਇੱਕ ਚਾਚਾ ਟਾਈਪ ਬਾਬਾ ਸੀ ਜੋ ਚਾਬੀਆਂ ਵੇਚ ਰਿਹਾ ਸੀ ਅਤੇ ਇੱਕ ਬਾਬਾ ਟਾਈਪ ਚਾਚਾ ਜੋ ਲੋਕਾਂ ਨੂੰ ਇਸ ਦਰੱਖਤ ਵਿੱਚ ਚਾਬੀ ਟੰਗਣ ਦੇ ਫਾਇਦੇ ਗਿਣਾ ਰਿਹਾ ਸੀ।

ਹੁਣ ਉਸ ਦਰੱਖਤ ਦੇ ਕੋਲ ਇੱਕ ਹੋਟਲ ਵੀ ਖੁੱਲ੍ਹ ਗਿਆ ਸੀ, ਹੁਣ ਕਿਸੇ ਨੂੰ ਦਰੱਖਤ ਹੇਠਾਂ ਸੌਣ ਦੀ ਲੋੜ ਨਹੀਂ ਸੀ।

ਬੱਸ ਇਹੀ ਹੈ... ਇਹੀ ਕਹਾਣੀ ਹੈ ਅਤੇ ਅਸੀਂ ਸਾਰੇ ਇਸ ਕਹਾਣੀ ਦਾ ਹਿੱਸਾ ਹਾਂ...



*ਨਵੇਂ ਸੰਸਦ ਭਵਨ ਦੇ ਉਦਘਾਟਨ ਬਾਰੇ ਵਿਵਾਦ*

# ਕਾਂਗਰਸ ਸਣੇ 19 ਪਾਰਟੀਆਂ ਵੱਲੋਂ ਬਾਈਕਾਟ ਦਾ ਫੈਸਲਾ

## ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਸਮਾਗਮ ਤੋਂ ਲਾਂਭੇ ਰੱਖਣਾ ਜਮਹੂਰੀਅਤ 'ਤੇ ਸਿੱਧਾ ਹਮਲਾ ਕਰਾਰ



ਨਵੀਂ ਦਿੱਲੀ : ਕਾਂਗਰਸ, ਖੱਬੇਪੱਖੀ, ਟੀਐੱਮਸੀ, ਸਪਾ ਤੇ 'ਆਪ' ਸਣੇ ਦੇਸ਼ ਦੀਆਂ 19 ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 28 ਮਈ ਨੂੰ ਨਵੀਂ ਸੰਸਦ ਦੀ ਇਮਾਰਤ ਦੇ ਉਦਘਾਟਨੀ ਸਮਾਗਮ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਵਿਰੋਧੀ ਧਿਰਾਂ ਨੇ ਬਾਈਕਾਟ ਦਾ ਐਲਾਨ ਕਰਦਿਆਂ ਕਿਹਾ ਕਿ 'ਜਦੋਂ ਜਮਹੂਰੀਅਤ ਦੀ ਰੂਹ ਨੂੰ ਹੀ ਸੰਸਦ ਤੋਂ ਵੱਖ ਕਰ ਦਿੱਤਾ ਗਿਆ ਹੈ' ਤਾਂ ਇਸ ਨਵੀਂ ਇਮਾਰਤ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਉਦਘਾਟਨੀ ਸਮਾਗਮ ਤੋਂ ਲਾਂਭੇ ਰੱਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਨਵੀਂ ਇਮਾਰਤ ਦੇ ਉਦਘਾਟਨ ਦਾ ਫੈਸਲਾ ਜਮਹੂਰੀਅਤ 'ਤੇ ਹਮਲਾ ਹੈ।

ਵਿਰੋਧੀ ਧਿਰਾਂ ਨੇ ਇਕ ਸਾਂਝੇ ਬਿਆਨ ਵਿੱਚ ਕਿਹਾ, "ਸਾਡੇ ਇਸ ਵਿਸ਼ਵਾਸ ਦੇ ਬਾਵਜੂਦ ਕਿ ਸਰਕਾਰ ਜਮਹੂਰੀਅਤ ਨੂੰ ਖਤਰੇ ਵਿੱਚ ਪਾ ਰਹੀ ਹੈ, ਅਤੇ ਜਿਸ ਤਾਨਾਸ਼ਾਹੀ ਢੰਗ ਨਾਲ ਨਵੀਂ ਸੰਸਦ ਦਾ ਨਿਰਮਾਣ ਕੀਤਾ ਗਿਆ ਸੀ, ਉਸ ਪ੍ਰਤੀ ਸਾਡੀ ਨਾਰਾਜ਼ਗੀ ਦੇ ਬਾਵਜੂਦ, ਅਸੀਂ ਆਪਣੇ ਵੱਖਰੇਵਿਆਂ ਨੂੰ ਭੁਲਾ ਕੇ ਇਸ ਖਾਸ ਮੌਕੇ ਦਾ ਹਿੱਸਾ ਬਣਨ ਲਈ ਤਿਆਰ ਸੀ। ਪਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰਕੇ....ਪ੍ਰਧਾਨ ਮੰਤਰੀ ਮੋਦੀ ਵੱਲੋਂ ਨਵੀਂ ਸੰਸਦੀ ਇਮਾਰਤ ਦਾ ਉਦਘਾਟਨ ਖ਼ੁਦ ਕਰਨ ਦਾ ਫੈਸਲਾ, ਨਾ ਸਿਰਫ਼ ਵੱਡਾ ਨਿਰਾਦਰ ਬਲਕਿ ਸਾਡੀ ਜਮਹੂਰੀਅਤ 'ਤੇ ਸਿੱਧਾ ਹਮਲਾ ਹੈ, ਜੋ ਢੁੱਕਵੇਂ ਹੁੰਗਾਰੇ ਦੀ ਮੰਗ ਕਰਦਾ ਹੈ।" ਦੱਸ ਦੇਈਏ ਕਿ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਵੱਲੋਂ ਦਿੱਤੇ ਸੱਦੇ 'ਤੇ ਪ੍ਰਧਾਨ ਮੰਤਰੀ ਮੋਦੀ 28 ਮਈ ਨੂੰ ਨਵੀਂ ਸੰਸਦੀ ਇਮਾਰਤ ਦਾ ਉਦਘਾਟਨ ਕਰਨਗੇ। ਵਿਰੋਧੀ ਧਿਰਾਂ ਨੇ ਕਿਹਾ, "ਜਦੋਂ ਸੰਸਦ ਵਿੱਚੋਂ ਜਮਹੂਰੀਅਤ ਦੀ ਰੂਹ ਹੀ ਕੱਢ ਲਈ ਹੋਵੇ ਤਾਂ ਫਿਰ ਇਸ ਨਵੀਂ ਇਮਾਰਤ ਦੀ ਕੋਈ ਅਹਿਮੀਅਤ ਨਹੀਂ ਰਹਿੰਦੀ। ਅਸੀਂ ਨਵੀਂ ਸੰਸਦ ਦੇ ਉਦਘਾਟਨੀ ਸਮਾਗਮ ਦੇ ਬਾਈਕਾਟ ਦੇ ਸਮੂਹਿਕ ਫੈਸਲੇ ਦਾ ਐਲਾਨ ਕਰਦੇ ਹਾਂ।" ਉਨ੍ਹਾਂ ਕਿਹਾ, "ਅਸੀਂ ਇਸ 'ਤਾਨਾਸ਼ਾਹੀ' ਪ੍ਰਧਾਨ ਮੰਤਰੀ ਅਤੇ ਉਸ ਦੀ ਸਰਕਾਰ ਖਿਲਾਫ਼ ਸੱਚੀ ਭਾਵਨਾ ਤੇ ਹਿੰਮਤ ਨਾਲ ਲੜਦੇ ਰਹਾਂਗੇ, ਅਤੇ ਭਾਰਤ ਦੇ ਲੋਕਾਂ ਤੱਕ ਸਿੱਧਾ ਆਪਣਾ ਸੁਨੇਹਾ ਲੈ ਕੇ ਜਾਵਾਂਗੇ।" ਪ੍ਰਧਾਨ ਮੰਤਰੀ ਮੋਦੀ ਨੂੰ ਨਿਸ਼ਾਨਾ ਬਣਾਉਂਦਿਆਂ ਪਾਰਟੀਆਂ ਨੇ ਕਿਹਾ, "ਗੈਰ-ਜਮਹੂਰੀ ਕਾਰਵਾਈਆਂ ਪ੍ਰਧਾਨ ਮੰਤਰੀ ਲਈ ਨਵੀਆਂ ਨਹੀਂ, ਜਿਨ੍ਹਾਂ ਸੰਸਦ ਨੂੰ ਲਗਾਤਾਰ ਖੋਖਲਾ ਕੀਤਾ ਹੈ। ਸੰਸਦ ਵਿਚ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਜਦੋ ਕਦੇ ਭਾਰਤ ਦੇ ਲੋਕਾਂ ਦੀ ਆਵਾਜ਼ ਚੁੱਕੀ, ਉਨ੍ਹਾਂ ਨੂੰ ਅਯੋਗ ਜਾਂ ਮੁਅੱਤਲ ਠਹਿਰਾ ਦਿੱਤਾ ਗਿਆ ਜਾਂ ਫਿਰ ਉਨ੍ਹਾਂ ਦੀ ਆਵਾਜ਼ ਬੰਦ ਕਰ ਦਿੱਤੀ ਗਈ। ਸੱਤਾਧਿਰ ਦੇ ਸੰਸਦ ਮੈਂਬਰਾਂ ਨੇ ਸੰਸਦੀ ਕਾਰਵਾਈ 'ਚ ਅੜਿੱਕਾ ਪਾਇਆ।" ਵਿਰੋਧੀ ਧਿਰਾਂ ਨੇ ਕਿਹਾ, "ਤਿੰਨ ਖੇਤੀ ਕਾਨੂੰਨਾਂ ਸਣੇ ਕਈ ਵਿਵਾਦਿਤ ਬਿੱਲ ਬਿਨਾਂ ਕਿਸੇ ਵਿਚਾਰ ਚਰਚਾ ਦੇ ਪਾਸ ਕੀਤੇ ਗਏ....ਸੰਸਦੀ ਕਮੇਟੀਆਂ ਅਮਲੀ ਤੌਰ 'ਤੇ ਬੇਜਾਨ ਕਰ ਦਿੱਤੀਆਂ ਗਈਆਂ।" ਵਿਰੋਧੀ ਪਾਰਟੀਆਂ ਨੇ ਕਿਹਾ ਕਿ ਭਾਰਤ ਵਿੱਚ ਰਾਸ਼ਟਰਪਤੀ ਨਾ ਸਿਰਫ਼ ਸਰਕਾਰ ਦੀ ਮੁਖੀ ਹੈ ਬਲਕਿ ਉਹ ਸੰਸਦ ਦਾ ਵੀ ਅਟੁੱਟ ਅੰਗ ਹੈ ਕਿਉਂਕਿ ਉਨ੍ਹਾਂ ਨੂੰ ਸੰਸਦੀ ਇਜਲਾਸ ਬੁਲਾਉਣ, ਮੁਲਤਵੀ ਕਰਨ ਤੇ ਇਸ ਨੂੰ ਸੰਬੋਧਨ ਕਰਨ ਦਾ ਅਧਿਕਾਰ ਹੈ। ਉਨ੍ਹਾਂ ਕਿਹਾ, "ਰਾਸ਼ਟਰਪਤੀ ਤੋਂ ਬਿਨਾਂ ਸੰਸਦ ਕੰਮਕਾਜ ਨਹੀਂ ਕਰ ਸਕਦੀ, ਪਰ ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਉਨ੍ਹਾਂ ਤੋਂ ਬਿਨਾਂ ਨਵੀਂ ਸੰਸਦੀ ਇਮਾਰਤ ਦੇ ਉਦਘਾਟਨ ਦਾ ਫੈਸਲਾ ਕੀਤਾ। ਇਹ ਰਾਸ਼ਟਰਪਤੀ ਦੇ ਸਿਖਰਲੇ ਦਫ਼ਤਰ ਦਾ ਨਿਰਾਦਰ ਤੇ ਸੰਵਿਧਾਨ ਦੀ ਮੂਲ ਭਾਵਨਾ ਦੀ ਉਲੰਘਣਾ ਹੈ। ਇਹ ਉਸ ਸਮਾਵੇਸ਼ੀ ਭਾਵਨਾ ਨੂੰ ਕਮਜ਼ੋਰ ਕਰਦਾ ਹੈ ਜਿਸ ਨੇ ਦੇਸ਼ ਨੂੰ ਆਪਣੀ ਪਹਿਲੀ ਮਹਿਲਾ ਆਦਿਵਾਸੀ ਰਾਸ਼ਟਰਪਤੀ ਦਾ ਜਸ਼ਨ ਮਨਾਉਂਦੇ ਦੇਖਿਆ ਹੈ।" ਪਾਰਟੀਆਂ ਨੇ ਦਾਅਵਾ ਕੀਤਾ ਕਿ ਨਵੀਂ ਸੰਸਦ ਦੀ ਇਮਾਰਤ ਇੱਕ ਸਦੀ ਵਿੱਚ ਇੱਕ ਮਹਾਂਮਾਰੀ ਦੌਰਾਨ 'ਵੱਡੇ ਖਰਚੇ' ਨਾਲ ਬਣਾਈ ਗਈ ਹੈ, ਜਿਸ ਲਈ ਭਾਰਤ ਦੇ ਲੋਕਾਂ ਜਾਂ ਸੰਸਦ ਮੈਂਬਰਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਹੈ, ਜਿਨ੍ਹਾਂ ਲਈ ਇਹ ਪ੍ਰਤੱਖ ਤੌਰ 'ਤੇ ਬਣਾਈ ਗਈ ਹੈ। ਇਸ ਸਾਂਝੇ ਬਿਆਨ 'ਤੇ ਕਾਂਗਰਸ, ਤ੍ਰਿਣਮੂਲ ਕਾਂਗਰਸ, ਡੀਐੱਮਕੇ, ਜਨਤਾ ਦਲ (ਯੂਨਾਈਟਿਡ), ਆਪ, ਸੀਪੀਐੱਮ, ਸਪਾ, ਐੱਨਸੀਪੀ, ਸ਼ਿਵ ਸੈਨਾ(ਯੂਬੀਟੀ), ਆਰਜੇਡੀ, ਆਈਯੂਐੱਮਐੱਲ, ਜੇਐੱਮਐੱਮ, ਨੈਸ਼ਨਲ ਕਾਨਫਰੰਸ, ਕੇਸੀ(ਐੱਮ), ਆਰਐੱਸਪੀ, ਵੀਸੀਕੇ, ਐੱਮਡੀਐੱਮਕੇ, ਆਰਐੱਲਡੀ ਨੇ ਸਹੀ ਪਾਈ। ਬਹੁਜਨ ਸਮਾਜ ਪਾਰਟੀ (ਬਸਪਾ) ਨੇ 28 ਮਈ ਦੇ ਸਮਾਗਮ ਵਿੱਚ ਸ਼ਮੂਲੀਅਤ ਨੂੰ ਲੈ ਕੇ ਜਿੱਥੇ ਆਪਣੀ ਸਥਿਤੀ ਸਪਸ਼ਟ ਨਹੀਂ ਕੀਤੀ, ਉਥੇ ਪਾਰਟੀ ਦੇ ਸੰਸਦ ਮੈਂਬਰ ਦਾਨਿਸ਼ ਅਲੀ ਨੇ ਵਿਰੋਧੀ ਧਿਰਾਂ ਦੇ ਏਕੇ ਦਾ ਸੱਦਾ ਦਿੱਤਾ ਹੈ। ਉਧਰ ਸ਼ ?ਰੋਮਣੀ ਅਕਾਲੀ ਦਲ ਅਤੇ ਬੀਜੇਡੀ ਨੇ ਕਿਹਾ ਕਿ ਉਹ ਨਵੀਂ ਸੰਸਦ ਦੇ ਉਦਘਾਟਨੀ ਸਮਾਗਮ 'ਚ ਸ਼ਾਮਲ ਹੋਣਗੇ। ਏਆਈਐੱਮਆਈਐੱਮ ਮੁਖੀ ਅਸਦੂਦੀਨ ਓਵਾਇਸੀ ਨੇ ਕਿਹਾ ਕਿ ਜੇਕਰ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਨਵੀਂ ਸੰਸਦੀ ਇਮਾਰਤ ਦਾ ਉਦਘਾਟਨ ਨਾ ਕੀਤਾ ਤਾਂ ਉਨ੍ਹਾਂ ਦੀ ਪਾਰਟੀ ਸਮਾਗਮ 'ਚੋਂ ਗੈਰਹਾਜ਼ਰ ਰਹੇਗੀ।

# ਕਰਤਾਰ ਸਿੰਘ ਸਰਾਭਾ ਦੇ ਸੁਪਨਿਆਂ ਦਾ ਦੇਸ਼

ਕੁਲਦੀਪ ਸਾਹਿਲ
9417990040



ਅਗਰ ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਹੋਣ ਵਾਲੇ ਸਭ ਤੋਂ ਛੋਟੀ ਉਮਰ ਦੇ ਪੰਜਾਬੀ ਨੌਜਵਾਨਾ ਦੀ ਗੱਲ ਕਰੀਏ ਤਾਂ ਉਹਨਾਂ ਵਿੱਚੋ ਸਭ ਤੋਂ ਪਹਿਲਾਂ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਆਉਂਦਾ ਹੈ। ਜਿਨ੍ਹਾਂ ਦਾ ਸੁਪਨਾ ਸੀ ਕਿ ਭਾਰਤ ਦੇਸ਼ ਅਜ਼ਾਦੀ ਤੋਂ ਬਾਅਦ ਦੁਨੀਆਂ ਦੇ ਸਭ ਤੋਂ ਚੰਗੇ ਲੋਕਤੰਤਰ ਵਜੋਂ ਉਭਰਕੇ ਸਾਹਮਣੇ ਆਏ। ਪਰ ਅਫਸੋਸ ਕਿ ਅਜ਼ਾਦੀ ਤੋਂ 75 ਸਾਲਾਂ ਬਾਅਦ ਵੀ ਸਹੀ ਮਾਅਨਿਆਂ ਵਿੱਚ ਦੇਸ਼ ਇੱਕ ਚੰਗੇ ਸਿਸਟਮ ਵਾਲੇ ਲੋਕਤੰਤਰ ਦੀ ਤਰ੍ਹਾਂ ਆਪਣੀ ਪਕੜ ਨਹੀਂ ਬਣਾ ਸਕਿਆ ਜਿਸ ਦੀ ਉਦਾਹਰਣ ਇਹ ਹੈ ਕਿ ਅੱਜ ਦੇ ਨੌਜਵਾਨਾ ਨੂੰ ਰੁਜ਼ਗਾਰ ਲਈ ਆਪਣੇ ਵਤਨ ਨੂੰ ਛੱਡ ਕੇ ਦੂਜੇ ਮੁਲਕਾਂ ਵਿੱਚ ਜਾਣਾ ਪੈ ਰਿਹਾ ਹੈ । ਬੇਰੁਜ਼ਗਾਰੀ, ਮਹਿਗਾਈ ਗਰੀਬੀ ਵਰਗੀਆਂ ਸਮੱਸਿਆਵਾਂ ਘਟਣ ਦੀ ਬਜਾਏ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ। ਦੇਸ਼ ਦੀ ਰਾਜਨੀਤੀ ਗੰਧਲੀ ਹੋ ਚੁੱਕੀ ਹੈ ਜਿਸ ਦਾ ਸਾਫ ਹੋਣਾ ਇੱਕ ਸਪਨੇ ਵਾਂਗ ਹੈ। ਕਰਤਾਰ ਸਿੰਘ ਸਰਾਭਾ ਦਾ ਸੁਪਨਾ ਦੇਸ਼ ਦੀ ਚੰਗੀ ਜਮਹੂਰੀਅਤ ਦਾ ਸੀ ਇਸੇ ਲਈ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇਸ਼ ਨੂੰ ਸਮਰਪਿਤ ਕਰ ਦਿੱਤੀ ਸੀ ਇਸ ਛੋਟੀ ਉਮਰ ਦੇ ਮਹਾਨ ਸ਼ਹੀਦ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਸਰਦਾਰ ਮੰਗਲ ਸਿੰਘ ਅਤੇ ਬੀਬੀ ਸਾਹਿਬ ਕੌਰ ਦੇ ਘਰ ਹੋਇਆ। ਛੋਟੀ ਉਮਰ ਵਿੱਚ ਹੀ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਗਈ ਅਤੇ ਉਸ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਦਾਦਾ ਸਰਦਾਰ ਬਚਨ ਸਿੰਘ ਦੇ ਮੋਢਿਆਂ 'ਤੇ ਆ ਗਈ। ਕਰਤਾਰ ਸਿੰਘ ਸਰਾਭਾ ਨੇ ਮੁੱਢਲੀ ਵਿੱਦਿਆ ਸਰਾਭਾ ਪਿੰਡ ਵਿੱਚ ਹੀ ਪ੍ਰਾਪਤ ਕੀਤੀ। ਅੱਠਵੀਂ ਤੱਕ ਦੀ ਸਿੱਖਿਆ ਮਾਲਵਾ ਖਾਲਸਾ ਸਕੂਲ, ਲੁਧਿਆਣਾ ਤੋਂ ਪ੍ਰਾਪਤ ਕੀਤੀ। ਇਸ ਮਗਰੋਂ ਕਰਤਾਰ ਸਿੰਘ ਆਪਣੇ ਚਾਚਾ ਵੀਰ ਸਿੰਘ ਜੋ ਉੜੀਸਾ ਦੇ ਸ਼ਹਿਰ ਕਟਕ ਵਿੱਚ ਡਾਕਟਰ ਲੱਗੇ ਹੋਏ ਸਨ, ਕੋਲ ਚਲਾ ਗਿਆ ਅਤੇ ਉੱਥੋਂ ਦੀ ਰੇਵਨਸ਼ਾਹ ਯੂਨੀਵਰਸਿਟੀ ਤੋਂ ਦਸਵੀਂ ਤੱਕ ਦੀ ਪੜ੍ਹਾਈ ਕੀਤੀ। 1916 ਵਿੱਚ ਖੁਫ਼ੀਆ ਮਹਿਕਮੇ ਵੱਲੋਂ ਛਾਪੀ ਗ਼ਦਰ ਡਾਇਰੈਕਟਰੀ ਵਿੱਚ ਦਾਦੇ ਬਚਨ ਸਿੰਘ ਬਾਰੇ ਲਿਖਿਆ ਹੈ ਕਿ ਉਹ ਇਨਕਲਾਬੀਆਂ ਦਾ ਹਿਮਾਇਤੀ ਸੀ ਤੇ ਉਸ ਨੇ ਆਪਣੇ ਪੋਤੇ ਨੂੰ ਹਥਿਆਰਬੰਦ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਤਿਆਰ ਕੀਤਾ ਸੀ। ਕਰਤਾਰ ਸਿੰਘ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਪ੍ਰੇਰਣਾ ਸਰੋਤ ਸੀ। ਉਹ 28 ਜੁਲਾਈ 1912 ਨੂੰ ਅਮਰੀਕਾ ਪੜ੍ਹਾਈ ਕਰਨ ਪਹੁੰਚਿਆ। ਮਜਦੂਰਾਂ, ਕਿਸਾਨਾਂ, ਸਾਬਕਾ ਫੌਜੀਆਂ ਅਤੇ ਵਿਦਿਆਰਥੀਆਂ ਦੀ ਬਣਾਈ ਜਥੇਬੰਦੀ ਗਦਰ ਪਾਰਟੀ ਦਾ ਉਹ ਮੋਹਰੀ ਆਗੂ ਬਣ ਗਿਆ ਸੀ । ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਕਰੀਮ ਬਖ਼ਸ਼, ਪੰਡਿਤ ਜਗਤ ਰਾਮ, ਪੰਡਿਤ ਕਾਂਸ਼ੀ ਰਾਮ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ ਵਰਗੇ ਇਨਕਲਾਬੀਆਂ ਦੀ ਸੰਗਤ ਵਿੱਚ ਕਰਤਾਰ ਸਿੰਘ ਵੱਧ ਚੜ੍ਹ ਕੇ ਕੰਮ ਕਰ ਰਿਹਾ ਸੀ। ਉਨ੍ਹਾਂ ਨੇ ਅਮਰੀਕਾ ਵਿੱਚ ਗਦਰ ਲਹਿਰ ਦੀ ਉਸਾਰੀ ਕਰਨ, ਭਾਰਤੀਆਂ ਨੂੰ ਸੰਗਠਿਤ ਕਰਨ, ਦਿਨ ਰਾਤ ਗਦਰ ਅਖਬਾਰ ਛਾਪਣ, ਉਰਦੂ ਲੇਖਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਛਾਪਣ ਜਿਹੇ ਕੰਮ ਕੀਤੇ। ਗਦਰ ਪਾਰਟੀ ਦੀ ਲਲਕਾਰ ਅਤੇ ਦੇਸ਼ ਦੀ ਗੁਲਾਮੀ ਦੇ ਸੰਗਲ ਤੋੜਨ ਲਈ ਕਰਤਾਰ ਸਿੰਘ ਭਾਰਤ ਆ ਗਿਆ। ਉਨ੍ਹਾਂ ਦਾ ਨਿਸ਼ਾਨਾ ਦੇਸ਼ ਆਜ਼ਾਦ ਕਰਵਾ ਕੇ ਇੱਥੇ ਧਰਮ ਨਿਰਪੱਖ ਜਮਹੂਰੀ ਪੰਚਾਇਤੀ ਰਾਜ ਕਾਇਮ ਕਰਨਾ ਸੀ। ਉਨ੍ਹਾਂ ਦਾ ਸੰਕਲਪ ਤਖਤ ਜਾਂ ਤਖਤਾ ਭਾਵ ਅੰਗਰੇਜ਼ਾਂ ਕੋਲੋਂ ਰਾਜ ਖੋਹਣਾ ਸੀ ਜਾਂ ਅਸਫਲ ਹੋਣ 'ਤੇ ਫਾਂਸੀ ਦੇ ਤਖਤੇ 'ਤੇ ਚੜ੍ਹ ਜਾਣਾ ਸੀ। ਇਸੇ ਲਈ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਭਾਰਤ ਵਲ ਵਹੀਰਾਂ ਘੱਤ ਦਿਤੀਆਂ। ਬਹੁਤ ਸਾਰੇ ਗ਼ਦਰੀ ਸੂਰਮੇ ਭਾਰਤ ਪਹੁੰਚਣ ਤੋਂ ਪਹਿਲਾਂ ਹੀ ਰਾਹ ਵਿਚ ਫੜੇ ਗਏ ਪਰ ਕਰਤਾਰ ਸਿੰਘ ਕੋਲੰਬੋ ਬੰਦਰਗਾਹ ਰਾਹੀਂ ਪੰਜਾਬ ਪਹੁੰਚਣ ਵਿਚ ਸਫ਼ਲ ਹੋ ਗਿਆ। ਦੇਸ਼ ਪਹੁੰਚ ਕੇ ਇਨ੍ਹਾਂ ਰਾਸ ਬਿਹਾਰੀ ਬੋਸ ਤੇ ਹੋਰ ਆਜ਼ਾਦੀ ਪ੍ਰਵਾਨਿਆਂ ਨਾਲ ਮਿਲ ਕੇ ਦੇਸ਼ ਭਗਤ ਫ਼ੌਜੀਆਂ ਨਾਲ ਰਾਬਤਾ ਕਾਇਮ ਕੀਤਾ ਤੇ ਬਗਾਵਤ ਕਰਨ ਦਾ ਫ਼ੈਸਲਾ ਕੀਤਾ। ਕਰਤਾਰ ਸਿੰਘ ਬਿਨਾ ਕਿਸੇ ਡਰ ਦੇ ਛਾਉਣੀਆਂ 'ਚ ਗਦਰ ਪ੍ਰਾਪੇਗੰਡਾ ਕਰਨ ਚਲਾ ਜਾਂਦਾ ਸੀ। ਅੱਠ ਹਜ਼ਾਰ ਦੇ ਕਰੀਬ ਗਦਰੀ ਦੇਸ਼ ਭਗਤ ਭਾਰਤ ਨੂੰ ਆਜ਼ਾਦ ਕਰਾਉਣ ਲਈ ਵਿਦੇਸ਼ਾਂ ਤੋਂ ਪਰਤ ਆਏ ਸਨ। ਗਦਰ ਕਰਨ ਲਈ ਹਥਿਆਰ 'ਕੱਠੇ ਕਰਨ, ਉੱਤਰੀ ਭਾਰਤ ਵਿੱਚ ਘੁੰਮ ਕੇ ਦੇਸ਼ ਭਗਤਾਂ ਦਾ ਸੰਗਠਨ ਖੜ੍ਹਾ ਕਰਨ, ਪ੍ਰਚਾਰ ਸਮੱਗਰੀ ਵੰਡਣ, ਗੱਲ ਕੀ ਕੋਈ ਵੀ ਅਜਿਹਾ ਕੰਮ ਨਹੀਂ ਸੀ, ਜਿਸ ਵਿੱਚ ਕਰਤਾਰ ਸਿੰਘ ਸ਼ਾਮਲ ਨਹੀਂ ਸੀ। ਉਸਨੇ ਫੜੇ ਜਾਣ 'ਤੇ ਪੂਰੇ ਹੌਂਸਲੇ ਨਾਲ ਭਰੀ ਅਦਾਲਤ ਵਿਚ ਦੇਸ਼ ਆਜ਼ਾਦ ਕਰਾਉਣ ਲਈ ਕੀਤੇ ਕੰਮਾਂ ਬਾਰੇ ਮੰਨਿਆ। ਹਾਲਾਂਕਿ ਜੱਜ ਨੇ ਉਸਨੂੰ ਬਿਆਨ ਦਿੰਦੇ ਨੂੰ ਰੋਕ ਕੇ ਕਿਹਾ ਕਿ ਜੋ ਬਿਆਨ ਤੂੰ ਦੇ ਰਿਹਾ ਏਂ, ਤੈਨੂੰ ਫਾਂਸੀ ਦੀ ਸਜ਼ਾ ਹੋ ਜਾਵੇਗੀ। ਜੱਜ ਨੇ ਅਦਾਲਤੀ ਕਾਰਵਾਈ ਰੋਕ ਅਗਲੇ ਦਿਨ ਬਿਆਨ ਦੇਣ ਲਈ ਕਿਹਾ। ਕਰਤਾਰ ਸਿੰਘ ਨੇ ਬਹੁਤ ਬੇਬਾਕੀ ਨਾਲ ਅਦਾਲਤ ਨੂੰ ਦੱਸਿਆ ਕਿ ਉਸਨੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਉਖਾੜਨ ਲਈ ਸਭ ਕੁਝ ਕੀਤਾ। ਉਸਦੇ ਗਦਰ ਕਰਾਉਣ ਦੀ ਕੋਸ਼ਿਸ਼ ਦੇ ਹਰੇਕ ਕੰਮ, ਜਗ੍ਹਾ, ਮੀਟਿੰਗ, ਸਲਾਹ, ਐਕਸ਼ਨ ਵਿੱਚ ਸ਼ਾਮਲ ਹੋਣ ਕਰਕੇ ਲਾਹੌਰ ਸਾਜਿਸ਼ ਕੇਸ ਦੇ ਜੱਜਾਂ ਨੇ ਕਰਤਾਰ ਸਿੰਘ ਵਾਸਤੇ 'ਸਰਵ ਵਿਆਪਕ' ਸ਼ਬਦ ਲਿਖਿਆ। ਇਹੀ ਸ਼ਬਦ ਸ਼ਹੀਦ ਭਗਤ ਸਿੰਘ ਬਾਰੇ ਵੀ ਜੱਜਾਂ ਨੇ ਲਿਖਿਆ ਸੀ। ਗ਼ਦਰੀਆਂ ਦੇ ਲਾਹੌਰ ਸਾਜ਼ਿਸ਼ ਕੇਸ ਦੀ ਇੱਕ ਕਾਪੀ ਖਟਕੜ ਕਲਾਂ ਦੇ ਸ਼ਹੀਦੇ ਆਜ਼ਮ ਮਿਊਜ਼ੀਅਮ ਵਿੱਚ ਵੀ ਪਈ ਹੈ। ਉਹਦੇ ਵਿੱਚ ਕਰਤਾਰ ਸਿੰਘ ਸਰਾਭਾ ਬਾਰੇ ਲਿਖੇ ਸ਼ਬਦ 'ਸਰਵ ਵਿਆਪਕ' ਹੇਠ ਭਗਤ ਸਿੰਘ ਨੇ ਨਿਸ਼ਾਨੀ ਲਾਈ ਹੋਈ ਹੈ। 16 ਨਵੰਬਰ 1915 ਦਿਨ ਮੰਗਲਵਾਰ ਨੂੰ 6 ਸਾਥੀਆਂ ਸਮੇਤ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ ਤੇ ਲਾਸ਼ਾਂ ਵਾਰਸਾਂ ਦੇ ਹਵਾਲੇ ਨਾ ਕਰਕੇ ਜੇਲ੍ਹ ਪ੍ਰਸ਼ਾਸਨ ਨੇ ਜੇਲ ਦੀ ਚਾਰ ਦੀਵਾਰੀ ਦੇ ਅੰਦਰ ਦਬਾ ਦਿੱਤੀਆਂ। ਗਦਰੀ ਫੌਰੀ ਤੌਰ 'ਤੇ ਭਾਂਵੇਂ ਆਪਣੇ ਮਿਸ਼ਨ ਵਿੱਚ ਕਾਮਯਾਬ ਨਹੀਂ ਹੋਏ ਪਰ ਉਨ੍ਹਾਂ ਦੀਆਂ ਕੁਰਬਾਨੀਆਂ ਨੇ ਬਾਅਦ ਦੀਆਂ ਲਹਿਰਾਂ ਦੇ ਦੇਸ਼ ਭਗਤਾਂ ਤੇ ਆਪਣੀ ਅਮਿੱਟ ਛਾਪ ਛੱਡੀ ਅਖੀਰ ਗਦਰੀਆਂ ਵਾਲਾ ਤਰੀਕਾ ਹੀ ਕਾਮਯਾਬ ਹੋਇਆ। ਇਨ੍ਹਾਂ ਹਥਿਆਰਬੰਦ ਬਗਾਵਤਾਂ ਤੋਂ ਡਰਦੇ ਮਾਰੇ ਅੰਗਰੇਜਾਂ ਨੇ ਭਾਰਤ ਨੂੰ ਆਜ਼ਾਦ ਕਰਨ ਦਾ ਐਲਾਨ ਕਰ ਦਿੱਤਾ। ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਕੋਟਨ ਕੋਟ ਪ੍ਰਣਾਮ ਹੈ, ਜੋ 19 ਸਾਲ 5 ਮਹੀਨੇ ਦੀ ਨਿੱਕੀ ਉਮਰ ਵਿੱਚ ਬਹੁਤ ਵੱਡੀ ਕੁਰਬਾਨੀ ਕਰਕੇ ਦੇਸ਼ ਨੂੰ ਵਿਦੇਸ਼ੀ ਹਾਕਮਾਂ ਦੀ ਗੁਲਾਮੀ ਤੋਂ ਤਾਂ ਨਿਜਾਤ ਦੁਆ ਗਿਆ ਪਰ ਦੇਸ਼ ਦੇ ਅੰਦਰ ਹੀ ਘੁਣ ਵਾਂਗੂੰ ਲੱਗੀ ਅਤੇ ਜੋਕ ਵਾਂਗੂੰ ਚੰਬੜੀ ਗੰਦੀ ਰਾਜਨੀਤੀ ਤੋਂ ਨਿਜ਼ਾਤ ਪਾਉਣੀ ਅਜੇ ਬਾਕੀ ਹੈ।

**ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿਨ੍ਹਾਂ ਨੇ ਦੇਸ਼ ਸੇਵਾ ਵਿਚ ਪੈਰ ਪਾਇਆ,**
**ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।**

## ਅੰਗਰੇਜ਼ ਹਕੂਮਤ ਖ਼ਿਲਾਫ਼ ਹਿੱਕ ਠੋਕ ਕੇ ਖੜ੍ਹਨ ਵਾਲਾ ਦੇਸ਼ ਭਗਤ ਕਰਤਾਰ ਸਿੰਘ ਸਰਾਭਾ




ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਮੰਗਲ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ। ਉਸ ਨੇ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਸੀ। ਅੱਠਵੀਂ ਤਕ ਦੀ ਪੜ੍ਹਾਈ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਪ੍ਰਾਪਤ ਕਰਨ ਉਪਰੰਤ ਅਗਲੇਰੀ ਪੜ੍ਹਾਈ ਲਈ ਸੈਨ ਫਰਾਂਸਿਸਕੋ ਰਵਾਨਾ ਹੋ ਗਿਆ।

ਵਿਦੇਸ਼ ਵਿਚ ਹੀ ਕਰਤਾਰ ਸਿੰਘ ਸਰਾਭਾ ਦਾ ਮੇਲ ਬਾਬਾ ਸੋਹਣ ਸਿੰਘ ਭਕਨਾ ਨਾਲ ਹੋਇਆ। ਬਾਬਾ ਭਕਨਾ ਤੇ ਲਾਲਾ ਹਰਦਿਆਲ ਵਰਗੇ ਦੇਸ਼-ਭਕਤਾਂ ਦੇ ਸੰਪਰਕ ਵਿਚ ਸਰਾਭੇ ਅੰਦਰ ਦੇਸ਼-ਭਗਤੀ ਦਾ ਜਜ਼ਬਾ ਜਾਗ ਉੱਠਿਆ। ਮਹਿਜ਼ 15 ਸਾਲ ਦੀ ਉਮਰ ਵਿਚ ਸਰਾਭਾ ਗ਼ਦਰ ਪਾਰਟੀ 'ਚ ਸ਼ਾਮਲ ਹੋ ਗਿਆ। ਗ਼ਦਰ ਪਾਰਟੀ ਦੀਆਂ ਮੀਟਿੰਗਾਂ ਵਿਚ ਭਾਗ ਲੈਣਾ, ਉਸ ਦਾ ਪ੍ਰਚਾਰ-ਪ੍ਰਸਾਰ ਕਰਨਾ ਸਰਾਭੇ ਲਈ ਪ੍ਰਥਮ ਕੰਮ ਹੋ ਗਿਆ। ਗ਼ਦਰ ਅਖਬਾਰ ਲਈ ਕਵਿਤਾਵਾਂ ਲਿਖਣਾ ਅਤੇ ਦੇਸ਼-ਭਗਤਾਂ ਨੂੰ ਉਹ ਕ੍ਰਾਂਤੀਕਾਰੀ ਕਵਿਤਾਵਾਂ ਸੁਣਾਉਣਾ ਉਸ ਨੂੰ ਬਹੁਤ ਚੰਗਾ ਲੱਗਦਾ ਸੀ।

ਦੇਸ਼ ਵਿਚ ਬੈਠੇ ਆਪਣੇ ਲੋਕਾਂ ਦੀ ਆਜ਼ਾਦੀ ਲਈ ਉਹ ਦਿਨ-ਰਾਤ ਕਾਰਜਸ਼ੀਲ ਹੋ ਚੁੱਕਾ ਸੀ। ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਤੋਂ ਬਾਅਦ ਉਹ ਪਾਰਟੀ ਦਾ ਸਰਗਰਮ ਮੈਂਬਰ ਹੋ ਕੇ ਉੱਭਰਿਆ। ਸੰਨ 1914 ਵਿਚ ਉਹ ਭਾਰਤ ਪਰਤ ਆਇਆ। ਇੱਥੇ ਵੱਖ-ਵੱਖ ਦੇਸ਼ ਭਗਤਾਂ ਨਾਲ ਮਿਲ ਕੇ ਆਜ਼ਾਦੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਖ਼ਬਾਰਾਂ-ਪਰਚਿਆਂ ਰਾਹੀਂ ਉਸ ਨੇ ਅੰਗਰੇਜ਼ ਹਕੂਮਤ ਵਿਰੁੱਧ ਦਿਨ-ਰਾਤ ਪ੍ਰਚਾਰ ਆਰੰਭ ਕਰ ਦਿੱਤਾ। ਆਜ਼ਾਦੀ ਲਈ ਕ੍ਰਾਂਤੀਕਾਰੀ ਗਤੀਵਿਧੀਆਂ ਕਾਰਨ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ 'ਚ ਫਾਂਸੀ ਦੇ ਦਿੱਤੀ ਗਈ।

ਜ਼ਿਕਰਯੋਗ ਹੈ ਕਿ 19 ਸਾਲਾਂ ਦੇ ਇਸ ਜੀਵਨ ਪੈਂਡੇ ਨੇ ਅਨੇਕਾਂ ਸਵਾਲ ਖੜ੍ਹੇ ਕੀਤੇ ਹਨ ਜੋ ਵੱਡੀ ਖੋਜ, ਵਿਚਾਰ ਤੇ ਵਿਸ਼ਲੇਸ਼ਣ ਦਾ ਵਿਸ਼ਾ ਹਨ। ਸ਼ਾਇਦ ਹੀ ਸੰਸਾਰ 'ਚ ਕਿਸੇ 15 ਸਾਲ ਦੇ ਨੌਜਵਾਨ ਵਿਚ ਅਜਿਹੀ ਦੂਰਅੰਦੇਸ਼ੀ, ਦੇਸ਼ ਭਗਤੀ ਦਾ ਜਜ਼ਬਾ ਅਤੇ ਤਪ-ਤਿਆਗ ਦੇਖਣ ਨੂੰ ਮਿਲਦਾ ਹੋਵੇ। ਭਗਤ ਸਿੰਘ ਨੇ ਸਰਾਭੇ ਨੂੰ ਆਪਣਾ ਗੁਰੂ ਮੰਨਿਆ ਤੇ ਹਮੇਸ਼ਾ ਉਸ ਦੀ ਤਸਵੀਰ ਆਪਣੀ ਜੇਬ 'ਚ ਰੱਖੀ। ਦੇਸ਼ ਦੀ ਜੰਗ-ਏ-ਆਜ਼ਾਦੀ 'ਚ ਸਰਾਭੇ ਦਾ ਨਾਂ ਧਰੂ ਤਾਰੇ ਵਾਂਗ ਚਮਕਦਾ ਹੈ।

ਦੂਜੇ ਪਾਸੇ ਅਜੋਕੇ ਪੰਜਾਬ ਦੀ ਜਵਾਨੀ ਦਾ ਹਾਲ ਕਿਸੇ ਤੋਂ ਲੁਕਿਆ ਨਹੀਂ ਹੈ। ਇਸ ਸੰਦਰਭ 'ਚ ਸਰਦਾਰ ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਸੂਰਬੀਰਾਂ ਦੇ ਜੀਵਨ ਤੋਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਬੁੱਧੀਜੀਵੀਆਂ ਨੂੰ ਇਸ ਕਾਰਜ ਵਿਚ ਅਹਿਮ ਭੂਮਿਕਾ ਨਿਭਾਉਣ ਦੀ ਲੋੜ ਹੈ ਤਾਂ ਜੋ ਅੱਜ ਦਾ ਨੌਜਵਾਨ ਅਜਿਹੇ ਸਮਰਪਿਤ, ਜਾਗਰੂਕ ਤੇ ਚੇਤੰਨ ਦੇਸ਼ ਭਗਤ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਾਰਥਕ ਤੇ ਸਲੀਕੇ ਵਾਲਾ ਬਣਾਉਣ ਵੱਲ ਪ੍ਰੇਰਿਤ ਹੋਵੇ।

-ਪੂਰਨ ਸਿੰਘ 'ਡਕਾਲਾ'



# ਜਲਵਾਯੂ ਤਬਦੀਲੀ : ਜੀਵ-ਜੰਤੂਆਂ ਤੇ ਮਨੁੱਖਤਾ ਲਈ ਵੱਡੇ ਖ਼ਤਰੇ ਦੀ ਆਹਟ

*ਸੂਰਜ ਦੁਨੀਆ ਨੂੰ ਜੀਵਨ ਦੇਣ ਵਾਲਾ ਹੈ ਜਦਕਿ ਮੁੱਖ ਗਰੀਨ ਹਾਊਸ ਗੈਸਾਂ-ਕਾਰਬਨ ਡਾਈਆਕਸਾਈਡ, ਨਾਈਟਰਸ ਆਕਸਾਈਡ, ਮੀਥੇਨ, ਕਲੋਰੋਫਲੋਰੋਕਾਰਬਨ ਅਤੇ ਪਾਣੀ ਦਾ ਵਾਸ਼ਪੀਕਰਨ ਮੁੱਖ ਤੌਰ 'ਤੇ ਆਲਮੀ ਤਪਸ਼ ਅਤੇ ਜਲਵਾਯੂ ਤਬਦੀਲੀ ਦੇ ਮੁੱਖ ਕਾਰਨ ਹਨ। ਭਾਰਤ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਆਲਮੀ ਤਪਸ਼ ਅਤੇ ਜਲਵਾਯੂ ਤਬਦੀਲੀ ਤੋਂ ਪ੍ਰਭਾਵਿਤ ਹੋ ਰਿਹਾ ਹੈ। ਭਾਰਤ ਦੇ ਮੌਸਮ ਵਿਗਿਆਨ ਵਿਭਾਗ ਦੇ ਅੰਕੜਿਆਂ ਅਨੁਸਾਰ ਜਲਵਾਯੂ ਤਬਦੀਲੀ ਕਾਰਨ ਔਸਤ ਤਾਪਮਾਨ ਵਧਣ ਨਾਲ 2050 ਤਕ ਪੰਜਾਬ ਦੀਆਂ ਸਾਰੀਆਂ ਪ੍ਰਮੁੱਖ ਫ਼ਸਲਾਂ ਦੇ ਝਾੜ ਵਿਚ ਕਮੀ ਆਉਣ ਦੀ ਸੰਭਾਵਨਾ ਹੈ।*

-ਤਰਲੋਚਨ ਸਿੰਘ ਭੱਟੀ



ਆਲਮੀ ਪੱਧਰ 'ਤੇ ਵਾਯੂਮੰਡਲ ਵਿਚ ਗਰਮੀ ਦਾ ਵਧਣਾ ਅਤੇ ਜਲਵਾਯੂ ਵਿਚ ਹੋ ਰਹੀਆਂ ਅਸਾਧਾਰਨ ਤਬਦੀਲੀਆਂ ਨੇ ਸਰਕਾਰਾਂ ਅਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਹੈ ਕਿ ਜਲਵਾਯੂ ਤਬਦੀਲੀ ਦੇ ਮਾਰੂ ਪ੍ਰਭਾਵਾਂ ਤੋਂ ਕਿਵੇਂ ਬਚਿਆ ਜਾਵੇ। ਸਿੱਖ ਧਰਮ ਦੇ ਨਾਲ-ਨਾਲ ਹੋਰ ਧਰਮਾਂ 'ਚ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ। ਭਾਰਤੀ ਸੰਵਿਧਾਨ ਦੇ ਭਾਗ 4 (ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ) ਦੇ ਆਰਟੀਕਲ 48 (ੳ) ਰਾਹੀਂ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਦੇਸ਼ ਦੇ ਵਾਤਾਵਰਨ ਦੀ ਹਿਫ਼ਾਜ਼ਤ ਅਤੇ ਬਿਹਤਰੀ ਅਤੇ ਵਣ ਅਤੇ ਵਣ ਜੀਵਨ ਦੀ ਸੁਰੱਖਿਆ ਕਰਨ ਲਈ ਉਪਰਾਲੇ ਕਰਨਗੀਆਂ।

ਇਸੇ ਤਰ੍ਹਾਂ ਸੰਵਿਧਾਨ ਦੇ ਭਾਗ ਚਾਰ (ੳ) ਦੇ ਆਰਟੀਕਲ 51(ੳ) ਰਾਹੀਂ ਕੁਦਰਤੀ ਵਾਤਾਵਰਨ ਜਿਸ ਵਿਚ ਵਣ, ਝੀਲਾਂ, ਦਰਿਆ ਅਤੇ ਵਣ ਜੀਵਨ ਸ਼ਾਮਲ ਹੈ, ਦੀ ਰੱਖਿਆ ਅਤੇ ਬਿਹਤਰੀ ਅਤੇ ਜਾਨਦਾਰ ਜੰਤੂਆਂ 'ਤੇ ਦਇਆ ਰੱਖਣ, ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਵਾਦੀ ਅਤੇ ਜਾਂਚ ਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਕਰਨਾ ਭਾਰਤ ਦੇ ਹਰੇਕ ਨਾਗਰਿਕ ਦਾ ਮੂਲ ਕਰਤੱਵ ਦੱਸਿਆ ਗਿਆ ਹੈ। ਮੈਕ ਆਰਥਰ ਫਾਊਂਡੇਸ਼ਨ, ਯੈਲ ਪ੍ਰੋਗਰਾਮ ਦੀ ਖੋਜ ਟੀਮ ਅਤੇ ਫੇਸਬੁੱਕ ਵੱਲੋਂ ਸਾਂਝੇ ਤੌਰ 'ਤੇ 17 ਫਰਵਰੀ 2021 ਤੋਂ 3 ਮਾਰਚ 2021 ਤਕ 31 ਦੇਸ਼ਾਂ ਦੇ 76328 ਫੇਸਬੁੱਕ ਵਰਤਣ ਵਾਲੇ ਲੋਕਾਂ ਪਾਸੋਂ ਜਲਵਾਯੂ ਤਬਦੀਲੀ, ਜਨਤਕ ਗਿਆਨ ਅਤੇ ਰਾਇ ਬਾਰੇ ਸਰਵੇ ਕੀਤਾ ਗਿਆ ਜਿਸ ਦੀ ਰਿਪੋਰਟ ਅਪ੍ਰੈਲ 2021 ਨੂੰ ਪ੍ਰਕਾਸ਼ਿਤ ਕੀਤੀ ਗਈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਧੀਨ ਜਨਵਰੀ 2021 ਵਿਚ ਸਭ ਤੋਂ ਵੱਡਾ ਜਲਵਾਯੂ ਤਬਦੀਲੀ ਸਰਵੇਖਣ ਕੀਤਾ ਗਿਆ ਜਿਸ ਵਿਚ 50 ਦੇਸ਼ਾਂ ਦੇ 1.5 ਮਿਲੀਅਨ ਲੋਕਾਂ ਵੱਲੋਂ ਮਿਲੇ ਪ੍ਰਤੀਕਰਮਾਂ ਦੇ ਆਧਾਰ 'ਤੇ ਤਿਆਰ ਕੀਤੀ ਰਿਪੋਰਟ ਅਨੁਸਾਰ 64% ਉੱਤਰਦਾਤਾਵਾਂ ਨੇ ਜਲਵਾਯੂ ਤਬਦੀਲੀ ਨੂੰ ਇਕ ਐਮਰਜੈਂਸੀ ਤੇ ਗੰਭੀਰ ਸਥਿਤੀ ਮੰਨਿਆ ਹੈ। ਲੋਇਡਜ਼ ਰਜਿਸਟਰ ਫਾਊਂਡੇਸ਼ਨ ਦੇ 2021 ਦੇ ਗੈਲਪ ਵਰਲਡ ਰਿਸਕ ਪੋਲ ਨੇ ਦੱਸਿਆ ਹੈ ਕਿ 67% ਲੋਕਾਂ ਨੇ ਜਲਵਾਯੂ ਤਬਦੀਲੀ ਨੂੰ ਆਪਣੇ ਦੇਸ਼ ਲਈ ਖ਼ਤਰੇ ਵਜੋਂ ਵੇਖਿਆ ਹੈ। ਇਹੀ ਨਹੀਂ, 127 ਦੇਸ਼ਾਂ ਦੇ ਲਗਪਗ 62% ਲੋਕ ਆਲਮੀ ਤਪਸ਼ ਬਾਰੇ ਜਾਣਦੇ ਹਨ। ਉੱਤਰੀ ਅਮਰੀਕਾ, ਯੂਰਪ, ਜਾਪਾਨ ਦੇ 67% ਤੋਂ ਵਧੇਰੇ ਲੋਕ ਇਸ ਬਾਰੇ ਜਾਣੂ ਹਨ ਜਦਕਿ ਵਿਕਾਸਸ਼ੀਲ ਦੇਸ਼ਾਂ ਖ਼ਾਸ ਤੌਰ 'ਤੇ ਅਫ਼ਰੀਕੀ ਦੇਸ਼ਾਂ ਦੇ 25% ਲੋਕਾਂ ਨੂੰ ਹੀ ਇਸ ਬਾਰੇ ਜਾਣਕਾਰੀ ਹੈ।

ਚੀਨ, ਸੰਯੁਕਤ ਰਾਜ ਅਮਰੀਕਾ, ਭਾਰਤ, ਰੂਸ ਅਤੇ ਜਾਪਾਨ ਦੁਨੀਆ ਦੀਆਂ ਅੱਧੀਆਂ ਗਰੀਨ ਹਾਊਸ ਗੈਸਾਂ ਦਾ ਨਿਕਾਸ ਕਰਦੇ ਹਨ। ਸੰਯੁਕਤ ਰਾਜ ਅਮਰੀਕਾ, ਰੂਸ ਅਤੇ ਜਾਪਾਨ ਦੀ 85% ਤੋਂ ਵੱਧ ਆਬਾਦੀ ਇਸ ਬਾਰੇ ਜਾਗਰੂਕ ਹੈ ਜਦਕਿ ਚੀਨ ਦੀ 2/3 ਅਤੇ ਭਾਰਤ ਦੀ 1/3 ਆਬਾਦੀ ਹੀ ਜਾਗਰੂਕ ਹੈ। ਭਾਰਤ ਲਈ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਸਬੰਧੀ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਅਤੇ ਜਨਤਕ ਰਾਇ ਬਣਾਉਣ ਦੀ ਬੇਹੱਦ ਲੋੜ ਹੈ ਕਿਉਂਕਿ ਭਵਿੱਖ ਵਿਚ ਊਰਜਾ ਦੀ ਸਭ ਤੋਂ ਵੱਧ ਵਰਤੋਂ ਭਾਰਤ ਵਿਚ ਹੋਵੇਗੀ।

ਜਿਨ੍ਹਾਂ ਦੇਸ਼ਾਂ ਵਿਚ ਇੰਟਰਨੈੱਟ ਦੀ ਵਰਤੋਂ ਜ਼ਿਆਦਾ ਹੁੰਦੀ ਹੈ ਉੱਥੇ ਵਧੇਰੇ ਲੋੜ ਹੈ ਕਿ ਲੋਕ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਤੋਂ ਜਾਣੂ ਹੋਣ। ਵੇਖਿਆ ਗਿਆ ਹੈ ਕਿ ਦੇਸ਼ ਦੀ ਜਨਸੰਖਿਆ ਦੀ ਉਮਰ, ਲਿੰਗ, ਇਲਾਕਾ, ਜੀਵਨ ਪੱਧਰ ਆਦਿ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨੂੰ ਨਿਰਧਾਰਤ ਕਰਦੇ ਹਨ। ਪੇਂਡੂ ਖੇਤਰ ਦੀ ਬਜਾਏ ਸ਼ਹਿਰੀ ਲੋਕ ਵਧੇਰੇ ਜਾਗਰੂਕ ਮੰਨੇ ਜਾਂਦੇ ਹਨ। ਜਲਵਾਯੂ ਤਬਦੀਲੀ ਵਿਚ ਨੀਤੀਆਂ ਤੇ ਸੋਸ਼ਲ ਮੀਡੀਆ ਦਾ ਲੋਕਾਂ ਨੂੰ ਜਾਗਰੂਕ ਕਰਨ ਅਤੇ ਜਨਤਕ ਰਾਇ ਬਣਾਉਣ ਵਿਚ ਬਹੁਤ ਯੋਗਦਾਨ ਹੈ। ਸੰਨ 2020-21 ਦੇ ਯੂਰਪੀ ਇਨਵੈਸਟਮੈਂਟ ਬੈਂਕ ਦੇ ਜਲਵਾਯੂ ਸਰਵੇਖਣ ਦੌਰਾਨ ਚੀਨ, ਅਮਰੀਕਾ ਅਤੇ ਯੂਰਪ ਦੇ 72% ਉਤਰਦਾਤਿਆਂ ਨੇ ਕਿਹਾ ਹੈ ਕਿ ਜਲਵਾਯੂ ਤਬਦੀਲੀ ਨੇ ਉਨ੍ਹਾਂ ਦੇ ਰੋਜ਼ਾਨਾ ਜੀਵਨ 'ਤੇ ਅਸਰ ਪਾਇਆ ਹੈ। ਯੇਲ ਯੂਨੀਵਰਸਿਟੀ ਦੀ ਰਿਪੋਰਟ 2011 'ਗਲੋਬਲ ਵਾਰਮਿੰਗਜ਼ ਸਿਕਸ ਇੰਡੀਆ' ਦੇ ਅੰਕੜਿਆਂ ਅਨੁਸਾਰ ਜਲਵਾਯੂ ਤਬਦੀਲੀ ਦੇ ਵਿਸ਼ਵਾਸਾਂ, ਰਵੱਈਆਂ, ਜੋਖ਼ਮ ਧਾਰਨਾਵਾਂ ਅਤੇ ਨੀਤੀਆਂ ਦੀਆਂ ਤਰਜੀਹਾਂ ਦੇ ਆਧਾਰ 'ਤੇ ਭਾਰਤ ਦੇ 19% ਲੋਕ ਸੂਚਿਤ, 24% ਅਨੁਭਵੀ, 15% ਅਣਡਿੱਠ, 15% ਬੇਫ਼ਿਕਰ ਅਤੇ 11% ਉਦਾਸੀਨ ਹਨ।

ਇਕਤਾਲੀ ਫ਼ੀਸਦੀ ਲੋਕ ਆਲਮੀ ਤਪਸ਼ ਬਾਰੇ ਅਨਜਾਣ ਹਨ ਤੇ 56% ਉੱਤਰਦਾਤਾਵਾਂ ਨੇ ਮੰਨਿਆ ਹੈ ਕਿ ਗਲੋਬਲ ਵਾਰਮਿੰਗ ਦਾ ਮੁੱਖ ਕਾਰਨ ਮਨੁੱਖੀ ਗਤੀਵਿਧੀਆਂ ਹਨ, 21% ਉੱਤਰਦਾਤਾ ਗੰਭੀਰ ਤੂਫਾਨਾਂ ਦੇ ਪ੍ਰਭਾਵਾਂ ਤੋਂ ਵਾਕਿਫ ਹਨ। ਪੈਂਹਟ ਪ੍ਰਤੀਸ਼ਤ ਉੱਤਰਦਾਤਾ ਗੰਭੀਰ ਸੋਕੇ ਜਾਂ ਹੜ੍ਹਾਂ ਦੇ ਪ੍ਰਭਾਵਾਂ ਨੂੰ ਸਮਝਦੇ ਹਨ। ਇਨ੍ਹਾਂ ਪ੍ਰਭਾਵਾਂ ਵਿਚ ਪੀਣ ਵਾਲਾ ਪਾਣੀ, ਭੋਜਨ ਦੀ ਸਪਲਾਈ, ਸਿਹਤ ਸਹੂਲਤਾਂ, ਆਮਦਨ ਦੇ ਸਰੋਤ ਅਤੇ ਉਨ੍ਹਾਂ ਦੇ ਭਾਈਚਾਰੇ ਦਾ ਯੋਗਦਾਨ ਸ਼ਾਮਲ ਹੈ। ਇਕਤਾਲੀ ਪ੍ਰਤੀਸ਼ਤ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਜਲਵਾਯੂ ਤਬਦੀਲੀ ਤੋਂ ਪੈਦਾ ਹੋਣ ਵਾਲੇ ਮੁੱਦਿਆਂ ਨੂੰ ਹੱਲ ਕਰਨ ਲਈ ਤੁਰੰਤ ਉਪਰਾਲੇ ਕਰਨੇ ਚਾਹੀਦੇ ਹਨ। ਜਲਵਾਯੂ ਤਬਦੀਲੀ ਦੇ ਕਾਰਨਾਂ ਬਾਰੇ ਬਹੁਤ ਸਾਰੇ ਅਧਿਐਨ ਹੋਏ ਹਨ ਜਿਨ੍ਹਾਂ ਅਨੁਸਾਰ ਕਾਰਨਾਂ ਵਿਚ ਮਾਨਵੀ ਗਤੀਵਿਧੀਆਂ, ਕੁਦਰਤੀ, ਗਰੀਨ ਹਾਊਸ ਗੈਸਾਂ ਦਾ ਨਿਕਾਸ, ਮਾਨਵੀ ਅਤੇ ਕੁਦਰਤੀ ਗਤੀਵਿਧੀਆਂ ਦੋਵੇਂ ਸ਼ਾਮਲ ਹਨ। ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਵਿਚ ਸ਼ਾਮਲ ਹਨ ਹੜ੍ਹ, ਸੋਕੇ, ਜੰਗਲ ਦੀ ਅੱਗ, ਸਮੁੰਦਰ ਦਾ ਤੇਜ਼ਾਬੀਪਣ ਆਦਿ ਦੀਆਂ ਘਟਨਾਵਾਂ ਵਿਚ ਲਗਤਾਰ ਹੋ ਰਿਹਾ ਵਾਧਾ।

ਇਸ ਦੇ ਨਾਲ ਹੀ ਕੁਦਰਤੀ ਸਰੋਤਾਂ ਦੀ ਦੁਰਵਰਤੋਂ, ਹਵਾ/ਪਾਣੀ ਦਾ ਵਧ ਰਿਹਾ ਪ੍ਰਦੂਸ਼ਣ, ਜੰਗਲਾਂ ਦੀ ਕਟਾਈ, ਮਾਰੂਥਲਾਂ ਦਾ ਵਧਣਾ, ਜੀਵ ਪ੍ਰਜਾਤੀਆਂ ਦਾ ਲੋਪ ਹੋਣਾ, ਸਮੁੰਦਰੀ ਖੇਤਰ ਦਾ ਵਧਣਾ, ਮਨੁੱਖੀ ਪਰਵਾਸ ਅਤੇ ਭਿਆਨਕ ਬਿਮਾਰੀਆਂ ਦਾ ਵਧਣਾ, ਸਮਾਜ ਵਿਚ ਜਲਵਾਯੂ ਨਾਲ ਸਬੰਧਤ ਜੁਰਮਾਂ ਵਿਚ ਵਾਧਾ ਹੋਣਾ। ਅਧਿਐਨ ਦੱਸਦੇ ਹਨ ਕਿ ਸੂਰਜ ਨੂੰ ਆਲਮੀ ਤਪਸ਼ ਦਾ ਕਾਰਨ ਨਹੀਂ ਮੰਨਿਆ ਜਾ ਸਕਦਾ।

ਸੂਰਜ ਦੁਨੀਆ ਨੂੰ ਜੀਵਨ ਦੇਣ ਵਾਲਾ ਹੈ ਜਦਕਿ ਮੁੱਖ ਗਰੀਨ ਹਾਊਸ ਗੈਸਾਂ-ਕਾਰਬਨ ਡਾਈਆਕਸਾਈਡ, ਨਾਈਟਰਸ ਆਕਸਾਈਡ, ਮੀਥੇਨ, ਕਲੋਰੋਫਲੋਰੋਕਾਰਬਨ ਅਤੇ ਪਾਣੀ ਦਾ ਵਾਸ਼ਪੀਕਰਨ ਮੁੱਖ ਤੌਰ 'ਤੇ ਆਲਮੀ ਤਪਸ਼ ਅਤੇ ਜਲਵਾਯੂ ਤਬਦੀਲੀ ਦੇ ਮੁੱਖ ਕਾਰਨ ਹਨ। ਭਾਰਤ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਆਲਮੀ ਤਪਸ਼ ਅਤੇ ਜਲਵਾਯੂ ਤਬਦੀਲੀ ਤੋਂ ਪ੍ਰਭਾਵਿਤ ਹੋ ਰਿਹਾ ਹੈ। ਭਾਰਤ ਦੇ ਮੌਸਮ ਵਿਗਿਆਨ ਵਿਭਾਗ ਦੇ ਅੰਕੜਿਆਂ ਅਨੁਸਾਰ ਜਲਵਾਯੂ ਤਬਦੀਲੀ ਕਾਰਨ ਔਸਤ ਤਾਪਮਾਨ ਵਧਣ ਨਾਲ 2050 ਤਕ ਪੰਜਾਬ ਦੀਆਂ ਸਾਰੀਆਂ ਪ੍ਰਮੁੱਖ ਫ਼ਸਲਾਂ ਦੇ ਝਾੜ ਵਿਚ ਕਮੀ ਆਉਣ ਦੀ ਸੰਭਾਵਨਾ ਹੈ।

ਪੰਜਾਬ ਦਾ ਮੌਸਮ ਅਸਾਧਾਰਨ ਰੂਪ ਵਿਚ ਬਦਲ ਰਿਹਾ ਹੈ। ਕੁਦਰਤੀ ਸਰੋਤਾਂ ਦੀ ਦੁਰਵਰਤੋਂ, ਧਰਤੀ ਹੇਠਲੇ ਪਾਣੀ ਦਾ ਬੇਲੋੜਾ ਨਿਕਾਸ, ਦਰਖਤਾਂ ਦੀ ਕਟਾਈ, ਹਵਾ ਅਤੇ ਜਲ ਪ੍ਰਦੂਸ਼ਣ ਕਾਰਨ ਜਲਵਾਯੂ ਤਬਦੀਲੀ ਦੇ ਪ੍ਰਭਾਵ ਨੁਕਸਾਨ ਦੇ ਰਹੇ ਹਨ। ਇਹ ਨੁਕਸਾਨ ਹਨ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣਾ ਅਤੇ ਪਾਣੀ ਦਾ ਗੰਧਲਾ ਹੋਣਾ, ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਦਾ ਘਟਣਾ, ਵੈੱਟਲੈਂਡ ਅਤੇ ਜੰਗਲਾਤ ਦਾ ਰਕਬਾ ਘਟਦੇ ਜਾਣਾ, ਈਂਧਨ ਦੇ ਤੌਰ 'ਤੇ ਡੀਜ਼ਲ ਅਤੇ ਪੈਟਰੋਲ ਦੀ ਮੰਗ ਵਧਣਾ ਆਦਿ। ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ ਵੱਲੋਂ ਤਿਆਰ ਦਸਤਾਵੇਜ਼ 'ਪੰਜਾਬ ਸਟੇਟ ਐਕਸ਼ਨ ਪਲਾਨ ਆਨ ਕਲੀਮੇਟ ਚੇਂਜ' ਅਤੇ ਪੰਜਾਬ ਜਲਵਾਯੂ ਤਬਦੀਲੀ ਗਿਆਨ ਕੇਂਦਰ ਰਾਹੀਂ ਜਲਵਾਯੂ ਤਬਦੀਲੀ ਦੀਆਂ ਚਿੰਤਾਵਾਂ ਨੂੰ ਸਹੀ ਢੰਗ ਨਾਲ ਹੱਲ ਕਰਨ ਲਈ ਸੰਪੂਰਨ ਪਹੁੰਚ ਅਪਨਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ।

ਸਰਕਾਰੀ ਅਧਿਕਾਰੀਆਂ,ਅਕਾਦਮਿਕ ਸੰਸਥਾਵਾਂ, ਕਿਸਾਨਾਂ, ਪੇਂਡੂ ਔਰਤਾਂ, ਕਮਿਉਨਿਟੀ ਆਧਾਰਤ ਸੰਸਥਾਵਾਂ, ਗ਼ੈਰ ਸਰਕਾਰੀ ਸੰਗਠਨ ਲਈ ਵਰਕਸ਼ਾਪ, ਸੈਮੀਨਾਰ, ਕਾਨਫੰਰਸ ਅਤੇ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨ ਦੀ ਲੋੜ ਹੈ ਤਾਂ ਕਿ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨਾਲ ਨਜਿੱਠਣ ਲਈ ਜਨਤਕ ਰਾਇ ਬਣਾਉਣ ਦੇ ਨਾਲ-ਨਾਲ ਲੋਕਾਂ ਦੀ ਸੋਚ ਅਤੇ ਜੀਵਨਸ਼ੈਲੀ ਵਿਚ ਵੀ ਬਦਲਾਅ ਲਿਆਂਦਾ ਜਾ ਸਕੇ। ਪੌਣ-ਪਾਣੀ ਬਦਲ ਰਿਹਾ ਹੈ ਤਾਂ ਸਾਨੂੰ ਵੀ ਬਦਲਣ ਦੀ ਲੋੜ ਹੈ।

ਭਾਵੇਂ ਕੌਮਾਂਤਰੀ ਪੱਧਰ 'ਤੇ ਇਸ ਮੁੱਦੇ ਨੂੰ ਵੱਡੇ ਪੱਧਰ 'ਤੇ ਚੁੱਕਿਆ ਜਾ ਰਿਹਾ ਹੈ ਪਰ ਅਮਰੀਕਾ ਤੇ ਚੀਨ ਸਮੇਤ ਕਈ ਵੱਡੇ ਦੇਸ਼ ਆਪਣੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਜਲਵਾਯੂ ਪਰਿਵਰਤਨ ਦੇ ਮੁੱਦੇ ਦੀ ਨਿਰੰਤਰ ਅਣਦੇਖੀ ਕਰਦੇ ਆ ਰਹੇ ਹਨ। ਵਾਤਾਵਰਨ ਪ੍ਰੇਮੀ ਭਾਵੇਂ ਇਸ ਮੁੱਦੇ ਨੂੰ ਬੜੀ ਸੰਜੀਦਗੀ ਨਾਲ ਚੁੱਕ ਰਹੇ ਹਨ ਪਰ ਸਭ ਮੁਲਕਾਂ ਨੂੰ ਇਸ ਮਹੱਵਤਵੂਰਨ ਮੁੱਦੇ 'ਤੇ ਭਰਪੂਰ ਸਹਿਯੋਗ ਦੇਣਾ ਚਾਹੀਦਾ ਹੈ।


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

# ਮੋਬਾਈਲ ਕਾਰਨ ਬੱਚਿਆਂ ਵਿੱਚ ਮਾਨਸਿਕ ਵਿਕਾਰ ਵਧ ਰਹੇ ਹਨ





ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਬੱਚਿਆਂ ਦਾ ਮਨੋਰੰਜਨ ਕਰਨ ਲਈ ਰੈਟਲਾਂ ਵਰਗੇ ਮੋਬਾਈਲ ਉਨ੍ਹਾਂ ਨੂੰ ਸੌਂਪਣ ਦੇ ਫੈਸ਼ਨ ਦੇ ਨੁਕਸਾਨਦੇਹ ਪ੍ਰਭਾਵ ਹੁਣ ਸਾਹਮਣੇ ਆ ਰਹੇ ਹਨ। ਇਕ ਅੰਤਰਰਾਸ਼ਟਰੀ ਅਧਿਐਨ ਨੇ ਇਨ੍ਹਾਂ ਖਦਸ਼ਿਆਂ ਦੀ ਪੁਸ਼ਟੀ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬੱਚਿਆਂ ਨੂੰ ਛੋਟੀ ਉਮਰ 'ਚ ਹੀ ਸਮਾਰਟਫੋਨ ਦਿੱਤੇ ਜਾਣ 'ਤੇ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਸਾਹਮਣੇ ਆ ਰਹੇ ਹਨ। ਇਸ ਗਲੋਬਲ ਸਰਵੇਖਣ ਦੇ ਨਤੀਜੇ ਪਿਛਲੇ ਸੋਮਵਾਰ ਨੂੰ ਜਨਤਕ ਕੀਤੇ ਗਏ ਸਨ। ਸਰਵੇਖਣ ਦੇ ਨਤੀਜਿਆਂ ਵਿੱਚ ਮੋਬਾਈਲ ਫੋਨ ਅਤੇ ਟੈਬ ਦੀ ਵਰਤੋਂ ਕਰਨ ਦੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅਫ਼ਸੋਸ ਦੀ ਗੱਲ ਇਹ ਵੀ ਹੈ ਕਿ ਛੋਟੀ ਉਮਰ ਵਿੱਚ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਕਾਰਨ ਬਾਲਗਾਂ ਵਿੱਚ ਅਜਿਹੇ ਬੱਚਿਆਂ ਵਿੱਚ ਖ਼ੁਦਕੁਸ਼ੀ ਵਰਗੇ ਘਾਤਕ ਵਿਚਾਰਾਂ ਦੀ ਆਮਦ ਦੇਖਣ ਨੂੰ ਮਿਲੀ ਹੈ। ਆਪਣੀ ਅਸਲੀਅਤ ਤੋਂ ਭਟਕਣ ਦੀ ਪ੍ਰਵਿਰਤੀ ਅਤੇ ਦੂਜਿਆਂ ਪ੍ਰਤੀ ਹਮਲਾਵਰ ਵਿਵਹਾਰ ਉਨ੍ਹਾਂ ਵਿੱਚ ਦੇਖਿਆ ਗਿਆ ਹੈ। ਇਹ ਸਰਵੇਖਣ ਅਮਰੀਕਾ ਦੀ ਇੱਕ ਗੈਰ-ਲਾਭਕਾਰੀ ਸੰਸਥਾ ਨੇ ਦੁਨੀਆ ਦੇ ਲਗਭਗ 28 ਹਜ਼ਾਰ ਬਾਲਗਾਂ 'ਤੇ ਕੀਤਾ ਹੈ। ਲਗਭਗ ਚਾਲੀ ਦੇਸ਼ਾਂ ਵਿੱਚ ਕੀਤੇ ਗਏ ਸਰਵੇਖਣ ਵਿੱਚ ਭਾਰਤ ਦੇ ਚਾਰ ਹਜ਼ਾਰ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਮਾਨਸਿਕ ਸਿਹਤ ਨੂੰ ਸ਼ਾਮਲ ਕਰਨਾਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਸਰਵੇਖਣ ਦੇ ਨਤੀਜਿਆਂ 'ਤੇ ਆਧਾਰਿਤ ਤੱਥਾਂ ਬਾਰੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਛੋਟੀ ਉਮਰ ਵਿਚ ਬੱਚਿਆਂ ਨੂੰ ਮੋਬਾਈਲ ਫ਼ੋਨ ਦੇਣ ਨਾਲ ਬਾਲਗਾਂ ਵਾਂਗ ਮਾਨਸਿਕ ਸਿਹਤ 'ਤੇ ਉਨ੍ਹਾਂ ਦੇ ਮਾੜੇ ਪ੍ਰਭਾਵ ਵਧਣ ਦੀ ਸੰਭਾਵਨਾ ਹੈ। ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਛੇ ਸਾਲ ਦੀ ਉਮਰ ਵਿੱਚ ਸਮਾਰਟਫੋਨ ਦੀ ਵਰਤੋਂ ਸ਼ੁਰੂ ਕਰਨ ਵਾਲੀਆਂ 74 ਫ਼ੀਸਦੀ ਬਾਲਗ ਔਰਤਾਂ ਨੂੰ ਗੰਭੀਰ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਡਿਪਰੈਸ਼ਨ ਵੀ ਸ਼ਾਮਲ ਹੈ। ਇਸੇ ਸਿਲਸਿਲੇ ਵਿਚ ਦਸ ਸਾਲ ਬਾਅਦ ਸਮਾਰਟ ਫ਼ੋਨ ਵਰਤਣੇ ਸ਼ੁਰੂ ਕਰਨ ਵਾਲੇ ਬਾਲਗਾਂ ਵਿਚ ਡਾ.ਇਹ ਮਾੜੇ ਪ੍ਰਭਾਵ 61 ਪ੍ਰਤੀਸ਼ਤ ਲੜਕੀਆਂ ਅਤੇ 52 ਪ੍ਰਤੀਸ਼ਤ ਲੜਕੀਆਂ ਵਿੱਚ ਦੇਖੇ ਗਏ ਜਿਨ੍ਹਾਂ ਨੇ ਪੰਦਰਾਂ ਸਾਲ ਦੀ ਉਮਰ ਤੋਂ ਪਹਿਲਾਂ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ, 18 ਸਾਲ ਦੀ ਉਮਰ ਵਿੱਚ ਸਮਾਰਟਫੋਨ ਦੀ ਵਰਤੋਂ ਕਰਨ ਵਾਲੀਆਂ ਕੁੜੀਆਂ ਦੀ ਪ੍ਰਤੀਸ਼ਤਤਾ 46 ਪ੍ਰਤੀਸ਼ਤ ਸੀ। ਨੌਜਵਾਨਾਂ ਵਿੱਚ ਘੱਟ ਜਾਂ ਘੱਟ ਸਮਾਨਤਾਵਾਂ, 42 ਪ੍ਰਤੀਸ਼ਤ ਜਿਨ੍ਹਾਂ ਨੇ ਛੇ ਸਾਲ ਦੀ ਉਮਰ ਵਿੱਚ ਸਮਾਰਟਫ਼ੋਨ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਉਨ੍ਹਾਂ ਨੇ ਮਾਨਸਿਕ ਮਾੜੇ ਪ੍ਰਭਾਵਾਂ ਦਾ ਅਨੁਭਵ ਕੀਤਾ। ਇਸ ਦੇ ਨਾਲ ਹੀ 18 ਸਾਲ ਦੀ ਉਮਰ ਤੋਂ ਸਮਾਰਟਫੋਨ ਦੀ ਵਰਤੋਂ ਸ਼ੁਰੂ ਕਰਨ ਵਾਲਿਆਂ ਦੀ ਗਿਣਤੀ 36 ਫ਼ੀਸਦੀ ਸੀ। ਇਸ ਤਰ੍ਹਾਂ ਛੋਟੀ ਉਮਰ ਵਿੱਚ ਮੋਬਾਈਲ ਦੀ ਵਰਤੋਂ ਦਾ ਸਿੱਧਾ ਸਬੰਧ ਮਾਨਸਿਕ ਸਿਹਤ ਨਾਲ ਹੁੰਦਾ ਹੈ ਏ ਨੂੰ ਵਧਦੀ ਸਮੱਸਿਆ ਪਾਈ ਗਈ। ਯਾਨੀ ਕਿ ਛੋਟੀ ਉਮਰ ਵਿੱਚ ਫੋਨ ਦੀ ਵਰਤੋਂ ਨੇ ਮਾਨਸਿਕ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ। ਅਜਿਹੇ ਲੋਕਾਂ ਵਿੱਚ ਆਤਮਘਾਤੀ ਵਿਚਾਰ, ਦੂਸਰਿਆਂ ਪ੍ਰਤੀ ਹਮਲਾਵਰਤਾ, ਜੀਵਨ ਦੀ ਅਸਲੀਅਤ ਤੋਂ ਨਿਰਲੇਪਤਾ ਅਤੇ ਸਮਾਜ ਤੋਂ ਵੱਖਰਾ ਸਵੈ-ਕੇਂਦਰਿਤਪਣ ਦੇਖਿਆ ਗਿਆ ਹੈ। ਅਤੇ ਪਿਛਲੇ ਸਾਲ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਭਾਰਤੀ ਘਰਾਂ ਵਿੱਚ ਦਸ ਤੋਂ ਚੌਦਾਂ ਸਾਲ ਦੇ ਬੱਚਿਆਂ ਵਿੱਚ ਸਮਾਰਟਫੋਨ ਦੀ ਵਰਤੋਂ ਦੀ ਪ੍ਰਤੀਸ਼ਤਤਾ 83 ਪ੍ਰਤੀਸ਼ਤ ਸੀ, ਜੋ ਕਿ ਵਰਤੋਂ ਦੇ ਵਿਸ਼ਵ ਔਸਤ ਨਾਲੋਂ ਸੱਤ ਪ੍ਰਤੀਸ਼ਤ ਅੰਕ ਵੱਧ ਸੀ। ਨਾਲ ਨਾਲ ਇਹ ਅਧਿਐਨਇਹ ਦੱਸਿਆ ਜਾਣਾ ਅਜੇ ਬਾਕੀ ਹੈ ਕਿ ਫੋਨ ਦੀ ਜਲਦੀ ਵਰਤੋਂ ਛੋਟੇ ਬੱਚਿਆਂ ਵਿੱਚ ਮਾਨਸਿਕ ਸਮੱਸਿਆਵਾਂ ਅਤੇ ਵਿਵਹਾਰਿਕ ਹਮਲਾਵਰਤਾ ਦਾ ਕਾਰਨ ਕਿਉਂ ਬਣ ਰਹੀ ਹੈ ਅਤੇ ਇਸ ਦੇ ਸੰਭਵ ਹੱਲ ਕੀ ਹਨ। ਅੰਕੜੇ ਦੱਸ ਰਹੇ ਹਨ ਕਿ ਬੱਚੇ ਰੋਜ਼ਾਨਾ ਪੰਜ ਤੋਂ ਅੱਠ ਘੰਟੇ ਆਨਲਾਈਨ ਰਹਿੰਦੇ ਹਨ। ਬਿਨਾਂ ਸ਼ੱਕ ਬੱਚਿਆਂ ਨੇ ਇਸ ਸਮੇਂ ਨੂੰ ਪਰਿਵਾਰ ਅਤੇ ਦੋਸਤਾਂ ਨਾਲ ਬਿਤਾਉਣ ਲਈ ਵਰਤਿਆ ਸੀ। ਸਪੱਸ਼ਟ ਹੈ ਕਿ ਬੱਚਿਆਂ ਵਿੱਚ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਵਿਘਨ ਪਿਆ ਹੈ। ਜਿਸ ਕਾਰਨ ਉਨ੍ਹਾਂ ਦੀ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਿੱਚ ਗਿਰਾਵਟ ਆ ਰਹੀ ਹੈ ਅਤੇ ਉਹਉਹ ਛੋਟੀਆਂ-ਛੋਟੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿਸ ਕਾਰਨ ਉਨ੍ਹਾਂ ਦੇ ਵਿਵਹਾਰ ਵਿੱਚ ਗੁੱਸਾ ਆਉਂਦਾ ਹੈ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਵਿਗੜ ਜਾਂਦੀ ਹੈ। ਇਸ ਕਾਰਨ ਉਨ੍ਹਾਂ 'ਤੇ ਖ਼ੁਦਕੁਸ਼ੀ ਵਰਗੇ ਵਿਚਾਰ ਆਉਣ ਲੱਗਦੇ ਹਨ। ਬਿਨਾਂ ਸ਼ੱਕ, ਇਹ ਇੱਕ ਗੰਭੀਰ ਚੁਣੌਤੀ ਹੈ। ਸਰਕਾਰ ਅਤੇ ਸਮਾਜ ਨੂੰ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਯੋਗਾ ਅਤੇ ਧਿਆਨ ਇਸ ਸਮੱਸਿਆ ਵਿੱਚ ਦਵਾਈ ਦਾ ਕੰਮ ਕਰ ਸਕਦੇ ਹਨ। ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ 'ਚ ਮਦਦ ਮਿਲੇਗੀ।

# ਅਮਨ-ਅਮਾਨ ਤੇ ਵਿਕਾਸ ਚਾਹੁੰਦੇ ਹਨ ਪੰਜਾਬੀ

-ਇਕਬਾਲ ਸਿੰਘ ਲਾਲਪੁਰਾ




ਪੰਜਾਬ ਦੇ ਇਤਿਹਾਸਕ ਦੌਰ 'ਚ ਵਿਚਰਦਿਆਂ ਇਹ ਗੱਲ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਗੁਰੂ-ਕਾਲ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ (1839 ਈ.) ਤਕ ਕਦੇ ਵੀ ਹਿੰਦੂ-ਸਿੱਖ ਵੰਡ ਨਜ਼ਰ ਨਹੀਂ ਆਈ ਸੀ। ਮਹਾਰਾਜਾ ਸਾਰੇ ਪੰਜਾਬੀਆਂ ਦਾ ਸਾਂਝਾ ਸੀ। ਸਿੱਖ ਧਰਮ ਇਕ ਨਿਵੇਕਲਾ ਨਿਰਮਲ ਧਰਮ/ਪੰਥ ਹੈ ਜਿਸ 'ਚ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥" ਦੇ ਮਾਰਗ 'ਤੇ ਚੱਲਦਿਆਂ, ਕਰਮ-ਕਾਂਡਾਂ ਤੋਂ ਦੂਰ ਰਹਿ ਕੇ ਵੀ ਪ੍ਰਭੂ ਦੇ ਲੜ ਲੱਗਿਆ ਜਾ ਸਕਦਾ ਹੈ। ਗੁਰਬਾਣੀ ਆਪਣਾ ਸੰਦੇਸ਼ ਸੰਚਾਰਿਤ ਕਰਦਿਆਂ ਗੀਤਾ, ਵੇਦਾਂ ਅਤੇ ਪੁਰਾਣਾਂ ਵਿਚਲੇ ਕਈ ਵਿਚਾਰਾਂ ਦੀ ਪ੍ਰੋੜਤਾ ਵੀ ਕਰਦੀ ਹੈ ਅਤੇ ਉਨ੍ਹਾਂ ਨੂੰ ਜੀਵਨ 'ਚ ਅਪਨਾਉਣ ਦਾ ਆਦੇਸ਼ ਕਰਦੀ ਹੈ। ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ, ਮਨੁੱਖਤਾ ਦਾ ਪਹਿਰੇਦਾਰ/ਸੇਵਾਦਾਰ ਹੈ ਤੇ ਸੰਤ-ਰੂਪ ਹੈ।

ਸੰਨ 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗੇਰਜ਼ਾਂ ਨੇ ਪੰਜਾਬੀਆਂ 'ਚ ਵੰਡ ਪਾਉਣ ਦਾ ਕੰਮ ਸ਼ੁਰੂ ਕੀਤਾ। ਮੁਸਲਮਾਨ, ਜੋ ਖ਼ਾਲਸਾ ਰਾਜ ਦਾ ਹਿੱਸਾ ਤੇ ਵੱਡੇ ਅਹਿਲਕਾਰ ਵੀ ਸਨ, ਉਹ ਤਾਂ ਜਲਦੀ ਵੱਖਰੇ ਹੋਣਾ ਮੰਨ ਗਏ ਪਰ ਹਿੰਦੂ-ਸਿੱਖਾਂ ਤੇ ਸਿੱਖਾਂ ਦੀ ਆਪਸ 'ਚ ਲੜਾਈ ਪੁਆਉਣ ਤੇ ਵੰਡਣ ਲਈ ਅੰਗਰੇਜ਼ ਨੂੰ ਮਿਹਨਤ ਕਰਨੀ ਪਈ ਤੇ ਨਵੀਂ ਨੀਤੀ ਅਪਨਾਉਣੀ ਪਈ। ਮਸਜਿਦਾਂ 'ਤੇ ਕਿਸੇ ਕਿਸਮ ਦੀ ਪਾਬੰਦੀ ਨਹੀਂ ਸੀ ਪਰ ਸਿੱਖ ਗੁਰੂਧਾਮਾਂ ਦਾ ਪ੍ਰਬੰਧ ਅੰਗਰੇਜ਼ਾਂ ਨੇ ਅਪ੍ਰੋਖ ਰੂਪ ਵਿਚ ਜ਼ਰੂਰ ਆਪਣੇ ਕੋਲ ਲੈ ਲਿਆ ਸੀ। ਨਿਰਮਲ ਪੰਥ ਵਿਚ ਅਨੇਕ ਡੇਰੇ ਤੇ ਬਾਬੇ ਨਜ਼ਰ ਆਉਣੇ ਸ਼ੁਰੂ ਹੋ ਗਏ। ਪਿੰਡ ਦੀ ਧਰਮਸਾਲ ਕੇਵਲ ਧਾਰਮਿਕ ਰੀਤੀ-ਰਿਵਾਜਾਂ ਤਕ ਸੀਮਤ ਹੋ ਗਈ। ਸ਼ੁੱਧੀਕਰਨ ਆਦਿ ਮੁਹਿੰਮਾਂ ਮੁਸਲਮਾਨਾਂ ਤੇ ਹਿੰਦੂਆਂ ਵਿਚ ਘਰ ਵਾਪਸੀ ਦੀ ਗੱਲ ਕਰਨ ਲੱਗੀਆਂ ਜਿਸ ਨਾਲ ਸਿੱਖਾਂ 'ਤੇ ਵੀ ਵੱਡਾ ਅਸਰ ਹੋਇਆ।

ਮਹਾਰਾਜਾ ਦਲੀਪ ਸਿੰਘ ਦੇ ਈਸਾਈ ਧਰਮ ਅਪਨਾਉਣ ਦੇ ਨਾਲ-ਨਾਲ ਹਰਨਾਮ ਸਿੰਘ ਆਹਲੂਵਾਲੀਆ ਦਾ ਵੀ ਧਰਮ ਪਰਿਵਰਤਨ ਹੋਇਆ। ਗੁਰਦੁਆਰਾ ਸੁਧਾਰ ਲਹਿਰ (1920-25 ਈ:) ਨੇ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ 'ਚ ਜਾਗ੍ਰਿਤੀ ਪੈਦਾ ਕੀਤੀ ਪਰ ਸ਼੍ਰੋਮਣੀ ਅਕਾਲੀ ਦਲ ਦੇ ਉਸ ਵੇਲੇ ਕਾਂਗਰਸ ਨਾਲ ਮਿਲਣ ਕਾਰਨ ਧਰਮ 'ਤੇ ਰਾਜਨੀਤੀ ਭਾਰੂ ਹੁੰਦੀ ਗਈ। ਆਜ਼ਾਦੀ ਤੋਂ ਬਾਅਦ ਪੰਜਾਬੀ ਬੋਲੀ ਤੇ ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੇ ਦੋ ਪ੍ਰਮੁੱਖ ਧਰਮਾਂ/ਫਿਰਕਿਆਂ ਵਿਚ ਵੰਡ ਪਾਉਣ ਦਾ ਕਾਰਨ ਬਣੇ। ਮਹਾ-ਪੰਜਾਬ ਦੀ ਗੱਲ ਕਰ ਕੇ ਸ. ਪ੍ਰਤਾਪ ਸਿੰਘ ਕੈਰੋਂ ਕੇਂਦਰ ਦੀ ਕਾਂਗਰਸ ਸਰਕਾਰ ਦਾ ਵੱਡਾ ਆਗੂ ਬਣ ਗਿਆ। ਮਾਸਟਰ ਤਾਰਾ ਸਿੰਘ ਉਸ ਸਮੇਂ ਤਕ ਬੇਤਾਜ ਬਾਦਸ਼ਾਹ ਸੀ। ਉਹ ਪੰਜਾਬੀ ਭਾਸ਼ਾ ਤੇ ਪੰਜਾਬੀ ਸੂਬੇ ਦੀ ਮੰਗ ਨੂੰ ਛੱਡਣ ਲਈ ਤਿਆਰ ਨਹੀਂ ਸੀ ਜਿਸ ਲਈ ਉਸ ਨੇ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਦਾ ਰਲੇਵਾਂ ਕਾਂਗਰਸ 'ਚ ਕਰ ਦਿੱਤਾ ਪਰ ਪ੍ਰਾਪਤ ਕੁਝ ਨਹੀਂ ਹੋਇਆ।

ਕਾਂਗਰਸ ਸੱਭਿਆਚਾਰ 'ਚ ਪਲੇ ਤੇ ਵੱਡੇ ਹੋਏ ਬਹੁਤੇ ਅਕਾਲੀ ਆਗੂਆਂ ਨੇ ਕੌਮ ਦੀ ਥਾਂ ਨਿੱਜੀ ਸਵਾਰਥਾਂ ਅਤੇ ਪਰਿਵਾਰ ਨੂੰ ਹੀ ਅੱਗੇ ਰੱਖਿਆ। ਸਿੱਖ ਸਮਾਜ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਅੰਦੋਲਨ ਦੇ ਰਾਹ ਪਾਇਆ ਤੇ ਜਿੱਤ ਪ੍ਰਾਪਤ ਕਰ ਕੇ ਨਿੱਜੀ, ਜਾਤੀ ਲਾਭ ਤਕ ਹੀ ਸੀਮਤ ਰਹੇ। ਕੁਝ ਸਰਕਾਰੀ ਸਿਵਲ ਅਧਿਕਾਰੀ ਜੋ ਨੌਕਰੀ 'ਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਬਰਖ਼ਾਸਤ ਕਰ ਦਿੱਤੇ ਗਏ ਸਨ, ਨੇ ਵੀ ਸਿੱਖ ਕੌਮ ਨੂੰ ਗੁਮਰਾਹ ਕਰਨ ਲਈ ਵੱਡੀ ਭੂਮਿਕਾ ਨਿਭਾਈ। ਮਸਲੇ ਅੱਜ ਵੀ ਉਸੇ ਤਰ੍ਹਾਂ ਹੀ ਹਨ ਭਾਵ ਕਈ ਆਗੂ ਸਰਕਾਰ ਦਾ ਹਿੱਸਾ ਰਹੇ ਜਾਂ ਬਾਹਰ। ਮਸਲੇ ਖੜ੍ਹੇ ਕਰਨੇ ਪਰ ਹੱਲ ਕਰਨ ਵੱਲ ਪਹਿਲ ਨਾ ਕਰਨੀ।

ਪੰਜਾਬ ਸਮਾਜਿਕ ਰੂਪ 'ਚ ਤਿੰਨ ਹਿੱਸਿਆਂ 'ਚ ਵੰਡਿਆ ਹੋਇਆ ਹੈ (1) ਸਿੱਖ ਧਰਮ ਨੂੰ ਮੰਨਣ ਵਾਲੇ ਵੱਡੀ ਗਿਣਤੀ 'ਚ ਹਨ (2) ਦੂਜਾ ਵੱਡਾ ਧਰਮ ਸਨਾਤਨੀਆਂ ਦਾ ਹੈ ਤੇ (3) ਤੀਜਾ ਰਵਿਦਾਸੀਆ ਤੇ ਮਜ਼੍ਹਬੀ ਸਿੱਖ ਭਾਈਚਾਰਾ ਵੀ ਆਪਸ 'ਚ ਵੰਡਿਆ ਹੋਇਆ ਹੈ।

ਈਸਾਈ ਭਾਈਚਾਰੇ ਦੇ ਕੁਝ ਲੋਕਾਂ 'ਤੇ ਧਰਮ ਪਰਿਵਰਤਨ ਕਰਾਉਣ ਦੇ ਦੋਸ਼ ਲੱਗਦੇ ਹਨ ਪਰ ਉਹ ਚੋਣ ਨਤੀਜੇ ਪ੍ਰਭਾਵਤ ਕਰਨ ਦੇ ਸਮਰੱਥ ਨਹੀਂ। ਬੀਤੇ 45 ਸਾਲਾਂ ਤੋਂ ਸਿੱਖ ਧਰਮ 'ਤੇ ਹੋ ਰਹੇ ਹਮਲੇ ਜਾਂ ਦਖ਼ਲਅੰਦਾਜ਼ੀ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲ ਹੁੰਦੀ ਆ ਰਹੀ ਹੈ ਪਰ ਸਿੱਖ ਧਾਰਮਿਕ ਆਗੂਆਂ ਤੇ ਧਾਰਮਿਕ ਸੰਸਥਾਵਾਂ ਵੱਲੋਂ ਧਰਮ ਪ੍ਰਚਾਰ ਦੀ ਵਿਉਂਤਬੰਦੀ ਕਿਧਰੇ ਨਜ਼ਰ ਨਹੀਂ ਆਉਂਦੀ।

ਗੁਰੂ ਨਾਨਕ ਦੇ ਨਿਰਮਲ ਪੰਥ ਦਾ ਫ਼ਲਸਫ਼ਾ ਆਨੰਦ, ਇੱਜ਼ਤ, ਸੇਵਾ ਤੇ ਬਹਾਦਰੀ ਦਾ ਮਾਰਗ ਹੈ ਜਿਸ ਤੋਂ ਦੂਰ ਹੋ ਕੇ ਕੇਵਲ ਕਰਮ-ਕਾਂਡੀ ਬਣੇ ਸਿੱਖ ਆਪਣੀ ਵੱਡਮੁੱਲੀ ਨਿਰਮਲ ਪਛਾਣ ਧੁੰਦਲੀ ਕਰ ਰਹੇ ਹਨ। ਜੁਲਾਈ 1982 'ਚ ਪੰਜਾਬ 'ਚ ਇਕ ਵੱਡਾ ਅੰਦੋਲਨ ਖੜ੍ਹਾ ਹੋਇਆ ਜੋ ਭਾਈ ਅਮਰੀਕ ਸਿੰਘ ਤੇ ਠਾਰਾ ਸਿੰਘ ਜੋ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਾਥੀ ਸਨ, ਦੀ ਰਿਹਾਈ ਲਈ ਸੀ ਪਰ ਉਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਰਾਜਸੀ ਰੰਗਤ ਦੇ ਕੇ ਧਰਮ ਯੁੱਧ ਮੋਰਚੇ ਵਿਚ ਤਬਦੀਲ ਕਰ ਦਿੱਤਾ ਜਿਸ ਨਾਲ ਪੰਜਾਬ ਦੀਆਂ ਰਾਜਨੀਤਕ ਮੰਗਾਂ ਦੇ ਨਾਲ-ਨਾਲ ਸਿੱਖ ਧਰਮ ਨਾਲ ਸਬੰਧਤ ਕੁਝ ਗੱਲਾਂ ਨੂੰ ਸ਼ਾਮਲ ਕੀਤਾ ਗਿਆ।

ਇਨ੍ਹਾਂ 'ਚ ਕੁਝ ਵੀ ਦੇਸ਼ ਵਿਰੋਧੀ ਨਹੀਂ ਸੀ ਪਰ ਸਮਾਜ ਵਿਰੋਧੀ ਤੱਤਾਂ ਨੇ ਇਸ ਨੂੰ ਅਮਨ-ਕਾਨੂੰਨ ਦੀ ਸਥਿਤੀ ਬਣਾ ਦਿੱਤਾ ਤੇ ਬਾਕੀ ਰਹਿੰਦੀ ਗੱਲ ਪਾਕਿਸਤਾਨ ਨੇ ਹਥਿਆਰ ਭੇਜ ਕੇ ਪੂਰੀ ਕਰ ਦਿੱਤੀ।

ਉਸ ਅੱਗ ਵਿਚ ਪੰਜਾਬ ਅੱਜ ਤਕ ਸੜ ਰਿਹਾ ਹੈ। ਪਰ ਇਸ ਤੋਂ ਵੀ ਵੱਡਾ ਮੁੱਦਾ 10 ਅਕਤੂਬਰ 1983 ਨੂੰ ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਦੇ ਅਮਨ-ਕਾਨੂੰਨ ਨੂੰ ਕਾਬੂ ਨਾ ਰੱਖਣ ਕਾਰਨ ਬਰਖ਼ਾਸਤ ਕਰਨ ਨਾਲ ਸ਼ੁਰੂ ਹੁੰਦਾ ਹੈ, ਉਹ ਹੈ ਲੰਬੇ ਸਮੇਂ ਤਕ ਰਾਸ਼ਟਰਪਤੀ ਰਾਜ। ਪੰਜਾਬ ਦੇ ਚੰਗੇ ਅਫ਼ਸਰਾਂ ਨੂੰ ਪਿੱਛੇ ਹਟਾ ਕੇ ਬਾਹਰਲੇ ਰਾਜਾਂ ਤੇ ਕੇਂਦਰ ਤੋਂ ਲਿਆ ਕੇ ਅਫ਼ਸਰਾਂ ਦੇ ਹੱਥ ਕਮਾਨ ਸੌਂਪਣੀ ਜੋ ਪੰਜਾਬ ਦੇ ਸੱਭਿਆਚਾਰ ਤੋਂ ਬਿਲਕੁਲ ਅਨਜਾਣ ਸਨ। ਪੰਜਾਬ ਨਾਲ ਲੱਗਦੇ 550 ਕਿਲੋਮੀਟਰ ਦੇ ਬਾਰਡਰ 'ਤੇ ਕੋਈ ਵੀ ਵੱਡਾ ਕਾਰਖਾਨਾ, ਕਾਰੋਬਾਰ ਤੇ ਰੁਜ਼ਗਾਰ ਦਾ ਸਾਧਨ ਨਹੀਂ ਹੈ। ਆਜ਼ਾਦੀ ਤੋਂ ਤੁਰੰਤ ਬਾਅਦ ਹੀ ਇੱਥੇ ਪਾਕਿਸਤਾਨ ਨਾਲ ਤਸਕਰੀ ਕਰਨ ਦਾ ਇਕ ਵੱਡਾ ਕਾਰੋਬਾਰ ਰਿਹਾ ਹੈ। ਡੰਗਰ, ਕੱਪੜਾ, ਅਫੀਮ, ਸੋਨਾ, ਚਾਂਦੀ, ਹਥਿਆਰ, ਹੈਰੋਇਨ ਜਿਸ ਰਾਹੀਂ ਵੀ ਪੈਸੇ ਕਮਾਏ ਜਾ ਸਕਦੇ ਹਨ, ਉਹ ਕੰਮ ਬਾਰਡਰ 'ਤੇ ਬੈਠੇ ਲੋਕ ਕਰਦੇ ਹਨ। ਸੰਨ 1988 ਤੋਂ ਬਾਅਦ ਇੱਥੇ ਕੰਡਿਆਲੀ ਤਾਰ ਲਗਾਈ ਗਈ ਪਰ ਸਮੱਗਲਿੰਗ ਬੰਦ ਨਹੀਂ ਹੋਈ। ਪਹਿਲਾਂ ਇਹ ਸਮੱਗਲਰ ਅੱਤਵਾਦੀਆਂ ਨੂੰ ਹਥਿਆਰ ਲਿਆ ਕੇ ਦਿੰਦੇ ਸਨ ਤੇ ਆਪਣੇ ਲਾਭ ਲਈ ਨਸ਼ੇ ਦੀ ਤਸਕਰੀ ਵੀ ਕਰਦੇ ਸਨ। ਅੱਤਵਾਦ ਕਮਜ਼ੋਰ ਹੋਣ ਨਾਲ ਇਹ ਵੱਡੇ ਸਮੱਗਲਰ ਪੁਲਿਸ ਦੇ ਮੁਖ਼ਬਰ ਬਣ ਗਏ ਤੇ ਹੌਲੀ-ਹੌਲੀ ਸਮਾਜ ਸੇਵੀ ਤੇ ਰਾਜਨੀਤਕ ਆਗੂਆਂ ਦੇ ਵੀ ਚਹੇਤੇ ਹੋ ਗਏ। ਸੰਨ 1992 ਤਕ ਲੱਗੇ ਰਾਸ਼ਟਰਪਤੀ ਰਾਜ ਤੇ ਕਮਜ਼ੋਰ ਸਰਕਾਰਾਂ ਕਾਰਨ ਲੈਂਡ, ਸੈਂਡ, ਡਰੱਗਜ਼ ਤੇ ਸ਼ਰਾਬ ਮਾਫ਼ੀਆ ਤੇ ਹਰ ਅਪਰਾਧ ਲਈ ਇਹ ਲੋਕ ਹੀ ਜ਼ਿੰਮੇਵਾਰ ਹਨ। ਇਹ ਗੱਠਜੋੜ ਪੁਲਿਸ ਤੇ ਰਾਜਨੀਤਕ ਆਗੂਆਂ ਨੂੰ ਵੀ ਲਪੇਟ 'ਚ ਲੈ ਕੇ ਬੈਠਾ ਹੈ ਤੇ ਇਸ ਦਾ ਸਬੂਤ ਪੰਜਾਬ, ਹਰਿਆਣਾ ਤੇ ਸੁਪਰੀਮ ਕੋਰਟ ਵਿਚ ਅਫ਼ਸਰਾਂ ਤੇ ਰਾਜਨੀਤਕ ਆਗੂਆਂ ਦੀਆਂ ਇਕ-ਦੂਜੇ ਵਿਰੁੱਧ ਚੱਲਦੀਆਂ ਪਟੀਸ਼ਨਾਂ ਹਨ।

ਜੇ ਪੜਚੋਲ ਕੀਤੀ ਜਾਵੇ ਤਾਂ ਪਿਛਲੇ 25-30 ਸਾਲਾਂ ਤੋਂ ਇਨ੍ਹਾਂ ਲੋਕਾਂ ਨੇ ਹੀ ਪੰਜਾਬ ਦੇ ਸਰਕਾਰੀ ਤੰਤਰ ਨੂੰ ਜਕੜਿਆ ਹੋਇਆ ਹੈ ਜਿਸ ਕਾਰਨ ਆਮ ਆਦਮੀ ਦਾ ਵਿਸ਼ਵਾਸ ਸਰਕਾਰੀ ਤੰਤਰ ਤੋਂ ਉੱਠਦਾ ਜਾ ਰਿਹਾ ਹੈ। ਵਧ ਰਹੀ ਕਤਲੋਗਾਰਤ, ਲੁੱਟ-ਖੁਸ਼ੱਟ ਤੋਂ ਨਿਜਾਤ ਪਾਉਣ ਲਈ ਪੰਜਾਬੀ ਤਾਂ ਬੁਲਡੋਜ਼ਰ ਰਾਜ ਦੀ ਮੰਗ ਕਰਦੇ ਨਜ਼ਰ ਆਉਂਦੇ ਹਨ। ਇਕ ਹੋਰ ਪੱਖ ਹੈ ਡੇਰਿਆਂ ਤੇ ਬਾਬਿਆਂ ਦੀ ਭਰਮਾਰ। ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਲੋਕ ਪੰਜਾਬ 'ਚ ਇਨਸਾਫ਼, ਖ਼ੁਸ਼ਹਾਲੀ ਤੇ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਕਦੇ ਖਾੜਕੂਆਂ ਵੱਲ ਦੇਖਦੇ ਰਹੇ, ਕਦੇ ਪੰਥਕ ਆਗੂਆਂ ਵੱਲ। ਫਿਰ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਖ਼ਾਤਮੇ ਲਈ ਕਾਂਗਰਸ ਦਾ ਖੂੰਡਾ ਤੇ ਹੱਥ ਵਿਚ ਗੁਟਕਾ ਸਾਹਿਬ ਉਨ੍ਹਾਂ ਨੂੰ ਚੰਗਾ ਲੱਗਾ।

ਹੁਣ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਰਗੀ ਪੱਗ ਬੰਨ੍ਹ ਕੇ ਲੋਕਾਂ ਨੂੰ ਭਰਮਾਉਣ ਦਾ ਕੰਮ ਹੋ ਰਿਹਾ ਹੈ। ਸੰਨ 1920-25 ਈਸਵੀ ਦੀ ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਸਿੱਖ ਆਗੂਆਂ 'ਤੇ ਸਿੱਖਾਂ 'ਤੇ ਹੀ ਗੋਲ਼ੀ ਚਲਾਉਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਦੋਸ਼ ਲੱਗੇ ਹੋਣ। ਇਸੇ ਤਰ੍ਹਾਂ ਹੀ ਗੁਰਦੁਆਰਾ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਤੇ ਵਿਭਚਾਰ ਦੇ ਦੋਸ਼ ਵੀ ਮਹੰਤਾਂ ਵਾਂਗ ਹੀ ਪ੍ਰਬੰਧਕਾਂ 'ਤੇ ਲੱਗ ਰਹੇ ਹਨ। ਇਸ ਕਾਰਨ ਉਹ ਸਿੱਖ ਧਰਮ ਨੂੰ ਮੰਨਣ ਵਾਲਿਆਂ ਦਾ ਵਿਸ਼ਵਾਸ ਗੁਆ ਚੁੱਕੇ ਹਨ। ਖਾੜਕੂਵਾਦ ਤੇ ਖ਼ਾਲਿਸਤਾਨ ਦੀ ਗੱਲ ਕਰਨ ਵਾਲੇ ਮੁੱਠੀ ਭਰ ਲੋਕ ਹਨ। ਪੰਜਾਬੀ ਅਮਨ ਤੇ ਖ਼ੁਸ਼ਹਾਲੀ ਵਾਲੀ ਜ਼ਿੰਦਗੀ ਜਿਊਣਾ ਚਾਹੁੰਦੇ ਹਨ। ਅਜਿਹੇ ਮਾਹੌਲ ਨੂੰ ਸਿਰਜਣ ਲਈ ਪੰਜਾਬ ਦਾ ਸਿਆਸੀ ਪਿੜ ਗ਼ੈਰ-ਹਾਜ਼ਰ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਲਈ ਅਨੇਕਾਂ ਕੰਮ ਕੀਤੇ ਹਨ। ਪੰਜਾਬ 'ਚ ਲੋਕ ਇਨਸਾਫ਼ ਅਤੇ ਤਰੱਕੀ ਚਾਹੁੰਦੇ ਹਨ ਅਤੇ ਵਿਕਾਸ ਦਾ ਮਾਰਗ ਹੀ ਪੰਜਾਬੀਆਂ ਨੂੰ ਯਕੀਨਨ ਆਪਣੇ ਵੱਲ ਖਿੱਚਣ ਦਾ ਕੰਮ ਕਰੇਗਾ।

-(ਚੇਅਰਮੈਨ, ਕੌਮੀ ਘੱਟ-ਗਿਣਤੀ ਕਮਿਸ਼ਨ, ਭਾਰਤ ਸਰਕਾਰ)

# ਜਾਨਲੇਵਾ ਹੋ ਸਕਦਾ ਹੈ- ਹਾਈਪਰਟੈਨਸ਼ਨ




*''ਲਗਾਤਾਰ ਸਟ੍ਰੈਸ ਰਹਿਣਾ, ਗੰਭੀਰ ਬਲੱਡ ਪ੍ਰੈਸ਼ਰ ਦੀ ਹਾਲਤ ਵਿਚ ਸਿਰ ਪੀੜ, ਥਕਾਵਟ, ਉਲਝਣ, ਛਾਤੀ ਵਿਚ ਦਰਦ, ਸਾਹ ਲੈਣ ਵਿਚ ਮੁਸ਼ਕਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਨੱਕ 'ਚੋਂ ਅਤੇ ਪਿਸ਼ਾਬ ਨਾਲ ਖੂਨ ਆਉਣਾ, ਅੱਖਾਂ 'ਤੇ ਜੋਰ ਪੈਣਾ, ਅੱਖਾਂ ਲਾਲ ਦਿਸਣਾ, ਨੀਂਦ ਮੁਸ਼ਕਲ ਵਗੈਰਾ ਲੱਛਣ ਦੇਖਣ ਨੂੰ ਮਿਲਦੇ ਹਨ। ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜਾਂ ਕਿਸੇ ਵੀ ਗੰਭੀਰ ਲੱਛਣ ਦੀ ਹਾਲਤ ਵਿਚ ਬਿਨਾ ਦੇਰੀ ਮੈਡੀਕਲ ਐਮਰਜੈਂਸੀ ਦੀ ਮਦਦ ਲਵੋ'' –*
*ਅਨਿਲ ਧੀਰ. ਕਾਲਮਨਿਸਟ.ਥੈਰਾਪਿਸਟ. ਸੋਸ਼ਲ ਐਕਟੀਵਿਸਟ*

"ਲੰਬੀ ਹੈਲਦੀ ਜ਼ਿੰਦਗੀ ਲਈ ਹਰ ਆਦਮੀ ਆਪਣੇ ਬਲੱਡ-ਪ੍ਰੈਸ਼ਰ ਨੂੰ ਸਮੇਂ-ਸਮੇਂ ਤੇ ਚੈੱਕ ਕਰਨ ਅਤੇ ਕੰਟ੍ਰੋਲ ਕਰਨਾ ਹੀ ਵਿਸ਼ਵ ਹਾਈਪਰਟੈਨਸ਼ਨ ਦਿਵਸ 2023 ਦਾ ਥੀਮ ਹੈ" ਵਿਸ਼ਵ ਭਰ ਵਿਚ ਹਾਈਪਰਟੈਨਸ਼ਨ ਦਿਵਸ 17 ਮਈ, 2023 ਵਾਲੇ ਦਿਨ ਮਨਾ ਕੇ ਲੋਕਾਂ ਨੂੰ ਜਾਗਰੁਕ ਕੀਤਾ ਗਿਆ। ਇਸ ਦਿਨ ਤੰਦਰੁਸਤ ਅਤੇ ਰੋਗੀਆਂ ਨੂੰ ਸਮੇਂ-ਸਮੇਂ 'ਤੇ ਆਪਣੇ ਬਲੱਡ-ਪ੍ਰੈਸ਼ਰ ਚੈਕ ਕਰਨ, ਹਾਲਤ ਮੁਤਾਬਿਕ ਕੰਟ੍ਰੋਲ ਕਰਕੇ ਹੈਲਦੀ ਲੰਬੀ ਜ਼ਿੰਦਗੀ ਜੀਉਣ ਲਈ ਜਾਗਰੁਕ ਕੀਤਾ ਜਾਂਦਾ ਹੈ। ਜਾਗਰੂਕ ਕਰਨ ਦਾ ਮਕਸਦ, ਹਾਰਟ ਅਟੈਕ, ਸਟ੍ਰੋਕ, ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ। ਵਿਸ਼ਵ ਸਿਹਤ ਸੰਸਥਾ ਅਤੇ ਅਮੈਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਵਿਸ਼ਵ ਭਰ ਵਿਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਨਸ਼ਨ ਹੈ। ਅੱਜ ਕਰੀਬਨ 1.14 ਬਿਲੀਅਨ, ਘੱਟ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨ੍ਹਾਂ ਵਿਚ ਹਰ ਤੀਜਾ ਆਦਮੀ 'ਤੇ ਹਰ ਦੂਜੀ ਔਰਤ ਹਾਈ ਬਲੱਡ ਪ੍ਰੈਸ਼ਰ ਦੇ ਘੇਰੇ ਵਿਚ ਹਨ। ਗੈਰ-ਮੁਸ਼ਕਿਲ ਬਿਮਾਰੀਆਂ ਲਈ ਅੰਤਰਰਾਸ਼ਟਰੀ ਪੱਧਰ 'ਤੇ 2026 ਤੱਕ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਤੇਜ਼ੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ-ਹਾਈ ਬਲੱਡ ਪ੍ਰੈਸ਼ਰ ਯਾਨਿ ਹਾਈਪਰਟੈਨਸ਼ਨ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਬਿਮਾਰੀ ਦਾ ਅੰਕੜਾ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ ਪ੍ਰੈਸ਼ਰ ਨਾਲ ਵੱਧ ਰਹੀਆਂ ਹਨ ਦਿਲ, ਦਿਮਾਗ 'ਤੇ ਗੁਰਦੇ ਦੀਆਂ ਬਿਮਾਰੀਆਂ। ਹਾਈ ਬਲੱਡ ਪ੍ਰੈਸ਼ਰ ਦੀ 50 ਤੋਂ ਵੱਧ ਉਮਰ ਦੇ ਮਰਦਾਂ ਅਤੇ 45 ਦੀ ਉਮਰ ਵਿਚ ਔਰਤਾਂ ਵਿਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਪ੍ਰਾਈਮਰੀ ਹਾਈ ਬਲੱਡ ਪ੍ਰੈਸ਼ਰ ਸਮੇ ਨਾਲ ਹੌਲੀ-ਹੌਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟ੍ਰੈਸ ਅਤੇ ਸਦਮੇ ਨਾਲ ਵੀ ਬਲੱਡ ਪ੍ਰੈਸ਼ਰ ਹਾਈ ਹੋ ਜਾਂਦਾ ਹੈ। ਹਾਈ ਬਲੱਡ ਪ੍ਰੈਸ਼ਰ ਖ਼ੂਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਉਰਿਜ਼ਮ ਬਣਾ ਦਿੰਦਾ ਹੈ। ਜੇ ਐਨਿਉਰਿਜ਼ਮ ਫਟ ਜਾਵੇ ਤਾਂ ਜਾਨਲੇਵਾ ਵੀ ਹੋ ਸਕਦਾ ਹੈ।

ਜਦੋਂ ਦਿਲ ਧਮਨੀਆਂ ਰਾਹੀਂ ਖ਼ੂਨ ਨੂੰ ਪੰਪ ਕਰਦਾ ਹੈ, ਤਾਂ ਖ਼ੂਨ ਧਮਨੀਆਂ ਦੀ ਵਾਲਜ਼ (ਕੰਧਾਂ) 'ਤੇ ਪੈਣ ਵਾਲੇ ਦਬਾਅ ਨੂੰ ਬਲੱਡ ਪ੍ਰੈਸ਼ਰ ਕਿਹਾ ਦਿੱਤਾ ਜਾਂਦਾ ਹੈ। ਬਲੱਡ ਪ੍ਰੈਸ਼ਰ ਤੁਹਾਡੇ ਨਾੜੀਆਂ ਦੀਆਂ ਵਾਲਜ਼ (ਕੰਧਾਂ) ਦੇ ਖਿਲਾਫ ਖ਼ੂਨ ਦਾ ਦਬਾਅ ਹੁੰਦਾ ਹੈ। ਨਾੜੀਆਂ ਇਨਸਾਨੀ ਦਿਲ ਤੋਂ ਖ਼ੂਨ ਸਰੀਰ ਦੇ ਬਾਕੀ ਹਿੱਸਿਆਂ ਵਿਚ ਲੈ ਜਾਂਦੀਆਂ ਹਨ। ਖ਼ੂਨ ਦੇ ਵੱਧ ਰਹੇ ਦਬਾਅ ਨੂੰ ਸਿਸਟੋਲਿਕ ਬਲੱਡ ਪ੍ਰੈਸ਼ਰ ਅਤੇ ਘੱਟ ਰਹੇ ਪ੍ਰੈਸ਼ਰ ਨੂੰ ਡਾਇਸਟੋਲਿਕ ਬਲੱਡ ਪ੍ਰੈਸ਼ਰ ਕਿਹਾ ਜਾਂਦਾ ਹੈ। ਤੰਦਰੁਸਤ ਵਿਅਕਤੀ ਦਾ ਉਪਰਲਾ (ਸਿਸਟੋਲਿਕ) ਬਲੱਡ ਪ੍ਰੈਸ਼ਰ 120 ਅਤੇ ਥੱਲੇ ਦਾ ਯਾਨਿ ਡਾਇਸਟੋਲਿਕ ਬਲੱਡ ਪੈਸ਼ਰ 80 ਦੱਸਿਆ ਜਾਂਦਾ ਹੈ। ਉਮਰ ਮੁਤਾਬਿਕ ਅਤੇ ਸਰੀਰਕ-ਮਾਨਸਿਕ ਗਤੀਵਿਧੀਆਂ ਦੇ ਅਧਾਰ ਤੇ ਇਹ ਨੰਬਰ ਬਦਲਦਾ ਰਹਿੰਦਾ ਹੈ। ਮਾਹਿਰਾਂ ਵੱਲੋਂ ਸਿਸਟੋਲਿਕ ਅਤੇ ਡਾਇਸੀਟੋਲਿਕ ਬਲੱਡ ਪ੍ਰੈਸ਼ਰ ਦੇ ਲੈਵਲ ਦੀ ਸਮੀਖਿਆ ਕਰਕੇ ਦਿਸ਼ਾ ਨਿਰਦੇਸ਼ਾਂ ਨਾਲ ਰੋਗੀ ਦੇ ਇਲਾਜ ਵਿਚ ਮਦਦ ਕੀਤੀ ਹਾ ਰਹੀ ਹੈ।

ਆਮ ਬਲੱਡ ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਰੋਗੀ ਰੋਜ਼ਾਨਾ 1 ਬਾਰ ਆਪਣੇ ਘਰ ਵਿਚ ਰੱਖੇ ਬੀ. ਪੀ ਅਪਰੇਟਸ ਨਾਲ ਬਲੱਡ ਪ੍ਰੈਸ਼ਰ ਜਰੂਰ ਚੈਕ ਕਰਨ। ਡੇਲੀ 8 ਘੰਟੇ ਦੀ ਨੀਂਦ ਸਰੀਰ ਅੰਦਰ ਬਲੱਡ ਸਰਕੂਲੇਸ਼ਨ ਠੀਕ ਕਰਕੇ ਸਟ੍ਰੋਕ, ਦਿਲ ਦੇ ਦੌਰਾ 'ਤੇ ਹਾਈ ਬਲੱਡ ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕਰਦੀ ਹੈ।

**ਖਿਆਲ ਰੱਖੋ ਆਪਣਾ :**

- ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ, ਪੋਸ਼ਟਿਕ ਖੁਰਾਕ, ਸਾਈਕਲਿੰਗ, ਸੈਰ, ਕਸਰਤ ਅਤੇ ਜੀਵਨਸ਼ੈਲੀ ਵਿਚ ਤਬਦੀਲੀ ਲਿਆਓ। ਆਪਣੇ ਸਰੀਰ ਦਾ ਵਜ਼ਨ ਨਾ ਵਧਨ ਨਾ ਦਿਓ। ਭੋਜਣ ਤੋਂ ਬਾਅਦ ਰੋਜ਼ਾਨਾ ਘੱਟੋ-ਘੱਟ ਅੱਧਾ ਘੰਟਾ ਸੈਰ ਜ਼ਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਖੇਡਾਂ, ਯੋਗਾ, ਸਾਈਕਲਿੰਗ, ਅਤੇ 'ਤੇ ਮਾਨਿਸਕ ਐਕਟੀਵਿਟੀ ਲਈ ਤਿਆਰ ਕਰੋ।
- ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ, ਮੋਟਾਪੇ ਦੇ ਸ਼ਿਕਾਰ, ਗੈਰਕਨੂੰਨੀ ਨਸ਼ੀਲੀ ਦਵਾਈਆਂ ਤੇ ਸ਼ਰਾਬ ਦੀ ਵਾਧੂ ਵਰਤੋਂ, ਲਗਾਤਾਰ ਜੰਕ ਫੂਡ ਲੈਣਾ, ਬਿਨਾ ਮਤਲਬ ਸਟ੍ਰੈਸ ਰਹਿਣਾ, ਅਚਾਨਕ ਜ਼ਿਆਦਾ ਗੁੱਸਾ ਅਤੇ ਹਰ ਆਦਮੀ ਤੋਂ ਸ਼ਿਕਾਇਤ ਰੱਖਣ ਦੀ ਆਦਤ ਨੂੰ ਛੱਡਣ ਦੀ ਲੋੜ ਹੈ।
- ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰਕਨੂੰਨੀ ਨਸ਼ੇ, ਵਾਈਨ, ਸਿਗਾਰ ਦੀ ਵਰਤੋਂ ਤੋਂ ਪ੍ਰਹੇਜ਼ ਕਰਨ। ਅਜਿਹਾ ਨਾ ਕਰਨ ਨਾਲ ਪੈਦਾ ਹੋਣ ਵਾਲਾ ਬੱਚਾ ਵਿਕਲਾਂਗ 'ਤੇ ਦਿਮਾਗੀ, ਦਿਲ ਦੇ ਰੋਗ ਲੈ ਕੈ ਆ ਸਕਦਾ ਹੈ।
- ਸਸਤਾ ਸਨੈਕ ਕੇਲੇ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ੀਅਮ 10% ਤੱਕ ਖ਼ੂਨ ਦੇ ਦਬਾਅ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੇ। ਤਾਜ਼ੇ ਦਹੀਂ ਵਿਚ ਕੇਲਾ ਮੈਸ਼ ਕਰਕੇ ਖੁੱਦ ਅਤੇ ਬਚਿਆਂ ਨੂੰ ਡੇਲੀ ਖਿਲਾਓ।
- ਵਿਟਾਮਿਨ, ਹਰਬਲ ਸਪਲੀਮੈਂਟਸ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ਾਮਿਲ ਕਰੋ।
- ਡੇਲੀ ਖ਼ੂਰਾਕ ਵਿਚ ਜ਼ਿਆਦਾ ਨਮਕ (ਸੋਡੀਅਮ) ਬਲੱਡ ਪ੍ਰੈਸ਼ਰ ਵਧਾ ਦਿੰਦਾ ਹੈ। ਪੋਟਾਸ਼ੀਅਮ ਸਰੀਰ ਅੰਦਰ ਸੈੱਲਾਂ ਵਿਚ ਸੋਡੀਅਮ ਦੀ ਮਾਤਰਾ ਸੰਤੁਲਿਤ ਕਰਨ ਵਿਚ ਮਦਦ ਕਰਦਾ ਹੈ। ਪੋਸ਼ਟਿਕ ਖੁਰਾਕ ਵਿਚ ਤਾਜ਼ੇ ਫਲ ਅਤੇ ਸਬਜ਼ੀਆਂ ਸਲਾਦ ਦੀ ਸ਼ਕਲ 'ਚ ਅਤੇ ਪੋਟਾਸ਼ੀਅਮ, ਫਾਈਬਰ, ਪ੍ਰੋਟੀਨ ਨੂੰ ਸ਼ਾਮਿਲ ਕਰੋ। ਤਾਜ਼ਾ ਚੁਕੰਦਰ ਅਤੇ ਚੁਕੰਦਰ ਦੇ ਜੂਸ ਅੰਦਰ ਮੌਜੂਦ ਨਾਈਟ੍ਰੇਟਸ ਖ਼ੂਨ ਦੀਆਂ ਨਾੜੀਆਂ ਰੀਲੈਕਸ ਕਰ ਕੇ ਵਧੇ ਹੋਏ ਬਲੱਡ ਪ੍ਰੈਸ਼ਰ ਨੂੰ ਘਟਾ ਦਿੰਦਾ ਹੈ।

ਨੋਟ : ਬਲੱਡ-ਪ੍ਰੈਸ਼ਰ ਦਾ ਵੱਧਣਾ ਘੱਟ ਹੋਣਾ ਜਾਨਲੇਵਾ ਹੋ ਸਕਦਾ ਹੈ। ਵੱਧ-ਘੱਟ ਦੀ ਹਾਲਤ 'ਚ ਬਿਨਾ ਦੇਰੀ ਡਾਕਟਰ ਦੀ ਹੈਲਪ ਲਵੋ।

# ਦਵਾਈ ਦਾ ਕੰਮ ਵੀ ਕਰਦਾ ਹੈ ਅੰਬ



ਅੰਬ ਨੂੰ ਫਲਾਂ ਦਾ ਰਾਜਾ ਮੰਨਿਆ ਜਾਂਦਾ ਹੈ। ਆਓ, ਅੰਬ ਦੇ ਔਸ਼ਧੀ ਗੁਣਾਂ ਦੇ ਰੂ-ਬਰੂ ਹੋ ਕੇ ਇਸ ਦਾ ਲਾਭ ਲਈਏ।

ਅੰਬ ਦੀਆਂ ਤਾਜ਼ਾ ਪੱਤੀਆਂ ਦਾ ਰਸ ਖੰਘ, ਹੈਜ਼ਾ, ਬਵਾਸੀਰ, ਦੰਦਾਂ ਦੇ ਰੋਗ, ਪੱਥਰੀ ਤੇ ਚਮੜੀ ਰੋਗ ਆਦਿ ਅਨੇਕਾਂ ਰੋਗਾਂ ਲਈ ਲਾਭਦਾਇਕ ਹੈ। ਅੰਬ ਦੇ ਪੱਤਿਆਂ ਨੂੰ ਛਾਵੇਂ ਸੁਕਾ ਕੇ ਪੀਹ ਲਓ, ਕੱਪੜਛਾਨ ਕਰਕੇ ਅੱਧਾ ਚਮਚ ਦਿਨ ਵਿਚ ਤਿੰਨ ਵਾਰ ਖਾਓ, ਪੱਥਰੀ ਤੋਂ ਅਰਾਮ ਮਿਲੇਗਾ।

ਗਲੇ ਨੂੰ ਸੁਰੀਲਾ ਬਣਾਉਣ ਲਈ ਅੰਬ ਦੇ ਪੱਤਿਆਂ ਦੀ ਚਾਹ ਬਣਾ ਕੇ ਪੀਓ, ਸਰਦੀਆਂ 'ਚ ਪੱਤਿਆਂ ਦਾ ਕਾਹੜਾ ਬਣਾ ਕੇ ਕੋਸਾ ਕਰਕੇ ਸ਼ਹਿਦ ਮਿਲਾ ਕੇ ਰਾਤ ਨੂੰ ਸੌਣ ਸਮੇਂ ਪੀਓ। ਇਸ ਕਾਹੜੇ ਦਾ ਕੁਰਲਾ ਕਰਨ ਨਾਲ ਦੰਦਾਂ ਦਾ ਦਰਦ ਅਤੇ ਹੋਰ ਦੰਦਾਂ ਦੇ ਰੋਗ ਠੀਕ ਹੁੰਦੇ ਹਨ।

ਅੰਬ ਦੇ ਫੁੱਲ ਭੁੱਖ ਵਧਾਉਣ ਅਤੇ ਪਾਚਣ ਪ੍ਰਣਾਲੀ ਨੂੰ ਠੀਕ ਕਰਨ ਵਿਚ ਬਹੁਤ ਲਾਭਕਾਰੀ ਹੁੰਦੇ ਹੈ। ਇਹ ਰੁਚੀਵਰਧਕ, ਠੰਢਾ, ਮਲ ਨੂੰ ਰੋਕਣ ਵਾਲੀ, ਸ਼ੂਗਰ, ਗਰਮੀ, ਕਬਜ਼ ਰੋਗਾਂ ਨੂੰ ਮਿਟਾਉਣ ਵਾਲੇ ਹੁੰਦੇ ਹਨ। ਹੱਥਾਂ-ਪੈਰਾਂ ਦੀ ਜਲਣ 'ਚ ਉਨ੍ਹਾਂ 'ਤੇ ਰਗੜਨ ਨਾਲ ਲਾਭ ਹੁੰਦਾ ਹੈ। ਅੰਬ ਦੇ ਤਣੇ ਦੀ ਛਿਲੜ ਅਤੇ ਜੜ੍ਹ ਨੂੰ ਮਿਲਾ ਕੇ ਕਾਹੜਾ ਬਣਾ ਕੇ ਪੀਂਦੇ ਰਹਿਣ ਨਾਲ ਸੁਜਾਕ (ਸਿਫਲਿਸ) ਅਤੇ ਘਮੋਰੀਆ 'ਚ ਲਾਭ ਮਿਲਦਾ ਹੈ। ਇਸ ਨਾਲ ਦਸਤ ਵੀ ਰੁਕਦੇ ਹਨ। ਫੋੜੇ 'ਤੇ ਅੰਬ ਦਾ ਗੂੰਦ ਲਗਾ ਕੇ ਪੱਟੀ ਬੰਨ੍ਹਣ ਨਾਲ ਫੋੜਾ ਪੱਕ ਕੇ ਫੁੱਟ ਜਾਂਦਾ ਹੈ।

ਕੱਚੇ ਅੰਬ ਦੇ ਛਿਲਕਿਆਂ ਨੂੰ ਛਾਂ ਵਿਚ ਸੁਕਾ ਕੇ ਚੂਰਨ ਬਣਾ ਲਓ। ਖ਼ੂਨ 'ਚ ਖ਼ਰਾਬੀ ਹੋਣ 'ਤੇ ਦੋ ਗ੍ਰਾਮ ਚੂਰਨ ਨੂੰ ਘਿਓ ਨਾਲ ਮਿਲਾ ਕੇ ਉਸ ਵਿਚ ਚੀਨੀ ਪਾ ਕੇ ਸਵੇਰੇ-ਸ਼ਾਮ ਇਕ ਗ੍ਰਾਮ ਦੀ ਮਾਤਰਾ 'ਚ ਲੈਂਦੇ ਰਹਿਣ ਨਾਲ ਕਾਫੀ ਲਾਭ ਮਿਲਦਾ ਹੈ। ਸਿਰ ਦਰਦ ਹੋਵੇ ਤਾਂ ਗੁਠਲੀ ਅਤੇ ਛੋਟੀ ਹਰੜ ਦੁੱਧ 'ਚ ਪੀਹ ਕੇ ਸਿਰ 'ਤੇ ਲੇਪ ਕਰਨ ਨਾਲ ਲਾਭ ਹੁੰਦਾ ਹੈ। ਜੋ ਬੱਚੇ ਮਿੱਟੀ ਖਾਂਦੇ ਹਨ, ਉਨ੍ਹਾਂ ਨੂੰ ਪੱਕੇ ਅੰਬ ਦੀ ਗੁਠਲੀ ਭੁੰਨ ਕੇ ਪਾਊਡਰ ਬਣਾ ਕੇ ਅਤੇ ਉਸ ਵਿਚ ਸੌਂਫ਼, ਇਲਾਇਚੀ, ਮਿਸ਼ਰੀ ਜਾਂ ਸ਼ੱਕਰ (ਖੰਡ) ਮਿਲਾ ਕੇ ਬੱਚੇ ਨੂੰ ਦੇਣੀ ਚਾਹੀਦੀ ਹੈ।

ਅੰਬ ਦਾ ਰਸ ਇਕ ਕੱਪ, ਦੋ ਚਮਚ ਸ਼ਹਿਦ ਮਿਲਾ ਕੇ ਹਰ ਰੋਜ਼ ਸਵੇਰੇ-ਸ਼ਾਮ ਪੀਂਦੇ ਰਹਿਣ ਨਾਲ ਟੀ.ਬੀ. ਰੋਗ ਹੋਵੇ ਤਾਂ ਠੀਕ ਹੋ ਜਾਂਦਾ ਹੈ। ਪਾਚਣ ਸ਼ਕਤੀ ਠੀਕ ਰੱਖਣ ਲਈ ਅੰਬ ਦਾ ਰਸ 50 ਗ੍ਰਾਮ, ਇਕ ਗ੍ਰਾਮ ਸੁੰਢ ਦਾ ਚੂਰਨ ਮਿਲਾ ਕੇ ਪੀਓ। ਅੰਬ ਦੇ ਰਸ ਵਿਚ ਦੁੱਧ, ਅਦਰਕ ਦਾ ਰਸ, ਇਕ ਚਮਚ ਅਤੇ ਥੋੜ੍ਹੀ ਸ਼ੱਕਰ ਮਿਲਾ ਕੇ ਹਰ ਰੋਜ਼ ਪੀਂਦੇ ਰਹਿਣ ਨਾਲ ਦਿਮਾਗੀ ਸ਼ਕਤੀ ਵਧਦੀ ਹੈ। ਪੁਰਾਣਾ ਸਿਰਦ ਦਰਦ, ਅੱਖਾਂ ਦੇ ਅੱਗੇ ਹਨੇਰਾ ਛਾ ਜਾਣਾ ਆਦਿ ਵੱਕਾਰ ਦੂਰ ਹੋ ਜਾਂਦੇ ਹਨ।

ਅੰਬ ਦਾ ਰਸ ਖ਼ੂਨ ਨੂੰ ਸਾਫ਼ ਕਰਦਾ ਹੈ ਅਤੇ ਇਹ ਦਿਲ ਅਤੇ ਜਿਗਰ ਨੂੰ ਤਾਕਤ ਦਿੰਦਾ ਹੈ। ਅੰਬ ਦੇ ਰਸ ਵਿਚ ਵਿਟਾਮਿਨ 'ਏ' ਭਰਪੂਰ ਮਾਤਰਾ 'ਚ ਹੁੰਦਾ ਹੈ। ਇਸ ਦਾ ਜੂਸ ਪੀਣ ਨਾਲ ਕਮਜ਼ੋਰੀ ਦੂਰ ਹੁੰਦੀ ਹੈ। ਸਿਰਫ਼ 100 ਗ੍ਰਾਮ ਅੰਬ ਦਾ ਰਸ ਪੀਣ ਨਾਲ ਸਰੀਰ 'ਚ ਵਿਟਾਮਿਨ 'ਏ' ਦੀ ਮਾਤਰਾ ਪੂਰੀ ਹੋ ਜਾਂਦੀ ਹੈ। ਇਸ ਨਾਲ ਪੇਟ ਸਾਫ਼ ਹੁੰਦਾ ਹੈ ਅਤੇ ਗੈਸ ਨਹੀਂ ਬਣਦੀ।

ਕੱਚੇ ਅੰਬ ਖਾਣ ਨਾਲ ਗੁਰਦੇ ਦੀ ਪੱਥਰੀ ਗਲ ਕੇ ਨਿਕਲ ਜਾਂਦੀ ਹੈ। ਇਸ ਨਾਲ ਤਿੱਲੀ ਰੋਗ 'ਚ ਆਰਾਮ ਮਿਲਦਾ ਹੈ। ਪੱਕਿਆ ਅੰਬ ਅੱਗ 'ਚ ਭੁੰਨ ਕੇ ਠੰਢਾ ਕਰਕੇ ਚੂਸਣ ਨਾਲ ਖੰਘ ਠੀਕ ਹੋ ਜਾਂਦੀ ਹੈ। ਅੰਬ ਦਾ ਰਸ ਕਬਜ਼ ਦੂਰ ਕਰਦਾ ਹੈ, ਬਲੱਡ ਪ੍ਰੈਸ਼ਰ ਨੂੰ ਠੀਕ ਰੱਖਦਾ ਹੈ। ਅੰਬ ਚੂਸਣ ਨਾਲ ਅੰਤੜੀਆਂ ਦੀ ਸ਼ਕਤੀ ਵਧਦੀ ਹੈ। ਅੰਬ ਦੇ ਰਸ 'ਚ ਰੋਗ ਰੋਕੂ ਸ਼ਕਤੀ ਹੁੰਦੀ ਹੈ। ਇਸ ਨਾਲ ਸਰੀਰ ਸੁੰਦਰ ਅਤੇ ਸੁਡੋਲ ਬਣਦਾ ਹੈ।

-ਪਰਮਾਨੰਦ ਪਰਮ

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਪਰਮਾਤਮਾ ਦਾ ਹੁਕਮ

ਪਰਮਾਤਮਾ ਦੇ ਹੁਕਮ ਵਿੱਚ ਰਹਿਣ ਦਾ ਆਨੰਦ ਹੀ ਆਨੰਦ,
ਭੌਰਾ ਵੀ ਗਿਲਾ ਨ੍ਹੀਂ ਹੁੰਦਾ, ਮੀਨ-ਮੇਖ ਵਾਲਾ ਰਹੇ ਆਪਣੀ ਜੇਲ੍ਹ ਵਿੱਚ ਹੀ ਬੰਦ।
ਸੱਚੇ ਮਨੋਂ ਕੀਤੀ ਅਰਦਾਸ ਵਿਅਰਥ ਨਾ ਜਾਵੇ,
ਸ਼ਰਤ ਇਹ ਹੈ ਕਿ ਕਿਸੇ ਦੇ ਵਿਰੁੱਧ ਨਾ ਕੀਤੀ ਜਾਵੇ।

ਜੋ ਸਖਸ਼ ਨਾਮ ਦੇ ਵਿਚ ਆਪਣੀ ਸੋਝੀ ਜੋੜ ਲੈਂਦਾ,
ਸਧਾਰਨ ਬੰਦਾ ਵੀ ਬੇਅੰਤ ਗੁਣਾਂ ਦੀ ਗੁਥਲੀ ਕਹਾਵੇ।
ਜੁੜ ਜਾਉ ਦੋਸਤੋ, ਖੁਸ਼ੀਆਂ ਖੇੜਿਆਂ ਦੇ ਲਈ,
ਚੰਗੇ ਪਾਸੇ ਦਾ ਪੱਲੜਾ ਰਹੇ ਭਾਰੀ, ਜਿੱਤ ਦਾ ਜਸ਼ਨ ਮਨਾਵੇ।

ਕਿਰਤੀ ਸੀ ਬਾਬਾ ਸਾਡਾ, ਪਾਲਦਾ ਸੀ ਟੱਬਰ ਕਰ ਕਰ ਕੱਠਾ ਦਾਣਾ,
ਸਾਰੇ ਸੀ ਕਦਰ ਕਰਦੇ, ਉਸ ਦੀ ਬਦੌਲਤ ਟੀਸੀ ਤੇ ਪਹੁੰਚਿਆ ਲਾਣਾ ।
ਸਿਖਰਲੇ ਬੁਢਾਪੇ ਵਿੱਚ ਵੀ, ਕਰਦਾ ਸੀ ਲੰਮੀ ਸੈਰ,
ਪਤਾ ਵੀ ਨ੍ਹੀਂ ਲੱਗਿਆ, ਕਦੋਂ ਤੁਰ ਗਿਆ ਲੱਭ ਕੇ ਆਪਣਾ ਅਗਲਾ ਟਿਕਾਣਾ।



ਖ਼ੂਬ ਘੁੰਮੋ-ਫਿਰੋ, ਖ਼ੂਬ ਵਧੀਆ ਗਿਆਨ ਦੀਆਂ ਕਿਤਾਬਾਂ ਪੜ੍ਹੋ,
ਪਾਬਲੋ ਨਰੂਦਾ ਕਹਿੰਦਾ, ਨਹੀਂ ਤਾਂ ਫਿਰ ਹੌਲੀ ਹੌਲੀ ਆਪਣੀ ਮੌਤ ਮਰੋ।
ਦੱਸੇ ਸਾਡਾ ਸਿਧਾ ਸਾਧਾ ਫਿਲਾਸਫਰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ,
ਧਾਗਿਆਂ ਤਵੀਤਾਂ ਰਾਹੀਂ ਰੱਬ ਕੋਲੋਂ ਮੰਗਦੇ, ਸੰਤਾਂ ਦੀ ਕ੍ਰਿਪਾ ਦੀ ਝੜੀ।

ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ

## ਗ਼ਜ਼ਲ

ਵਕਤ ਨੱਚਣ ਦਾ ਨਹੀਂ ਹੁਣ, ਵਕਤ ਨਾ ਹੀ ਲੜਨ ਦਾ
ਹੈ ਜ਼ਮਾਨਾ ਅਕਲ ਦਾ ਹੁਣ, ਅੱਖਰਾਂ ਨੂੰ ਪੜ੍ਹਨ ਦਾ

ਚੰਨ, ਮੰਗਲ ਕੀ ਕਰੇਂਗਾ, ਸਾਂਭ ਧਰਤੀ ਆਪਣੀ
ਰੁੱਖ, ਪਾਣੀ, ਪੌਣ ਮਿੱਟੀ, ਦੇ ਲਈ ਸਮਾਂ ਖੜ੍ਹਨ ਦਾ

ਜ਼ਿੰਦਗੀ ਨਾ ਸਾੜਿਆ ਕਰ, ਅੱਗ ਲਾ ਲਾ ਨਾੜ ਨੂੰ
ਪਾਪ ਬੋਟਾਂ, ਅੰਡਿਆਂ ਦਾ, ਨਾਮ ਤੇਰੇ ਮੜ੍ਹਨ ਦਾ

ਸੋਧ ਅਰਦਾਸਾ ਆਪਣੇ ਹੀ, ਅੰਦਰੋਂ ਤੂੰ ਮੈਂ ਦਾ
ਨਾ ਕਮੀਆਂ ਦੇਖ ਕੇ ਹੁਣ, ਵਕਤ ਅੰਦਰ ਵੜਨ ਦਾ

ਪੀ ਲਿਆ ਕਰ ਜ਼ਹਿਰ ਮਨ ਦੀ, ਜਾਵੇਂਗਾ ਬਣ ਆਦਮੀ
ਵਕਤ ਹੈ ਨਿਰਦੋਸ਼ ਖਾਤਿਰ, ਖੁਦ ਸਲੀਬੀਂ ਚੜ੍ਹਨ ਦਾ



ਮੈਂ ਰਿਹਾ ਨਾ ਕੱਲ ਜੇਕਰ, ਗੀਤ ਜਿੰਦਾ ਰਹਿਣਗੇ
ਅਮਰ ਲੋਕੀਂ ਲੈਣਗੇ ਕਰ, ਰੱਖ ਜ਼ੇਰਾ ਅੜਨ ਦਾ

ਪਾੜ ਵੱਖੀ ਹੱਸਦਾ ਉੱਝ, ਕੀ ਕਮੀਨਾ ਦੌਰ ਹੈ
ਸ਼ੌਕ 'ਬਾਲੀ' ਮਹਿਫ਼ਲਾਂ ਵਿਚ, ਸਿਫ਼ਤ ਕੱਕੇ ਜੜਨ ਦਾ

ਬਾਲੀ ਰੇਤਗੜ੍ਹ
+919465129168

## ਕਿੱਧਰ ਨੂੰ ?

ਭੇਡਾਂ ਦੇ ਇੱਜੜਾਂ ਵਾਂਗ, ਬੰਨ ਬੰਨ ਕਾਫਲੇ,
ਪਰਬਤਾਂ ਨੂੰ ਰੋਂਦਿਆਂ ਛੱਡ, ਦਰਿਆਵਾਂ ਨਾਲ ਨਾਰਾਜ਼ ਹੋ ਕੇ,
ਮਿੱਟੀ ਨੂੰ ਪਿੱਠ ਵਿਖਾਕੇ, ਲਿਸ਼ਕਦੀਆਂ ਕਣਕਾਂ ਤੋਂ ਮੂੰਹ ਫੇਰਕੇ,
ਲਵੇਰਿਆਂ ਤੋਂ ਅੱਖਾਂ ਚੁਰਾਕੇ, ਯੂ ਪੀ ਬਿਹਾਰ ਨੂੰ ਚਾਬੀਆਂ ਫੜਾਕੇ,
ਜਿੰਦਰਿਆਂ ਨੂੰ ਦਰਾਂ ਮੂਹਰੇ ਲਟਕਾਕੇ, ਤੁਸੀਂ ਕਿੱਧਰ ਨੂੰ ਚੱਲੇ ?
ਵੇ ਤੁਸੀਂ ਕਿੱਧਰ ਨੂੰ ਚੱਲੇ ?

ਨਨਕਾਣੇ ਨੂੰ ਵਿਸਾਰਕੇ, ਪਟਨੇ ਨੂੰ ਤਿਆਗਕੇ,
ਸਰਹੰਦ ਨੂੰ ਭੁਲਾਕੇ, ਅੰਮ੍ਰਿਤ ਭਿੱਜੀ ਬਾਣੀ ਨੂੰ,
ਮਰਦਾਨੇ ਦੀ ਰਬਾਬ ਨੂੰ, ਫਰੀਦ ਦੇ ਸ਼ਾਹੀ ਸ਼ਬਦਾਂ ਨੂੰ,
ਗੌਤਮ ਦੀ ਸੋਚ ਨੂੰ, ਹੀਰ ਦੀਆਂ ਸੰਦਲੀ ਸਤਰਾਂ ਨੂੰ,
ਥਲਾਂ ਚ ਤੜਫਦੇ ਇਸ਼ਕ ਨੂੰ, ਨਾਥ ਦੇ ਟਿੱਲੇ ਨੂੰ,
ਹੜੱਪਾ ਦੀਆਂ ਗਲੀਆਂ ਨੂੰ, ਤੋਪਾਂ, ਫਾਂਸੀਆਂ, ਜੇਲ੍ਹਾਂ ਦੀਆਂ,
ਸਾਰੰਗੀ ਦੇ ਸੁਰਾਂ ਵਿੱਚ, ਹੇਕਾਂ ਲਾਉਂਦੀਆਂ ਵਾਰਾਂ ਨੂੰ,
ਤੁਸੀਂ ਬਿਨਾ ਗਾਂਇਆਂ ਹੀ ਕਿੱਧਰ ਨੂੰ ਚੱਲੇ ? ਵੇ ਤੁਸੀਂ ਕਿੱਧਰ ਨੂੰ ਚੱਲੇ ?

ਧੁੱਪਾਂ ਦੇ ਗਹਿਣੇ ਗੱਟੇ, ਚੰਨ ਦੀਆਂ ਕਿਨਾਰੀਆਂ ਗੋਟੇ,
ਗਿਰਵੀ ਰੱਖ, ਸੰਦੂਕਾਂ ਨੂੰ ਅਟੈਚੀ ਕੇਸਾਂ ਚ ਭਰਕੇ,
ਭਾਸ਼ਾ ਦਾ ਭਾਰ ਮੋਢਿਆਂ ਉੱਤੇ ਲੱਦਕੇ,
ਰੁਖਾਂ ਦੀ ਬਰਾਦਰੀ ਤੋਂ ਨਾਤਾ ਤੋੜਕੇ, ਭਰੇ ਭਰਾਏ ਵਿਹੜਿਆਂ ਨੂੰ,
ਕੱਲਿਆਂ ਕਿਸ ਆਸਰੇ ਛੱਡ, ਤੁਸੀਂ ਕਿੱਧਰ ਨੂੰ ਚੱਲੇ ? ਵੇ ਤੁਸੀਂ ਕਿੱਧਰ ਨੂੰ ਚੱਲੇ ?

ਵੇ ਬੇਸਬਰਿਉ ! ਤੁਸੀਂ ਪੱਖੀਆਂ ਖੇਸਾਂ ਦੀ ਵਿਰਾਸਤ, ਸਭਿਅਤਾ ਦੇ ਰੰਗ 'ਚ ਰੰਗੇ ਮੇਲੇ,
ਸਾਉਣ ਦੀਆਂ ਝੜੀਆਂ 'ਚ ਪੂੜਿਆਂ ਦੀ ਮਹਿਕ,
ਪੀਂਘ ਦੀ ਫੱਟੀ ਨੂੰ ਹਵਾ ਵਿੱਚ ਲਮਕਦੀ ਛੱਡ,
ਸਰਾਣੇ ਉੱਤੇ ਉੱਕਰੇ ਮੋਰ ਦੀ ਕੂਕ ਨੂੰ ਅਣਸੁਣਿਆਂ ਕਰ,
ਸੁੰਢ ਰਲਾਕੇ, ਪੰਜੀਰੀ ਖਾਣ ਦੀ ਰੁੱਤ ਛੱਡਕੇ, ਤੁਸੀਂ ਕਿੱਧਰ ਨੂੰ ਚੱਲੇ ?

ਅੱਛਾ ! ਜੇ ਚੱਲੇ ਈ ਹੋ, ਤਾਂ ਭੁੱਲ ਨਾ ਜਾਇਉ,
ਪੰਜ ਕੱਕਿਆਂ ਦਾ ਇਤਿਹਾਸ, ਕੋਰੀ ਚਾਟੀ 'ਚੋਂ ਚੁਰਾਏ ਮੱਖਣ ਦਾ ਸਵਾਦ,
ਚੁੱਲ੍ਹੇ ਚੋਂ ਨਿਕਲਦੇ ਧੂੰਏਂ ਦੇ ਛੱਲੇ, ਬੁਘਦੂ ਦੀ ਊ ਊ,
ਭੁੱਲ ਨਾ ਜਾਇਉ ! ਮਾਂ ਦੀਆਂ ਐਨਕਾਂ ਦੀ ਉਡੀਕ,
ਬਾਪੂ ਦੇ ਕਰਜ਼ੇ ਦੀ ਰਕਮ ਦਾ ਹਿਸਾਬ,
ਜੇ ਛੱਡਕੇ ਈ ਜਾਣਾ ਹੈ ਪੰਜਾਬ, ਤਾਂ ਆਪਣੀ ਕੌਮ ਦੇ ਫਰਜ਼ੰਦੋ !,



ਭੁੱਲ ਨਾ ਜਾਇਉ, ਆਲ੍ਹਣੇ ਚ ਵਾਪਸ ਆਉਣ ਦੀ ਰੀਤ,
ਵਾਅਦਾ ਕਰੋ ! ਲਾਂਬੂ ਲਾਉਣ ਤਾਂ ਆਵੋਂਗੇ ?
ਜੇ ਨਾ ਆਏ ਤਾਂ ਇੱਕ ਦਿਨ ਬਹੁਤ ਪਛਤਾਵੋਂਗੇ,
ਇੱਕ ਦਿਨ ਬਹੁਤ ਪਛਤਾਵੋਂਗੇ।

ਰਜਿੰਦਰ ਕੌਰ ਪੰਨੂੰ (ਭੈਣੀ ਸਾਹਿਬ)
9501392150

## ਜਰਖੇਜ਼ ਹਿੱਕ ਅੱਗ ਲਾਕੇ ਜਾਨੈ ਸਾੜੀ

ਕੁਦਰਤ ਨਾਲ ਖਿਲਵਾੜ ਪਿਆ ਕਰਦੇ ਗਈ ਤੇਰੀ ਮੱਤ ਮਾਰੀ
ਧਰਤੀ ਦੀ ਜਰਖ਼ੇਜ਼ ਹਿੱਕ ਕਿਉਂ ਅੱਗ ਲਾਕੇ ਜਾਨੈ ਸਾੜੀ

ਮਿੱਠੇ ਗੀਤ ਸੁਣਾਉਣੇ ਪੰਛੀ ਨੇ ਕਿਵੇਂ ਤੜਪਦੇ ਮਰਦੇ
ਠੰਢੀ ਛਾਂ ਤੇ ਫਲਾਂ ਦੇ ਬੂਟੇ ਮਉਂਡ ਹੁੰਦੇ ਸੜ ਸੜਕੇ
ਕਾਦਰ ਦੀ ਕੁਦਰਤ ਨੂੰ ਲੱਗ ਗਿਆ ਤੂੰ ਘੁਣ ਵਾਂਗ ਬਿਮਾਰੀ
ਧਰਤੀ ਦੀ ਜ਼ਰਖੇਜ਼ ਹਿੱਕ ਕਿਉਂ ਅੱਗ ਲਾਕੇ ਜਾਨੈ ਸਾੜੀ

ਆਪਣੀ ਸੜਦੀ ਦੇਖ ਫਸਲ ਕਿਵੇਂ ਨਿਕਲਣ ਤੇਰੀਆਂ ਧਾਹਾਂ
ਐਵੇਂ ਦੁੱਖ ਕੁਦਰਤ ਨੂੰ ਹੁੰਦਾ ਮਾਰਕੇ ਦੇਖ ਨਿਗਾਹਾਂ
ਦਰਦ ਚ ਸੜਦੇ ਬੋਟਾਂ ਨੂੰ ਛੱਡ ਪੰਛੀ ਮਾਰਨ ਕਿਵੇਂ ਉਡਾਰੀ
ਧਰਤੀ ਦੀ ਜਰਖੇਜ਼ ਹਿੱਕ ਕਿਉਂ ਅੱਗ ਲਾਕੇ ਜਾਨੈਂ ਸਾੜੀ

ਭੂਆ, ਮਾਸੀ, ਭੈਣ ਦੇ ਰਿਸ਼ਤੇ ਕੁੱਖ ਵਿਚ ਕਤਲ ਤੂੰ ਕਰਤੇ
ਧਰਤੀ ਦੀ ਕੁੱਖ ਚੋਂ ਵੀ ਪਾਣੀ ਤੂੰ ਖਾਲੀ ਕਰਕੇ ਧਰਤੇ
ਆਪਣੀ ਜ਼ਿੰਦਗੀ ਨਾਲ ਤੂੰ ਬੰਦਿਆਂ ਆਪ ਕਰ ਰਿਹੈ ਮਾੜੀ
ਧਰਤੀ ਦੀ ਜ਼ਰਖੇਜ਼ ਹਿੱਕ ਕਿਉਂ ਅੱਗ ਲਾਕੇ ਜਾਨੈ ਸਾੜੀ

ਸੜਕ ਤੋਂ ਭਟਕੇ ਵਾਹਨ ਧੂੰਏਂ ਨਾਲ ਖੇਤਾਂ ਵਿੱਚ ਜਾ ਵੜਦੇ
ਤਰਸ ਨਾ ਤੈਨੂੰ ਅੱਖਾਂ ਸਾਹਵਮਣੇ ਦੇਖੇਂ ਬੱਚੇ ਸੜਦੇ
ਵਾਤਾਵਰਣ ਚੋਂ ਸਾਹ ਲੈ ਲੈ ਤੂੰ ਬੈਠਾ ਬਣ ਹੰਕਾਰੀ
ਧਰਤੀ ਦੀ ਜ਼ਰਖੇਜ਼ ਹਿੱਕ ਕਿਉਂ ਅੱਗ ਲਾਕੇ ਜਾਂਨੈ ਸਾੜੀ

'ਪਵਣਿ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਨੂੰ ਪੜ੍ਹ
'ਬਲਿਹਾਰੀ ਕੁਦਰਤਿ ਵਸਿਆ' ਉੱਤੇ ਕੁਝ ਨਾ ਕੁਝ ਤੇ ਅਮਲ ਕਰ
ਗੁਰੂ ਨਾਨਕ ਦੀ ਮਿੱਠੀ ਬਾਣੀ ਵੀ ਤੂੰ ਮਨੋਂ ਵਿਸਾਰੀ
ਧਰਤੀ ਦੀ ਜਰਖੇਜ਼ ਹਿੱਕ ਕਿਉਂ ਅੱਗ ਲਾ ਕੇ ਜਾਨੈਂ ਸਾੜੀ



ਦੁਨੀਆਂ ਭਰ ਦੇ ਸਾਹਿਤਕਾਰੋ, ਵਿਦਵਾਨੋਂ, ਕਾਨੂੰਨ ਦੇ ਘਾੜੇ
ਏ ਸੀ ਕਮਰਿਆਂ ਵਿੱਚ ਨਾ ਬਹਿ ਕੇ ਵੱਡੀਆਂ ਟਾਹਰਾਂ ਮਾਰੋ
ਦਰਸ਼ਕ ਨਾ ਬਣ ਮੂਕ ਮੱਟੂਆ ਕਰ ਸਮਝਾਉਣ ਦੀ ਤਿਆਰੀ
ਧਰਤੀ ਦੀ ਜ਼ਰਖੇਜ਼ ਹਿੱਕ ਜੋ ਅੱਗ ਲਾਕੇ ਜਾਂਦੇ ਸਾੜੀ

ਇੰਜੀ. ਸਤਨਾਮ ਸਿੰਘ ਮੱਟੂ
9779708257

## ਰੁੱਖ ਕੁੱਖ ਤੇ ਪੰਛੀ ਸਾਂਭੀਏ

ਰੁੱਖ ਕੁੱਖ ਪੰਛੀ ਸਾਂਭੀਏ, ਸਮੇਂ ਦੀ ਹੈ ਇਹ ਮੰਗ।
ਇਨ੍ਹਾਂ ਬਾਝੋਂ ਦੋਸਤੋ ਸੱਭ ਨੇ, ਹੋ ਜਾਣਾ ਹੈ ਤੰਗ।।
ਪਾਣੀ ਢੋਈਏ ਆਰ ਓ ਤੋਂ, ਫਿਰ ਵੀ ਕਰਦੇ ਨਹੀਂ ਵਿਚਾਰ।
ਸੈਂਕੜੇ ਲੀਟਰ ਡੋਲ੍ਹ ਕੇ, ਧੋਣੀ ਜ਼ਰੂਰੀ ਕਾਰ।।
ਛਿੜਕਾ ਬਹਾਨੇ ਗਲੀ ਵਿੱਚ,ਨਿੱਤ ਡੋਲ੍ਹੀਏ ਪਾਣੀ।
ਕੁੱਝ ਸਮਾਂ ਹੀ ਹੈ ਬਚਿਆ, ਹੋ ਜਾਊ ਖਤਮ ਕਹਾਣੀ।।
ਬੇਵਜ ?ਹਾ ਰੁੱਖਾਂ ਨੂੰ ਵੱਢੀਏ, ਜਾਂ ਵਿੱਚ ਜ਼ਮੀਨੀਂ ਦੇਈਏ ਸਾੜ।
ਛਾਂ ਨੂੰ ਕਿਥੋਂ ਲੱਭੋਂਗੇ, ਅੱਗੇ ਆ ਰਹੇ ਜੇਠ ਤੇ ਹਾੜ।।
ਵਿੱਚ ਜ਼ਮੀਨਾਂ ਨਾੜ ਨੂੰ ਸਾੜੀਏ,ਅਕਲ ਦਿਵਾਲਾ ਕੱਢ।
ਨਾਲ ਧੂਏਂ ਦੇ ਬੰਦੇ ਮਰ ਗਏ, ਆਏ ਸਾਹਮਣੇ ਤੱਥ।।
ਬੇਜ਼ੁਬਾਨਿਆਂ ਲਈ ਨਾ ਸੋਚਿਆ, ਕਿ ਓਹ ਬਹਿਣਗੇ ਕਿਥੇ ਆ ?
ਓਹਨਾਂ ਲਈ ਵੀ ਸੋਚੀਏ, ਸਭ ਰਲਮਿਲ ਭੈਣ ਭਰਾ।।
ਡੋਲੇ ਕਿਥੋਂ ਲਿਆਓਂਗੇ, ਕੁੜੀਆਂ ਕੁੱਖ ਚ ਮਾਰ।
ਲੜਕੇ ਸੱਭ ਨੇ ਭਾਲਦੇ ਕੁੱਝ ਤਾਂ ਕਰੋ ਵਿਚਾਰ।।
ਭਰੂਣ ਨੂੰ ਕੁੱਖ ਚ ਮਾਰਨ ਦਾ ਚੱਲ ਪਿਆ ਰਿਵਾਜ।
ਸਦੀਆਂ ਗਈਆਂ ਬੀਤ ਨੇ ਪਰ ਸਮਝਿਆ ਨਹੀਂ ਸਮਾਜ।।
ਰੁੱਖ ਕੁੱਖ ਤੇ ਪਾਣੀ ਸਾਂਭੀਏ, ਹੈ ਜੋ ਬਣਦੀ ਜਿੰਮੇਵਾਰੀ।
ਪੰਛੀਆਂ ਦੇ ਵਸੇਬੇ ਲਈ ਕਿਉਂ, ਧਾਰ ਲਈ ਲਾਚਾਰੀ।।
ਉਪਰੋਕਤ ਗੱਲਾਂ ਵੱਲ ਸਾਥੀਓ, ਦੇਣਾ ਪਊ ਧਿਆਨ।
ਦੱਦਾਹੂਰੀਆ ਧਰਮ ਗ੍ਰੰਥ ਵੀ, ਕਰਨ ਇਹੀ ਫ਼ੁਰਮਾਨ।।

ਜਸਵੀਰ ਸ਼ਰਮਾ ਦੱਦਾਹੂਰ
95691-49556

## ਨਾਟਕ ਕਰਨਾਟਕਾ ਵਿੱਚ

ਗਾਈ 'ਰਾਗਣੀ' ਵੰਡੀਆਂ ਪਾਉਣ ਵਾਲੀ
ਸੱਤਾ ਵਾਸਤੇ 'ਸੁਪਨਾ' ਜੋ ਪਾਲਿਆ ਸੀ।
ਬੇਰੁਜ਼ਗਾਰੀ ਮਹਿੰਗਾਈ ਵਿਕਾਸ ਦੇ ਜੋ
ਅਸਲ ਮੁੱਦਿਆਂ ਤਾਈਂ ਵੀ ਟਾਲਿਆ ਸੀ।
'ਉੱਤਰ' ਵਾਂਗ ਹੀ 'ਦੱਖਣ' ਦੇ ਵਿੱਚ ਜਾ ਕੇ
ਡਬਲ ਇੰਜਣ ਦਾ ਸ਼ੀਸ਼ਾ ਦਿਖਾਲ ? ?ਆ ਸੀ।
ਮਘਣ ਦਿੱਤੀ 'ਚਿੰਗਾੜੀ' ਨਹੀਂ ਵੋਟਰਾਂ ਨੇ
ਭੈੜੀ ਨਫਰਤ ਦੀ ਅੱਗ ਨੂੰ ਬਾਲਿਆ ਸੀ।
ਵੋਟਾਂ ਲੈਣ ਲਈ 'ਜੈ ਬਜਰੰਗ' ਕਹਿੰਦੇ
ਚੰਗੇ ਸਮਝੇ ਨਾ 'ਰਾਮ ਦੀ ਵਾਟਕਾ' ਨੇ



ਪਾਟੋ-ਧਾੜ ਦੇ 'ਨਾਟਕ' ਨਹੀਂ ਦੇਖਣੇ ਜੀ
ਦੇ'ਤਾ 'ਕਰਾਰਾ' ਜਵਾਬ ਕਰਨਾਟਕਾ ਨੇ !

-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

## ਸ਼ਾਤੀ ਦੇ ਪੁੰਜ

ਤੱਤੀ ਤੱਤੀ ਰੇਤਾ ਤੇ ਤੱਤੀ ਪਈ ਲੂੰ ਚਲੇ
ਪਾਪੀ ਸੀਸ ਉਤੇ ਰਹੇ ਨੇਂ ਪਾ
ਤਪਦੀ ਤਵੀ ਦੇ ਉਤੇ ਬੈਠੇ ਮੇਰੇ ਪਾਤਿਸ਼ਾਹ
ਮੁਖੋਂ ਤੇਰਾ ਭਾਣਾ ਮੀਠਾ ਲਾਗੇ ਰਹੇ ਫੁਰਮਾਅ

ਸ਼ਾਂਤੀ ਦੇ ਪੁੰਜ ਤਪਦਿਆਂ ਹਿਰਦਿਆਂ ਨੂੰ ਠੰਡ ਦੇਣ
ਦਸ ਚੰਦੂਆ ਕਿਉਂ ਕਹਿਰ ਕਮਾਇਆ
ਨਰਕਾਂ ਦੀਆ ਧਾਰੀਆ ਕਿਤੇ ਨਾਂ ਤੈਨੂੰ ਢੋਈ ਮਿਲੇ
ਕਿਉ ਗੁਰਾਂ ਉਤੇ ਕਹਿਰ ਇਹ ਢਾਇਆ
ਭੁੱਬਾ ਮਾਰ ਰਾਵੀ ਰੋਈ ਲਾਅਨਤ ਪਈ ਪਾਵੇ ਤੈਨੂੰ
ਗੁਰੂ ਦਿਤੇ ਕਿਉਂ ਤਵੀ ਤੇ ਬਿਠਾ
ਤਪਦੀ ਤਵੀ ਦੇ ਉਤੇ ਬੈਠੇ ਮੇਰੇ ਪਾਤਸ਼ਾਹ
ਤੇਰਾ ਭਾਣਾ ਮੀਠਾ ਲਾਗੇ ਮੁੱਖੋ ਰਹੇ ਫਰਮਾਅ

ਸੁੱਖਾ ਦੀ ਮਨੀ ਸਾਨੂੰ ਸੋਹਣਾ ਸੁੱਖ ਦੇਵੇ
ਗੁਰੂ ਆਪਣੇ ਮੁੱਖ ਤੋਂ ਉਚਾਰੀ ਏ
ਪੜੇ ਸੁਣੇ ਦੁੱਖ ਕੱਟੇ ਜਾਣ ਸਾਰੇ ਜਿੰਦਗੀ ਦੇ
ਜਦੋਂ ਪੜੀਏ ਗੁਰਬਾਣੀ ਪਿਆਰੀ ਏ
ਦੋਵੇਂ ਵੇ ਜਹਾਨੀ ਢੋਈ ਮਿਲੇ ਨਾਂ ਵੇ ਤੈਨੂੰ
ਸਾਡੀਆਂ ਲਾਅਨਤਾ ਝੋਲੀ ਚ ਪਵਾਅ
ਤਪਦੀ ਤਵੀ ਦੇ ਉਤੇ ਬੈਠੇ ਮੇਰੇ ਪਾਤਸ਼ਾਹ
ਤੇਰਾ ਭਾਣਾ ਮੀਠਾ ਲਾਗੇ ਮੁੱਖੋ ਰਹੇ ਫੁਰਮਾਅ

ਜਹਾਂਗੀਰਾ ਗੰਦੀ ਸੋਚ ਵਾਲਿਆ ਵੇ ਹਾਕਮਾਂ
ਤੇਰੀਆਂ ਗੰਦੀਆਂ ਆਸਾ ਨਾਂ ਹੋਣੀਆ ਪੂਰੀਆ
ਗੁਰੂ ਘਰ ਨਾਲ ਮੱਥਾ ਲਾਉਣ ਵਾਲਿਆ ਵੇ ਜ਼ਾਲਮਾਂ
ਤੇਰੀਆਂ ਸਭੇ ਆਸਾਂ ਰਹਿਣੀਆਂ ਅਧੂਰੀਆਂ
ਮਹਿਲ ਮੁਨਾਰੇ ਰਾਜ ਭਾਗ ਸੱਭ ਤੇਰਾ
ਹੋ ਜਾਣਾ ਏ ਤਬਾਹ
ਤਪਦੀ ਤਵੀ ਦੇ ਉਤੇ ਬੈਠੇ ਮੇਰੇ ਪਾਤਿਸ਼ਾਹ
ਮੁੱਖੋ ਤੇਰਾ ਭਾਣਾ ਮੀਠਾ ਲਾਗੇ ਰਹੇ ਫੁਰਮਾਅ

ਗੁਰਚਰਨ ਸਿੰਘ ਧੰਜੂ

## ਬੰਦਾ

ਗੱਲ ਗੱਲ ਉੱਤੇ ਜੋ ਗਰੀਬਾਂ ਨੂੰ ਹੈ ਘੂਰਦਾ।
ਠਾਣਿਆਂ 'ਚ ਝੂਠਿਆਂ ਦਾ ਹੋਵੇ ਪੱਖ ਪੂਰਦਾ।
ਨਿੱਕੀ ਜਿਹੀ ਗੱਲ ਪਿੱਛੇ ਨੇਮ ਉੱਤੇ ਅੜ ਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਉਦੋਂ ਬੰਦਾ ਮਰਜੇ।

ਆਪਣੀ ਜ਼ਨਾਨੀ ਦੇ ਜੋ ਬਾਹਰ ਭੇਤ ਖੋਲਦਾ।
ਅੱਧਾ ਸੱਚ ਦੱਸੇ ਨਾਲ ਅੱਧਾ ਝੂਠ ਬੋਲਦਾ।
ਪੀਕੇ ਘੁੱਟ ਦਾਰੂ ਕਿਸੇ ਹੋਰ ਘਰੇ ਵੜ ਜੇ
ਰੱਬ ਦੀ ਸੌਂਹ ਬੰਦੇ ਵਿੱਚੋਂ, ਉਦੋਂ ਬੰਦਾ ਮਰਜੇ।

ਕਿਸੇ ਦੀ ਲੜਾਈ ਦੇਖ, ਕੋਲੋਂ ਲੰਘ ਜਾਂਵਦਾ।
ਮਾਤਮ ਕਿਸੇ ਦੇ ਵਿੱਚ ਖੁਸ਼ੀਆਂ ਮਨਾਂਵਦਾ।
ਵੇਖਕੇ ਜ਼ੁਲਮ ਜਿਹੜਾ, ਅੱਖ ਨੀਵੀਂ ਕਰਜ਼ੇ।
ਰੱਬ ਦੀ ਸੌਂਹ ਬੰਦੇ ਵਿਚੋਂ ਓਦੋਂ ਬੰਦਾ ਮਰਜੇ।

ਬੁਢੇ ਮਾਪਿਆਂ ਦੀ ਜਿਹੜਾ ਬਾਤ ਨਹੀਓਂ ਪੁੱਛਦਾ।
ਟਲਦਾ ਜੋ ਕੰਮ ਤੋਂ, ਸਵੇਰੇ ਲੇਟ ਉੱਠਦਾ।
ਬਿਨਾਂ ਲੜੇ ਪਹਿਲਾਂ ਹੀ ਹਾਲਾਤਾਂ ਕੋਲੋਂ ਡਰਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਓਦੋਂ ਬੰਦਾ ਮਰਜੇ।



ਵੇਚ ਜੇ ਈਮਾਨ ਜਿਹੜਾ, ਪੈਸੇ ਪਿੱਛੇ ਲੱਗ ਕੇ।
ਭੋਲੇ ਬੰਦਿਆਂ ਨੂੰ 'ਖਾਨਾਂ', ਭੱਜ ਜਾਵੇ ਠੱਗ ਕੇ।
ਸੱਚ ਤੋਂ ਕਲਮ 'ਕਾਮੀ ਵਾਲੇ' ਦੀ ਜੇ ਖੜਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਉਦੋਂ ਬੰਦਾ ਮਰਜੇ।

ਸੁਕਰ ਦੀਨ
9592384393

## ਗ਼ਜ਼ਲ

ਘਸਦੇ-ਘਸਾਉਂਦੇ ਕਲਮਾਂ, ਬੀਤੇ ਨੇ ਸਾਲ ਸੱਤਰ
ਲੈ-ਦੇ ਕੇ ਬੱਸ ਮਿਲੇ ਨੇ, ਕੁੱਝ ਮੈਨੂੰ ਮਾਣ-ਪੱਤਰ।

ਹੋਇਆ ਵੀ ਕੀ ਐ ਮਿੱਤਰ, ਬੰਜਰ ਹੈ ਭੋਇੰ ਜੇਕਰ
ਮੁੜਕਾ ਤੇ ਖ਼ੂਨ ਦੇ ਕੇ, ਕਰ ਲੈ ਤੂੰ ਇਸ ਨੂੰ ਵੱਤਰ।

ਤੁਰਿਆ ਉਹ ਬੇਪਛਾਤਾ, ਦੁਨੀਆਂ-ਜਹਾਨ ਵਿੱਚੋਂ
ਰੱਖਦਾ ਸੀ ਜੋ ਹਮੇਸ਼ਾ, ਜੇਬੀਂ ਪਛਾਣ-ਪੱਤਰ।

ਮਰਦੇ ਅਨੇਕਾਂ ਲੋਕੀਂ, ਖ਼ਬਰਾਂ ਵਿਹੂਣੇ ਮਰਦੇ
ਰਾਜੇ ਦੀ ਮੋਈ ਮੈਨਾ, ਖ਼ਲਕਤ ਹੋਈ ਇਕੱਤਰ।



ਪੁੱਛੋ ਨ ਖ਼ੌਫ਼ ਕੈਸਾ, ਜਿਹਨਾਂ 'ਤੇ ਭਾਰੂ ਹੋਇਐ
ਬੰਦੇ ਨੂੰ ਵੇਖ ਬੰਦਾ, ਜਾਂਦਾ ਹੈ ਹੁਣ ਭਮੱਤਰ।

'ਸੰਗੀਤ' ਸੀ ਥਿਰਕਦਾ, ਰੂਹਾਂ 'ਚ ਦੋਹਾਂ ਦੇ ਹੀ
ਮਹਿਕਾਂ-ਵਿਹੂਣੇ ਹੋਏ, ਅੱਜ ਸਾਰੇ ਪ੍ਰੇਮ-ਪੱਤਰ।

ਪ੍ਰੋ. ਨਵ ਸੰਗੀਤ ਸਿੰਘ
9417692015

## ਘੜਮੱਸ

ਚਾਰੇ ਪਾਸੇ
ਘੜਮੱਸ ਹੀ ਘੜਮੱਸ

ਸਮਾਂ ਨਹੀਂ
ਮਾਂ ਤੋਂ
ਆਸ਼ੀਰਵਾਦ ਲੈਣ ਦਾ
ਪੁੱਤਰ ਦੀਆਂ ਤੋਤਲੀਆਂ
ਆਵਾਜਾਂ ਸੁਣਨ ਦਾ

ਹੁਣ ਕੋਈ
ਰੁੱਖਾਂ ਨਾਲ ਬਾਤ ਨਹੀਂ ਪਾਉਂਦਾ
ਪਾਣੀ ਨਾਲ
ਅਠਖੇਲੀਆਂ ਨਹੀਂ ਕਰਦਾ
ਪੰਛੀਆਂ ਨੂੰ ਚੋਗਾ ਪਾਉਂਣਾ
ਬੀਤੇ ਦੀ ਗੱਲ

ਜਮਾਨੇ ਗੁਜਰ ਗਏ
ਪੈਦਲ ਤੁਰਿਆਂ ਨੂੰ
ਸਾਧਨ ਵਧ ਗਏ
ਸਮਾਂ ਘਟ ਗਿਆ

ਤਿੱਥ ਤਿਉਹਾਰ
ਵਿਆਹ ਸ਼ਾਦੀਆਂ
ਸਿਮਟ ਗਏ
ਘੰਟਿਆਂ ਚ

ਨਾ ਲੋਕ ਗੀਤ ਰਹੇ
ਨਾ ਲੋਕ ਗੀਤ ਜਿੱਡੀ
ਉਮਰ ਦਾ ਅਹਿਸਾਸ

ਪੈਸਾ
ਲਾਲਸਾਵਾਂ
ਵਧ ਗਇਈਆਂ
ਸਤੁੰਸ਼ਟੀ ਘੱਟ ਗਈ
ਸਬਰ ਨੂੰ ਫਾਂਸੀ ਲੱਗੀ
ਭਾਈਚਾਰਾ ਕੈਦ ਚ ਹੈ
ਘੱਟ ਬੋਲਣਾ ਸ਼ਾਨ ਬਣ ਗਿਆ

ਸੰਵੇਦਨਾਵਾਂ
ਸ਼ਬਦ
ਮਰ ਰਹੇ ਨੇ
ਸਾਝਾਂ ਫਿੱਕੀਆਂ ਪੈ ਗਇਈਆਂ
ਮਤਲਬ ਸਿਰ ਚੜ
ਲਲਕਾਰੇ ਮਾਰ ਰਿਹੈ

ਬਾਜ਼ਾਰ ਘਰਾਂ ਚ ਨੇ
ਪਰ ਚਿਹਰੇ ਉਦਾਸ ਨੇ

ਵਿਸ਼ਵੀਕਰਨ
ਪੂੰਜ਼ੀਵਾਦ ਦੇ ਥੱਪੜਾਂ ਨੇ
ਮਨੁੱਖ ਬੋਲ਼ਾ ਕਰ ਦਿੱਤਾ
ਕਿਰਤੀ ਪਿਸ ਰਿਹੈ
ਚੰਦ ਗੋਗੜਾਂ ਦੀ ਚੱਕੀ ਚ

ਹਾਕਮ ਤਾਨਾਸ਼ਾਹ
ਹਰ ਪਾਸੇ ਅਨਿਆਂ
ਮਰੀਆਂ ਜਮੀਰਾਂ ਵਾਲੇ
ਸਬਕ ਪੜ੍ਹਾ ਰਹੇ ਨੇ

ਨੌਜਵਾਨ ਪੀੜ੍ਹੀ
ਮੰਜ਼ਿਲੋਂ ਬੇਮੁੱਖ ਹੈ
ਕਿਤਾਬਾਂ ਦੀ ਥਾਂ
ਹੱਥਾਂ ਚ ਮੋਬਾਇਲ ਨੇ
ਕੈਟਰੀਨਾ
ਕੰਗਨਾ
ਸੰਨੀ
ਆਦਰਸ਼ ਬਣੇ
ਭਗਤ ਸਿੰਘ ਕੁੱਝ ਨਹੀਂ ਲਗਦਾ

ਜ਼ਿੰਦਗੀ ਦੀਆਂ
ਸਹੀ ਤੰਦਾਂ
ਹੱਥੋਂ ਨਿਕਲੀਆਂ

ਹੁਣ ਚਾਰੇ ਪਾਸੇ ਹੈ
ਘੜਮੱਸ ਹੀ ਘੜਮੱਸ


-ਦਿਲਬਾਗ ਰਿਉਂਦ

## ਸ਼ਹੀਦਾਂ ਦੇ ਸਿਰਤਾਜ

ਪਾਪੀ ਜ਼ੁਲਮ ਕਮਾਵੇ,
ਤੱਤੀ ਤਵੀ ਨੂੰ ਗ਼ਰੂਰ,
ਬੈਠੇ ਫੇਰ ਵੀ ਅਡੋਲ,
ਮੇਰੇ ਸ਼ਹਿਨਸ਼ਾਹ ਹਜ਼ੂਰ,
ਵੇਖ-ਵੇਖ ਕੇ ਜਲਾਦਾਂ-2
ਦੇ ਵੀ ਦਿਲ ਡਰਦੇ।
ਤੇਰਾ ਕੀਆ ਮੀਠਾ ਲਾਗੈ,
ਸੀ ਰਹੇ ਜਾਪ ਕਰਦੇ।

ਉਹ ਸ਼ਾਂਤੀ ਦੇ ਪੁੰਜ,
ਸਿਰਤਾਜ ਨੇ ਸ਼ਹੀਦਾਂ ਦੇ,
ਮੇਰੇ ਤਰਸਦੇ ਨੈਣ,
ਬੱਸ ਓਸ ਦੀਆਂ ਦੀਦਾਂ ਦੇ ,
ਤਪੇ ਸੀਨਿਆਂ ਚ ਅੱਗ ਨੂੰ,
ਜੋ ਠੰਢਾ ਕਰਦੇ,
ਤੇਰਾ ਕੀਆ ਮੀਠਾ ਲਾਗੈ,
ਸੀ ਰਹੇ ਜਾਪ ਕਰਦੇ


ਰਣਬੀਰ ਸਿੰਘ/ਪ੍ਰਿੰਸ

## ਪੰਜਾਬ

ਕਿੱਥੇ ਪੰਜਾਬ ਤੂੰ
ਤੂੰ ਕਹਿੰਦਾ ਤੂੰ
ਜਾਗ ਗਿਐ
ਕਿਹੜੇ ਤੂੰ ਰਾਹ ਪਿਆਂ

ਸਿਆਸਤ ਐਸੀ ਜਾਗ ਪਈ
ਕਿਸਾਨੀ ਕਿਹੜੀ ਰਾਹ ਪਈ
ਜਿਸ ਦਾ ਯਾਰ ਖ਼ਾਸ ਤੂੰ
ਖੂੰਜੀ ਖੁਰਲੀ ਵੜ ਗਿਆ

ਜਾਂ ਭੀੜ ਵਿੱਚ ਹੀ ਰਲ ਗਿਆ
ਜਾਂ ਅਕਾਸ਼ ਵਿੱਚ ਵੜ ਗਿਆ
ਪਾ ਕੇ ਬਣ ਚੋਰ ਦਾ ਕਿੱਥੇ ਖੜ ਗਿਆ
ਕਿਸ ਵਾਹਨ ਤੇ ਆ ਰਿਹਾ

ਕੱਛੂ ਦੀ ਚਾਲ ਤੇ ਚੱਲ ਰਿਹਾ
ਜਾ ਕੇ ਪੈਦਲ ਰਾਹ ਪਿਆਂ
ਕੰਡੇ ਦੀ ਚੁਭ ਤੋਂ ਲੰਗੜਾ ਰਿਹਾ
ਜਾ ਕੇ ਰਸਤਾ ਭੁੱਲ ਗਿਆ

ਹਨੇਰੇ ਚ ਰੁਲ਼ ਗਿਆ
ਜਾ ਕੇ ਅਕਾਸ਼ ਚੜ ਗਿਆ
ਕਿਧਰੇ ਪਿੱਛੇ ਰਹਿ ਗਿਆ
ਥੱਕ ਕਿਧਰੇ ਬਹਿ ਗਿਆ

ਸਭ ਕੁਝ ਤੋਂ ਜਾਣਦਾ
ਜਾਣ ਕੇ ਵੀ ਅਣਜਾਣ ਬਣਦਾ
ਜਾਂ ਤੋਂ ਦੀਵਾਨ ਹੋ ਗਿਆ
ਜਾਂ ਕੇ ਕਿੱਥੋਂ ਖੋਲ ਗਿਆ

ਮੰਜਿਲ ਪਈ ਉਡੀਕਦੀ
ਵਾਜਾਂ ਪਈ ਮਾਰਦੀ
ਕਿੱਥੋਂ ਤੈਨੂੰ ਮਾਰ ਪਈ
ਕਿਹੜੇ ਦਰਿਆਵਾਂ ਚ ਵਹਿ ਗਿਆ
ਮਿੱਟੀ ਵਿੱਚ ਤੋਂ ਖੁਰ ਗਿਆ

ਜਾ ਤੋਂ ਬਹੁਤ ਉਦਾਸ ਹਾਂ
ਲੱਭ ਕੋਈ ਧਰਵਾਸ ਹਾਂ
ਤੇਰੇ ਦਰ ਤੇ ਖੜ ਅਕਾਲ ਹੈ
ਗੁਰਮੁੱਖੀ ਮਿਲ਼ਨਾ ਦੀ ਆਸ ਹੈ

ਕਰਦੀ ਪਈ ਹੱਥ ਜੋੜ ਕੇ
ਗੁਰਬਿੰਦਰ ਅਰਦਾਸ ਹੈ
ਜਾ ਕਿ ਸਭ ਕੁਝ ਜਾਣਦੀ
ਹੋ ਗਈ ਤੋਂ ਅਨਜਾਣ ਹੈ

ਕੁਰਸੀ ਦੀ ਖ਼ਾਤਰ
ਬਣ ਬੈਠੀ ਅਣਜਾਣ ਤੋਂ
ਆਪਣੀ ਹੀ ਹੋਮ ਵਿਕਾਰ ਦੀ
ਹੋ ਚੁੱਕੀ ਦਾਸ ਤੋਂ
ਕਿੱਥੇ ਪੰਜਾਬ ਤੋਂ ਕਿੱਥੇ ਪੰਜਾਬ ਤੋਂ

ਗੁਰਬਿੰਦਰ ਕੌਰ ਠੱਟਾ ਟਿੱਬਾ

## ਕਵਿਤਾ

ਹਕੂਮਤੇ ਜ਼ੁਲਮ ਦੀਏ ਤੂੰ
ਤੱਤੀਆਂ ਤਵੀਆਂ 'ਤੇ ਸਾੜ ਸਾਨੂੰ
ਤੱਤੀਆਂ ਰੇਤਾਂ ਦੇਗਾਂ 'ਚ
ਉਬਾਲੇ ਚਰਖੜੀਆਂ 'ਤੇ ਚਾੜ ਸਾਨੂੰ
ਸੀ ਨਾ ਕਰੀਏ ਮਰਨੋਂ ਮੂਲ ਨਾ ਡਰੀਏ
ਤੇਰੇ ਜ਼ੁਲਮਾਂ ਨੂੰ ਅਸੀਂ ਹੱਸ ਹੱਸ ਜ਼ਰੀਏ

ਬੰਦ ਬੰਦ ਕੱਟ ਸਾਡਾ ਆਰੇ ਨਾਲ ਵਿਚੋਂ ਪਾੜ ਸਾਨੂੰ
ਖੋਪੜ ਵੀ ਲਾਹ ਸਾਡੇ ਤੇ ਫੂਕ ਵਿਚ ਰੂੰ ਤੇ ਨਾੜ ਸਾਨੂੰ
ਚੜ੍ਹਦੀਆਂ ਲਾਲੀਆਂ ਸਾਡੇ ਚਿਹਰਿਆਂ 'ਤੇ
ਦੇਖ ਅਸੀਂ ਕਿਵੇਂ ਹੱਸ ਹੱਸ ਮੀਏ
ਸੀ ਨਾ ਕਰੀਏ ਮਰਨੋਂ ਮੂਲ ਨਾ ਡਰੀਏ
ਤੇਰੇ ਜ਼ੁਲਮਾਂ ਨੂੰ ਅਸੀਂ ਹੱਸ ਹੱਸ ਜ਼ਰੀਏ।

ਜਮੂਰਾਂ ਨਾਲ ਮਾਸ ਤੋੜ ਦੇਗਾਂ ਵਿਚ ਦਿੱਤਾ ਕਾੜ ਸਾਨੂੰ
ਗੁਰੂ ਦੀਆਂ ਮੇਹਰਾਂ ਕਣ ਲੱਗਦੇ ਦੁੱਖਾਂ ਦੇ ਪਹਾੜ ਸਾਨੂੰ
ਕਲਗੀਧਰ ਦੀਆਂ ਮੇਹਰਾਂ ਸੀਸ ਬਿਨਾ ਵੀ ਲੜੀਏ,
ਅਸੀਂ ਮਰਕੇ ਵੀ ਨਾ ਮਰੀਏ
ਸੀ ਨਾ ਕਰੀਏ ਮਰਨੋਂ ਮੂਲ ਨਾ ਡਰੀਏ
ਤੇਰੇ ਜ਼ੁਲਮਾਂ ਨੂੰ ਅਸੀਂ ਹੱਸ ਹੱਸ ਜ਼ਰੀਏ।

ਸਿਂਘਦਾਰ ਇਕਬਾਲ ਸਿੰਘ

## ਕਿਲੇ ਦੀ ਹੋਣੀ.....

ਹੰਝੂਆਂ ਦੀ ਮਸ਼ਾਲ !

ਹੰਝੂ ਐਨੇ ਗਿਰੇ,
ਅੱਖ਼ੀਆਂ 'ਚੋਂ ਮੇਰੇ।
ਦੇਖਦੇ ਦੇਖਦੇ 'ਅਦਲੀ',
ਕਈ ਤਖ਼ਤ ਰੁੜ੍ਹੇ।

ਅੱਥਰੂ ਐਨੇ ਗਿਰੇ,
ਅੱਖ਼ੀਆਂ 'ਚੋਂ ਮੇਰੇ।
ਵਹਿੰਦੇ ਵਹਿੰਦੇ ਕਈ,
'ਬੁਝਦਿਲ' ਪੱਥਰ ਖੁਰੇ।

ਆਂਸੂ ਐਨੇ ਗਿਰੇ, ਮਾਰੂਥਲ ਵੀ,
ਸਮੁੰਦਰ ਬਣਿਆ।
ਤਪਸ਼ ਐਨੀ ਸੀ ਕਿ,
ਸਹਿਰਾ 'ਚ ਵੀ,ਨੇ ਪਏ ਗੜੇ।

ਮਾਲਾ ਮੋਤੀਆਂ ਦੀ,
ਅੱਖ਼ਾਂ 'ਚ ਐਸੀ ਉੱਤਰੀ।
ਮਹਿਲਾਂ ਵਾਲੇ, ਨਹਾਉਣ,
'ਡਰਦੇ' ਗੰਗਾ ਗਏ।

ਅੱਗ ਐਨੀ ਵਗ੍ਹੀ,
ਅੱਖ਼ੀਆਂ 'ਚੋਂ ਮੇਰੇ।
ਭਰ ਭਰ ਕੇ ਮਸ਼ਾਲਾਂ,
ਕਈ 'ਕਾਫ਼ਲੇ' ਤੁਰੇ।


ਜਸਪਾਲ ਜੱਸੀ

## ਕਵਿਤਾ

ਆਖੋ ਉਸਨੂੰ ਉਹ ਵੀ ਆਵੇ।
ਮਰਨ ਮਿਰੇ 'ਤੇ ਜਸ਼ਨ ਮਨਾਵੇ।

ਦੋ ਪਲ ਖੜ੍ਹਕੇ ਅਰਥੀ ਨੇੜੇ,
ਪਹਿਲਾਂ ਵਰਗੀ ਫਤਿਹ ਬੁਲਾਵੇ।

ਲੋਕਾਚਾਰੀ ਰੋਵੇ, ਡੁਸਕੇ,
ਬੇਸ਼ਕ ਅੰਦਰੋਂ ਲੁੱਡੀਆਂ ਪਾਵੇ।

ਲਟ ਲਟ ਬਲਨੀ ਚਿਖਾ ਜਦੋਂ ਹੈ,
ਗਾਨੀ, ਛੱਲਾ ਵਿੱਚ ਸੁੱਟ ਜਾਵੇ।

ਤੀਜੇ ਦਿਨ ਜਦ ਫੁੱਲ ਨੇ ਚੁਗਣੇ,
ਸਭ ਤੋਂ ਪਹਿਲਾ ਹੱਥ ਉਹ ਲਾਵੇ।

ਸ਼ਿਕਵੇ, ਰੋਸੇ ਭੁੱਲ ਜਾਵਾਂਗਾ,
ਭੋਗ ਮਿਰੇ ਤੱਕ ਪਿਆਰ ਨਿਭਾਵੇ।

'ਬੋਪਾਰਾਏ' ਨਾਂ ਦੀ ਤਖਤੀ,
ਲਾਹਕੇ ਦਿਲ ਤੋਂ ਪਰ੍ਹਾਂ ਵਗਾਵੇ।


ਭੁਪਿੰਦਰ ਸਿੰਘ ਬੋਪਾਰਾਏ
97797-91442

## ਜ਼ੀਰੋ ਤੋਂ ਹੀਰੋ......

ਜ਼ੀਰੋ ਤੋਂ ਹੀਰੋ ਬਣ ਕੇ,
ਲੋਕ ਫ਼ਿਰ ਰੱਬ ਨੂੰ ਭੁੱਲਦੇ।
ਹੰਕਾਰ ਵਿੱਚ ਫ਼ਸ ਕੇ ਉਹ,
ਵਾਂਗ ਫ਼ੇਰ ਕੱਖਾਂ ਰੁੱਲਦੇ।
ਜ਼ੀਰੋ ਤੋਂ ਹੀਰੋ......
ਲਾਲਚ ਵਿੱਚ ਪੈ ਜਾਂਦੇ ਨੇ,
ਪੈਸਾ ਹੀ ਪੈਸਾ ਦਿੱਖਦਾ।
ਪੈਸੇ ਦੇ ਪਿੱਛੇ ਡਿੱਗਦੇ,
ਈਮਾਨ ਵੀ ਵੇਖੀਂ ਵਿੱਕਦਾ।
ਚੈਨ ਪਰ ਆਵੇ ਕਿੱਦਾਂ,
ਅੰਦਰ ਹੀ ਅੰਦਰ ਘੁਲਦੇ।
ਜ਼ੀਰੋ ਤੋਂ ਹੀਰੋ.....
ਦਵਾਈਆਂ ਇਹ ਖਾ ਕੇ ਜੀਵਣ,
ਬੱਚੇ ਨਸ਼ਿਆਂ ਵਸ ਪੈਂਦੇ।
ਪੱਲੇ ਨਹੀਂ ਕੁਝ ਵੀ ਬਚਦਾ,
ਫ਼ੇਰ ਵੀ ਹੁੱਬ-ਹੁੱਬ ਬਹਿੰਦੇ ।
ਬਾਰੀਆਂ ਬਸ ਬੰਦ ਹੀ ਰੱਖਦੇ,
ਬੂਹੇ ਨਾ ਕਦੇ ਵੀ ਖੁੱਲਦੇ।
ਜ਼ੀਰੋ ਤੋਂ ਹੀਰੋ.....
ਲੋਕਾਂ ਨੂੰ ਲੁੱਟ ਲੁੱਟ ਖਾਂਦੇ,
ਹੱਸਦੇ ਪਰ ਨਕਲੀ ਹਾਸੇ।
ਧੁਰ ਤੱਕ ਇਹ ਦੁਖੀ ਨੇ ਹੁੰਦੇ,
ਰੋਂਦੇ ਜਾ ਆਸੇ ਪਾਸੇ।
ਘਰ ਵਿੱਚ ਨਾ ਸੁੱਖ ਸ਼ਾਂਤੀ,
ਝੰਡੇ ਪਰ ਹਵਾ 'ਚ ਝੁੱਲਦੇ।
ਜ਼ੀਰੋ ਤੋਂ ਹੀਰੋ.....
ਰੱਬ ਦਾ ਜੇ ਡਰ ਭਓ ਰੱਖੀਏ,
ਕਾਹਨੂੰ ਫ਼ੇਰ ਦੁੱਖੜੇ ਸਹੀਏ।
ਰੋਟੀ ਹੱਕ ਸੱਚ ਦੀ ਖਾ ਕੇ,
ਮਾਲਕ ਦੀ ਰਜ਼ਾ 'ਚ ਰਹੀਏ।
ਅੰਗ ਸੰਗ ਉਹ ਖੜ੍ਹਦਾ ਆ ਕੇ,
ਪਾਪੀਆਂ ਦੇ ਪਾਪ ਨੇ ਧੁੱਲਦੇ।
ਜ਼ੀਰੋ ਤੋਂ ਹੀਰੋ.....


ਮਨਜੀਤ ਕੌਰ ਧੀਮਾਨ
9464633059

## ਗਰੀਬ ਦੇ ਢਾਰੇ.....

ਵਾਅਦੇ ਕਰ ਕਰ ਲਾਏ ਲਾਰੇ।
ਅੰਨ੍ਹੀ ਬੌਲ਼ੀ ਸੁਣ ਸਰਕਾਰੇ।

ਹੱਸ ਹੱਸ ਜੋ ਗੱਲਾਂ ਕਰਦੇ,
ਆਖਰ ਹੁਣ ਓ ਰੋ ਰੋ ਹਾਰੇ।

ਤਕੜੇ ਨੂੰ ਗਲ਼ ਲਾਉਂਦੇ ਲੋਕੀ,
ਮਾੜੇ ਤਾਈਂ ਵਿਖਾਉਂਦੇ ਤਾਰੇ।

ਵਾੜ ਖੇਤ ਨਾ ਖਾਣ ਹੈ ਲੱਗੀ,
ਅੰਨਦਾਤਾ ਪਿਆ ਕੂਕ ਪੁਕਾਰੇ।

ਮਹਿਲਾਂ ਤੇ ਬਰਸਾਤ ਪਈ ਹੋਵੇ,
ਲੱਗੇ ਚੋਣ ਗਰੀਬ ਦੇ ਢਾਰੇ।

ਅਜੇ ਵੀ ਪਲ ਪਲ ਚੇਤੇ ਆਉਂਦੇ,
ਦਿਨ ਸੱਜਣਾਂ ਦੇ ਨਾਲ ਗੁਜ਼ਾਰੇ।

ਦਸ਼ਮ ਪਿਤਾ ਨੇ ਦੇਖ ਲੈ 'ਬੁਜਰਕ',
ਧਰਮ ਹੇਤ ਪੁੱਤ ਚਾਰੇ ਵਾਰੇ।


ਹਰਮੇਲ ਸਿੰਘ ਧੀਮਾਨ

## ਜਗਾ ਕੇ ਰੱਖਿਓ ਦੀਵੇ

ਜਗਾ ਕੇ ਰੱਖਿਓ ਦੀਵੇ
ਚਾਨਣ ਕੁਝ ਪਲ ਦਾ ਮਹਿਮਾਨ ਹੈ !!

ਹਨੇਰਾ ਮੁੱਢ ਕਦੀਮਾਂ ਤੋਂ
ਬੇਬਸਿਆਂ ਦੀ ਪਹਿਚਾਣ ਹੈ !!

ਇਸਕ ਨੇ ਡੀਕਿਆ ਖੇੜਾ
ਬੂਹਾਂ ਵੱਸਿਆ ਸਮਸਾਨ ਹੈ !!

ਜਮੀਰਾਂ ਮਾਰ ਕੇ ਜਿਉਣਾ
ਆਦਮ ਜਾਤ ਦਾ ਅਪਮਾਨ ਹੈ !!

ਮੀਨਾ ਮਹਿਰੋਕ

## ਚੰਗੀ ਲੱਗਦੀ

ਠੰਡੀ ਠੰਡੀ ਦਰਖਤਾਂ ਦੀ ਛਾਂ ਚੰਗੀ ਲੱਗਦੀ,
ਦੁੱਖ ਵੇਲੇ ਸਾਨੂੰ ਸਾਡੀ ਮਾਂ ਚੰਗੀ
ਲੱਗਦੀ।
ਲੋੜ ਵੇਲੇ ਕੀਤੀ ਹੋਈ ਹਾਂ ਚੰਗੀ ਲੱਗਦੀ,
ਉਡੀਕ ਵੇਲੇ ਕਾਂ ਦੀ ਕਾਂ ਕਾਂ
ਚੰਗੀ ਲੱਗਦੀ।
ਟਿਕੀ ਰਾਤ ਵਿੱਚ ਚੁੱਪ ਚਾਂ ਚੰਗੀ
ਲੱਗਦੀ,
ਰਣ ਵਿੱਚ ਭਾਈਆਂ ਦੀ ਬਾਂਹ ਚੰਗੀ ਲੱਗਦੀ।
ਲਾਰੇ ਲੱਪੇ ਲਾਉਣ ਨਾਲੋਂ ਨਾਂਹ
ਚੰਗੀ ਲੱਗਦੀ,
ਮੇਲੇ ਵਿੱਚ ਵਾਜਿਆਂ ਦੀ ਪਾਂ ਪਾਂ
ਚੰਗੀ ਲੱਗਦੀ।
ਪੱਤੋ, ਨੂੰ ਸ਼ਾਂਤ ਜਿਹੀ ਥਾਂ ਚੰਗੀ ਲੱਗਦੀ।

ਹਰਪ੍ਰੀਤ ਪੱਤੋ
94658-21417

## ਸਾਰਿਆਂ ਦਾ ਅੰਨਦਾਤਾ

ਸਾਡਾ ਸਾਰਿਆਂ ਦਾ ਅੰਨਦਾਤਾ ਕਿਸਾਨ ਹੈ,
ਪਰ ਇਹ ਗੱਲ ਸਮਝਦਾ ਨਾ ਹੁਕਮਰਾਨ ਹੈ।
ਖੇਤਾਂ ਵਿੱਚ ਉਹ ਦਿਨ-ਰਾਤ ਕੰਮ ਕਰੇ,
ਆਪਣੇ ਢਿੱਡ ਦਾ ਵੀ ਨਾ ਉਹ ਫ਼ਿਕਰ ਕਰੇ।
ਜਦ ਤੱਕ ਫਸਲ ਉਸ ਦੇ ਘਰ ਨਾ ਆਵੇ,
ਉਸ ਦੇ ਖਰਾਬ ਹੋਣ ਦੀ ਉਸ ਨੂੰ ਚਿੰਤਾ ਸਤਾਵੇ।
ਜਦ ਉਸ ਦੀ ਫਸਲ ਮੰਡੀ ਦੇ ਵਿੱਚ ਰੁਲੇ,
ਹੁਕਮਰਾਨ ਤੇ ਉਸ ਨੂੰ ਡਾਢਾ ਗੁੱਸਾ ਚੜ੍ਹੇ।
ਕੌਡੀਆਂ ਦੇ ਭਾਅ ਉਸ ਨੂੰ ਇਹ ਵੇਚਣੀ ਪਵੇ,
ਲਾਗਤ ਦਾ ਮੁੱਲ ਵੀ ਨਾ ਉਸ ਨੂੰ ਮਿਲੇ।
ਕਰਜ਼ਾ ਲੈ ਕੇ ਉਹ ਫਸਲ ਬੀਜੇ ਤੇ ਵੱਢੇ,
ਇਹ ਨਾ ਮੁੜੇ, ਤਾਂ ਉਹ ਖ਼ੁਦਕੁਸ਼ੀ ਕਰੇ।
ਹੁਣ ਨਵਾਂ ਹੀ ਪੰਗਾ ਪਾ ਦਿੱਤਾ ਹੁਕਮਰਾਨ ਨੇ,
ਤਿੰਨ ਖੇਤੀ ਕਨੂੰਨ ਬਣਾ ਦਿੱਤੇ ਬੇਈਮਾਨ ਨੇ।
ਉਸ ਨੂੰ ਚੰਗੇ ਲੱਗਣ ਕਾਰਪੋਰੇਟ ਘਰਾਣੇ,
ਕਿਸਾਨ ਨੂੰ ਲੁੱਟ ਕੇ ਉਹ ਹੋਰ ਅਮੀਰ ਬਣਾਣੇ।
ਆਓ ਸਾਰੇ ਰਲ ਕੇ ਕਿਸਾਨ ਨੂੰ ਬਚਾਈਏ,
ਉਸ ਨੂੰ ਬਚਾਣ ਵਿੱਚ ਆਪਣਾ ਹਿੱਸਾ ਪਾਈਏ।
ਵੇਲਾ ਬੀਤ ਗਿਆ ਫਿਰ ਹੱਥ ਨਹੀਂ ਆਣਾ,
ਵੇਲਾ ਸੰਭਾਲ ਲਓ, ਪਿੱਛੋਂ ਪਏ ਨਾ ਪਛਤਾਣਾ।

ਮਹਿੰਦਰ ਸਿੰਘ ਮਾਨ
9915803554



## ਜਿੰਦਗੀ ਰੰਗ-ਬਰੰਗੀ

ਜਿੰਦਗੀ ਰੰਗ-ਬਰੰਗੀ
ਕਦੇ ਦੁੱਖਾਂ ਦੀ ਢੇਰੀ ਏ।
ਫੇਰ ਵੀ ਹੱਸਦਾ ਰਹਿੰਦਾ ਸੱਜਣਾ
ਕਿੰਨੀ ਹਿੰਮਤ ਤੇਰੀ ਏ।
ਪਿਛਲੀ ਪਹਿਰ ਦੇ ਦੀਵੇ ਵਾਂਗਾਂ
ਭੜਕਾਂਗਾ ਬੁਝ ਜਾਵਾਂਗਾ,
ਜ਼ੁਲਮ ਦਿਆਂ ਤੂਫ਼ਾਨਾਂ ਦੀ ਕਿਉਂ,
ਐਸੀ ਸੋਚ ਘਨੇਰੀ ਏ।
ਫੇਰ ਵੀ ਹੱਸਦਾ ਰਹਿੰਦਾ ਸੱਜਣਾ
ਕਿੰਨੀ ਹਿੰਮਤ ਤੇਰੀ ਏ।
ਮੁੱਦਤਾਂ ਤੋਂ ਅਹਿਸਾਸ ਦੇ ਝੱਖੜ,
ਇਹਨੂੰ ਪੁੱਟਣਾ ਚਾਹੁੰਦੇ ਨੇ,
ਮੇਰੇ ਜਿਸਮ ਦੇ, ਬਾਗ ਦੇ ਵਿੱਚ
ਇੱਕ, ਰੂਹ ਦੀ ਸੁੱਕੀ ਬੇਰੀ ਏ।
ਜਿੰਦਗੀ ਰੰਗ-ਬਰੰਗੀ
ਕਦੇ ਦੁੱਖਾਂ ਦੀ ਢੇਰੀ ਏ।
ਫੇਰ ਵੀ ਹੱਸਦਾ ਰਹਿੰਦਾ ਸੱਜਣਾ
ਕਿੰਨੀ ਹਿੰਮਤ ਤੇਰੀ ਏ।
ਡਿਗ ਕੇ ਜੱਗ ਦੀਆਂ ਨਜ਼ਰਾਂ ਵਿੱਚੋਂ
ਜਿਹੜਾ ਪਿਆਸ ਬੁਝਾਂਦਾ ਏ,
ਸੁੱਖ ਦੇ ਉਸ ਸ਼ਰਬਤ ਤੋਂ ਮੈਨੂੰ,
ਦੁੱਖ ਦੀ ਜ਼ਹਿਰ ਚੰਗੇਰੀ ਏ।
ਜਿੰਦਗੀ ਰੰਗ-ਬਰੰਗੀ
ਕਦੇ ਦੁੱਖਾਂ ਦੀ ਢੇਰੀ ਏ।
ਫੇਰ ਵੀ ਹੱਸਦਾ ਰਹਿੰਦਾ ਸੱਜਣਾ
ਕਿੰਨੀ ਹਿੰਮਤ ਤੇਰੀ ਏ।
ਯਾਦਾਂ ਨੇ, ਟੰਗਿਆ ਸੂਲੀ ਤਾਹੀਉਂ
ਸੱਚ ਕਹਿਣਾ, ਮੂੰਹ ਤੇ ਕਹਿਣਾ,
ਸ਼ਾਇਦ ਮਜਬੂਰੀ ਏ,
ਜਿੰਦਗੀ ਰੰਗ-ਬਰੰਗੀ
ਕਦੇ ਦੁੱਖਾਂ ਦੀ ਢੇਰੀ ਏ।
ਫੇਰ ਵੀ ਹੱਸਦਾ ਰਹਿੰਦਾ ਸੱਜਣਾ
ਕਿੰਨੀ ਹਿੰਮਤ ਤੇਰੀ ਏ।


ਕੁਲਦੀਪ ਸਿੰਘ ਸਾਹਿਲ
9417990040

Dosanjh Family AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD